Skyways
TRUCK DRIVING SCHOOL
Class 1A, 3A & Air Brake Training
Certified trainers with over 16 years experience.
Financing Available
Tariq Hameed
Babir Hameed
Shamshair Tariq
ਆਪਣੀ ਬੋਲੀ ਵਿੱਚ ਟਰੱਕ ਸਿੱਖਣ ਲਈ ਸੰਪਰਕ ਕਰੋ:
Follow us on @skywaystds
2110 Winnipeg St North Regina (SK) S0G 5K0
Call Toll Free: 1-844 468 6912
www.skywaystrucking.ca

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 | Regina/Saskatoon : 639 999 1000 : Winnipeg 431 733 3000
Chief Editor : Harbans Buttar

For All your Real Estate Needs
Amandeep Dhaliwal
REALTOR®
Cell: 306-241-8501
ਕੋਈ ਵੀ ਬਿਜਨਿਸ ਪ੍ਰਾਪਰਟੀ
ਜਾਂ ਘਰ ਖਰੀਦਣਾ/ਵੇਚਣਾ ਹੋਵੇ ਤਾਂ
ਅਮਨਦੀਪ ਧਾਲੀਵਾਲ ਨਾਲ ਗੱਲਬਾਤ ਕਰੋ।
ROYAL LEPAGE
Saskatoon Real Estate
Independently Owned and Operated, Broker

Vol: 9 No: 194 Website : www.punjabiakhbaar.ca Email: editor@punjabiakhbaar.ca Friday, 22 April 2022

## ਕਨੇਡਾ ਦੇ ਟਰਾਂਸਪੋਰਟ ਮੰਤਰੀ ਕਨੇਡੀਅਨ ਬਜ਼ੁਰਗਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਬਾਰੇ ਦੱਸਣ ਲਈ ਕੈਲਗਰੀ ਆਏ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੀ ਫੈਡਰਲ ਸਰਕਾਰ ਵੱਲੋਂ ਪੇਸ਼ ਕੀਤੇ ਗਏ ਬਜਟ ਤੋਂ ਬਾਅਦ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਉਪ ਪ੍ਰਧਾਨਮੰਤਰੀ ਕ੍ਰਿਸਟੀਆ ਫਰੀਲੈਂਡ ਅਤੇ ਕੈਬਨਿਟ ਦੇ ਵੱਖ ਵੱਖ ਮੰਤਰੀਆਂ ਵੱਲੋਂ ਦੇਸ਼ ਭਰ ਵਿੱਚ ਜਾ ਕੇ ਇਸ ਬਜਟ ਦੀਆਂ ਵਿਸ਼ੇਸ਼ਤਾਵਾਂ ਦੱਸੀਆਂ ਜਾ ਰਹੀਆਂ ਹਨ ਇਸੇ ਲੜੀ ਤਹਿਤ ਟਰਾਂਸਪੋਰਟ ਮੰਤਰੀ ਉਮਰ ਅਲਗਬਰਾ ਬੀਤੀ 19 ਅਪਰੈਲ ਨੂੰ ਕੈਲਗਰੀ ਦੀ ਦਸਮੇਸ਼ ਕਲਚਰ ਸੀਨੀਅਰ ਸਿਟੀਜ਼ਨ ਸੁਸਾਇਟੀ ਵਿਖੇ ਪਹੁੰਚੇ ਅਤੇ ਬਜ਼ੁਰਗਾਂ ਲਈ ਅਹਿਮ ਐਲਾਨ ਕੀਤੇ। ਉਨ੍ਹਾਂ ਦੱਸਿਆ ਕਿ ਸਾਲ 2022-23 ਵਿੱਚ ਓਲਡ ਏਜ ਸਕਿਉਰਟੀ ਪ੍ਰੋਗਰਾਮ ਤਹਿਤ 68 ਬਿਲਿਅਨ ਡਾਲਰ ਦੇ ਕਰੀਬ ਮੁਹੱਈਆ ਕਰਵਾਏ ਜਾ ਰਹੇ ਹਨ ਜੋ ਕਿ ਸਾਲ 2026 -27 ਵਿੱਚ ਵਧਾ ਕੇ 87 ਬਿਲੀਅਨ ਡਾਲਰ ਦੇ ਕਰੀਬ ਕਰ ਦਿੱਤੇ ਜਾਣਗੇ। ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਪੰਜ ਸਾਲਾਂ ਦੇ ਸਮੇਂ ਦੌਰਾਨ ਬਜ਼ੁਰਗਾਂ ਦੀ ਡੈਂਟਲ ਕੇਅਰ ਉੱਪਰ 5 ਬਿਲੀਅਨ ਤੋਂ ਜਿਆਦਾ ਡਾਲਰ ਖਰਚੇ ਜਾਣਗੇ। ਇਸ ਤੋਂ ਇਲਾਵਾ ਇਸ ਸਾਲ ਅਸੈਸਬਿਲਟੀ ਟੈਕਸ ਕ੍ਰੈਡਿਟ ਵੀਹ ਹਜਾਰ ਡਾਲਰ ਤੱਕ ਕਰਨ ਦਾ ਐਲਾਨ ਕੀਤਾ ਗਿਆ। ਉਹ ਬਜ਼ੁਰਗ ਜਿਨ੍ਹਾਂ ਨੂੰ ਅਫੋਰਡੇਬਲ ਹਾਊਸਿੰਗ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਹਨਾਂ ਲਈ ਇਕਮੁਸ਼ਤ ਪੰਜ ਸੌ ਡਾਲਰ ਦੇਣ ਲਈ 475 ਮਿਲੀਅਨ ਡਾਲਰ ਰੱਖੇ ਗਏ ਹਨ। ਇਸ ਮੌਕੇ ਤੇ ਗੁਰਦੁਆਰਾ ਦਸਮੇਸ਼ ਕਲਚਰ ਸੈਂਟਰ ਦੇ ਪ੍ਰਧਾਨ ਅਮਨਪ੍ਰੀਤ ਸਿੰਘ ਗਿੱਲ ਕਮੇਟੀ ਮੈਂਬਰ ਅਤੇ ਵੱਡੀ ਗਿਣਤੀ ਵਿੱਚ ਬਜ਼ੁਰਗ ਹਾਜ਼ਰ ਸਨ

## ਕਨੇਡੀਅਨ ਵਿਦੇਸ਼ ਮੰਤਰੀ ਮਿਲੇਨੀ ਜੋਲੀ ਦਾ ਕਹਿਣਾ ਹੈ ਕਿ ਕੈਨੇਡਾ ਵੱਲੋਂ ਰੂਸ ਉੱਪਰ ਪਾਬੰਦੀਆਂ ਜਾਰੀ ਰਹਿਣਗੀਆਂ



ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਯੂਕਰੇਨ ਉੱਤੇ ਧਾਵਾ ਬੋਲਣ ਦੇ ਸਬੰਧ ਵਿੱਚ ਕੈਨੇਡਾ ਵੱਲੋਂ ਵੀ ਰੂਸ ਉੱਤੇ ਨਵੀਆਂ ਪਾਬੰਦੀਆਂ ਲਾਈਆਂ ਗਈਆਂ ਹਨ। ਇਨ੍ਹਾਂ ਨਵੀਆਂ ਪਾਬੰਦੀਆਂ ਤਹਿਤ ਕੈਨੇਡਾ ਵੱਲੋਂ ਰੂਸ ਦੀ ਰੱਖਿਆ ਇੰਡਸਟਰੀ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਵਿਦੇਸ਼ ਮੰਤਰੀ ਮਿਲੇਨੀ ਜੋਲੀ ਦਾ ਕਹਿਣਾ ਹੈ ਕਿ ਨਵੇਂ ਮਾਪਦੰਡਾਂ ਤਹਿਤ ਰੂਸ ਦੇ ਰੱਖਿਆ ਖੇਤਰ ਦੀਆਂ 33 ਇਕਾਈਆਂ ਉੱਤੇ ਪਾਬੰਦੀਆਂ ਲਾਈਆਂ ਗਈਆਂ ਹਨ। ਉਨ੍ਹਾਂ ਆਖਿਆ ਕਿ ਜਿਹੜੀਆਂ ਆਰਗੇਨਾਈਜ਼ੇਸ਼ਨਜ਼ ਸਿੱਧੇ ਜਾਂ ਅਸਿੱਧੇ ਤੌਰ ਉੱਤੇ ਰੂਸੀ ਫੌਜ ਦੀ ਮੱਦਦ ਕਰਦੀਆਂ ਹਨ, ਉਨ੍ਹਾਂ ਨੂੰ ਰੂਸ ਵੱਲੋਂ ਯੂਕਰੇਨ ਉੱਤੇ ਕੀਤੀ ਚੜ੍ਹਾਈ ਦਾ ਖਮਿਆਜਾ ਭੁਗਤਣਾ ਪਵੇਗਾ। ਜਿਨ੍ਹਾਂ ਆਰਗੇਨਾਈਜ਼ੇਸ਼ਨਜ਼ ਉੱਤੇ ਗਾਜ ਗਿਰੇਗੀ ਉਨ੍ਹਾਂ ਵਿੱਚ ਮਾਸਕੋ ਇੰਸਟੀਚਿਊਟ ਆਫ ਫਿਜ਼ਿਕਸ ਐਂਡ ਟੈਕਨੋਲਾਜੀ, ਐਸਪੀਬੀ ਤੇ ਸ਼ਿੱਪਯਾਰਡ ਵਿੰਪਲ ਜੇਐਸਸੀ ਸ਼ਾਮਲ ਹਨ।ਇੱਕ ਬਿਆਨ ਜਾਰੀ ਕਰਦਿਆਂ ਜੋਲੀ ਨੇ ਆਖਿਆ ਕਿ ਕੈਨੇਡਾ ਹਮੇਸ਼ਾਂ ਯੂਕਰੇਨ ਦੇ ਨਾਲ ਖੜ੍ਹਾ ਰਿਹਾ ਹੈ ਤੇ ਅੱਗੇ ਵੀ ਖੜ੍ਹਾ ਰਹੇਗਾ। ਉਨ੍ਹਾਂ ਆਖਿਆ ਕਿ ਆਪਣੀ ਆਜ਼ਾਦੀ ਲਈ ਲੜਨ ਵਾਲੇ ਨਿਡਰ ਤੇ ਦਲੇਰ ਔਰਤਾਂ ਤੇ ਮਰਦਾਂ ਨੂੰ ਸਮਰਥਨ ਦੇਣਾ ਅਸੀਂ ਜਾਰੀ ਰੱਖਾਂਗੇ ਤੇ ਵਧੀਕੀਆਂ ਕਰਨ ਵਾਲਿਆਂ ਨੂੰ ਜਵਾਬਦੇਹ ਠਹਿਰਾਇਆ ਜਾਵੇਗਾ।

## ਜਹਾਂਗੀਰਪੁਰੀ ਹਿੰਸਾ: ਦਿੱਲੀ ਪੁਲੀਸ ਨੇ ਗ੍ਰਹਿ ਮੰਤਰਾਲੇ ਨੂੰ ਰਿਪੋਰਟ ਸੌਂਪੀ



ਨਵੀਂ ਦਿੱਲੀ (ਪੰਜਾਬੀ ਅਖਬਾਰ ਬਿਊਰੋ)- ਜਹਾਂਗੀਰਪੁਰੀ ਹਿੰਸਾ ਮਾਮਲੇ ਵਿੱਚ ਦਿੱਲੀ ਪੁਲੀਸ ਨੇ ਬੀਤੇ ਮੰਗਲਵਾਰ ਨੂੰ ਗ੍ਰਹਿ ਮੰਤਰਾਲੇ ਨੂੰ ਆਪਣੀ ਮੁਢਲੀ ਜਾਂਚ ਰਿਪੋਰਟ ਸੌਂਪ ਦਿੱਤੀ। ਰਿਪੋਰਟ ਵਿੱਚ ਉੱਤਰ-ਪੱਛਮੀ ਦਿੱਲੀ ਦੇ ਜਹਾਂਗੀਰਪੁਰੀ ਇਲਾਕੇ ਵਿੱਚ ਬੀਤੇ ਸ਼ਨਿਚਰਵਾਰ ਸ਼ਾਮ ਹਨੂੰਮਾਨ ਜੈਅੰਤੀ ਦੇ ਮੌਕੇ 'ਤੇ ਕੱਢੇ ਗਏ ਜਲੂਸ ਨੂੰ ਲੈ ਕੇ ਹੋਏ ਦੰਗਿਆਂ ਦੇ ਵੇਰਵੇ ਸ਼ਾਮਲ ਹਨ।

ਦਿੱਲੀ ਪੁਲੀਸ ਨੇ ਰਿਪੋਰਟ ਵਿੱਚ ਘਟਨਾ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੰਦਿਆ ਪੁਲੀਸ ਵੱਲੋਂ ਇਲਾਕੇ ਵਿੱਚ ਆਮ ਸਥਿਤੀ ਬਹਾਲ ਕਰਨ ਲਈ ਕੀਤੀ ਗਈ ਕਾਰਵਾਈ ਬਾਰੇ ਵੀ ਦੱਸਿਆ ਹੈ। ਸੂਤਰਾਂ ਨੇ ਦੱਸਿਆ ਕਿ ਇਲਾਕੇ ਵਿੱਚ ਨਿਗਰਾਨੀ ਰੱਖਣ ਲਈ ਡਰੋਨਾਂ ਦੀ ਵਰਤੋਂ ਕੀਤੀ ਗਈ, ਜਦੋਂ ਕਿ ਘਟਨਾ ਵਿੱਚ ਕਿਸੇ ਤਰ੍ਹਾਂ ਦੀ ਸਾਜ਼ਿਸ਼ ਹੋਣ ਦਾ ਪਤਾ ਲਗਾਉਣ ਲਈ ਸੋਸ਼ਲ ਮੀਡੀਆ ਸਮੂਹਾਂ ਦੀ ਜਾਂਚ ਵੀ ਕੀਤੀ ਜਾ ਰਹੀ ਹੈ। ਪੁਲੀਸ ਨੇ ਰਿਪੋਰਟ ਵਿੱਚ ਇਹ ਵੀ ਕਿਹਾ ਹੈ ਕਿ ਜਹਾਂਗੀਰਪੁਰੀ ਦੰਗੇ ਇੱਕ ਅਪਰਾਧਿਕ ਸਾਜ਼ਿਸ਼ ਸਨ ਤੇ ਪੁਲੀਸ ਨੇ ਝੜਪਾਂ ਵਿੱਚ ਵਰਤੇ ਗਏ ਹਥਿਆਰ ਜ਼ਬਤ ਕੀਤੇ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਲਾਕੇ ਵਿੱਚ ਲੋੜੀਂਦੀ ਗਿਣਤੀ ਵਿੱਚ ਪੁਲੀਸ ਕਰਮਚਾਰੀ ਤਾਇਨਾਤ ਕੀਤੇ ਗਏ ਹਨ ਅਤੇ ਪੂਰੇ ਇਲਾਕੇ ਨੂੰ ਏਡੀਸੀਪੀ ਰੈਂਕ ਦੇ ਅਧਿਕਾਰੀ ਦੀ ਨਿਗਰਾਨੀ ਹੇਠ ਬਲਾਕਾਂ ਵਿੱਚ ਵੰਡਿਆ ਗਿਆ ਹੈ। ਇਹ ਵੀ ਦੱਸਿਆ ਗਿਆ ਹੈ ਕਿ ਮਾਮਲਾ ਦਿੱਲੀ ਪੁਲੀਸ ਦੀ ਅਪਰਾਧ ਸ਼ਾਖਾ ਨੂੰ ਟਰਾਂਸਫਰ ਕਰ ਦਿੱਤਾ ਗਿਆ ਹੈ। ਬੀਤੇ ਸ਼ਨਿਚਰਵਾਰ ਨੂੰ ਹਿੰਸਾ ਭੜਕਣ ਦੇ ਤੁਰੰਤ ਬਾਅਦ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਦਿੱਲੀ ਦੇ ਪੁਲੀਸ ਕਮਿਸ਼ਨਰ ਰਾਕੇਸ਼ ਅਸਥਾਨਾ ਨਾਲ ਗੱਲ ਕੀਤੀ ਸੀ ਅਤੇ ਉਨ੍ਹਾਂ ਨੂੰ ਹਿੰਸਾ ਦੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਲਈ ਕਿਹਾ ਸੀ। ਦਿੱਲੀ ਪੁਲੀਸ ਨੇ ਇਸ ਮਾਮਲੇ ਵਿੱਚ ਹੁਣ ਤੱਕ 23 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਵਿੱਚ ਕਥਿਤ ਮੁੱਖ ਸਾਜ਼ਿਸ਼ਕਰਤਾ ਅੰਸਾਰ ਸਮੇਤ ਦੋ ਨਾਬਾਲਗ ਵੀ ਸ਼ਾਮਲ ਹਨ।

Universal Immigration Consultancy
UIC Immigration Consultant
Paramjit Kaur
param@uicimmigration.com
www.uicimmigration.com
Phone: 306-914-8555 | Office: 306-546-0502
To help you attain your goals for immigration to Canada through...
- Provincial Nominee Programs
- Express Entry
- Family/ Spouse Sponsorship
- Work Permit, Visitor Visa
- PR Card and Citizenship
- Prepare Immigration applications or related documents
- Student Recruitment and Student visa, SINP, TR to PR,
ਇਮੀਗ੍ਰੇਸ਼ਨ ਦੇ ਕਿਸੇ ਵੀ ਮਸਲੇ ਬਾਰੇ ਜਾਣਕਾਰੀ ਅਤੇ ਉਹਦੇ ਹੱਲ ਸੰਬੰਧੀ ਯੂਨੀਵਰਸਲ ਇਮੀਗ੍ਰੇਸ਼ਨ ਵਾਲਿਆਂ ਨੂੰ ਕਾਲ ਕਰੋ।
Unit#4-3000 Diefenbaker Dr, Saskatoon (SK) S7L7K2 (Near Superstore West)
Regulated Canadian Immigration Consultant, CEO Member of ICCRC

APNA BAZAAR
SOUTH ASIAN GROCERY STORE
ਆਪਣਾ ਬਜ਼ਾਰ ਸਾਊਥ ਏਸ਼ੀਅਨ ਗਰੌਸਰੀ ਸਟੋਰ
ਤਾਜੀਆਂ ਸਬਜੀਆਂ, ਦਾਲਾਂ, ਮਸਾਲੇ, ਆਟਾ, ਵੇਸਣ, ਆਚਾਰ, ਮੁਰੱਬੇ, ਬਰਤਨ ਆਦਿ ਨਿੱਤ ਦੀ ਵਰਤੋਂ ਵਾਲਾ ਸਾਰਾ ਸਮਾਨ ਇੱਕੋ ਛੱਤ ਹੇਠ ਮਿਲਦਾ ਹੈ।
102 Hampton Cir #40, Saskatoon, SK S7R 0B7
PH: 306 491 4742

ਸੈਸਕਾਟੂਨ ਵਿਖੇ ਪੰਜਾਬੀ ਅਖਬਾਰ ਲਈ ਪੱਤਰਕਾਰ / ਸੇਲਜ਼ਮੈਨ ਦੀ ਲੋੜ ਹੈ।
ਕਾਲ : ਹਰਬੰਸ ਬੁੱਟਰ
ਸੰਪਾਦਕ : ਪੰਜਾਬੀ ਅਖਬਾਰ
403 640 2000

CENTURY 21 Fusion
RANDY SINGH
Saskatoon REALTOR®
306.361.7810
randy.singh@century21.ca
randysinghrealty.com
Call me today!

NIRMAL TRUCK DRIVING SKILLS
1A, 3A, (Air Brake) TRAINING (SGI APPROVED)
ACCORDING TO NEW MELT PROGRAM
Surjit Singh
(Truck Instructor)
1-306-450-2129
ਸੜਕਾਂ ਉੱਪਰ ਸਫਲਤਾ ਨਾਲ ਸੁਰੱਖਿਅਤ ਡਰਾਈਵਿੰਗ ਕਰ ਰਹੇ ਨਿਰਮਲ ਟਰੱਕ ਡਰਾਈਵਿੰਗ ਸਕਿੱਲ (ਸਕੂਲ) ਦੇ ਡਰਾਈਵਰਾਂ ਉੱਪਰ ਸਾਨੂੰ ਮਾਣ ਹੈ
ਐਸ ਜੀ ਆਈ ਦੇ ਨਿਯਮਾਂ ਅਨੁਸਾਰ ਨਵੇਂ ਮੈਲਟ ਪ੍ਰੋਗਰਾਮ ਤਹਿਤ ਟਰੱਕਾਂ ਦੀ ਟਰੇਨਿੰਗ ਦਿੱਤੀ ਜਾਂਦੀ ਹੈ
NIRMALTRUCKDRIVING@gmail.com
1-115 71st Street W Saskatoon SK S7R 1B4
ਤਜਰਬੇਕਾਰ ਸਟਾਫ
ਏਅਰ ਬਰੇਕ ਟਰੇਨਿੰਗ
Classes Available In: English, Hindi, Punjabi, Urdu

Falcon TRANSPORT Inc.
Hiring New Drivers and Owner Operators
Great Mile Rates
Dedicated Runs
New Automatic Truck
Local/Long Haul US - Canada Runs
Home time every weekend
SINP/LMIA ਲਈ ਵੀ ਮਦਦ ਕਰਦੇ ਹਾਂ
ਟਰੱਕ ਡਰਾਈਵਰਾਂ ਅਤੇ ਓਨਰ ਅਪਰੇਟਪਰਾਂ ਦੀ ਲੋੜ ਹੈ।
Balpreet Singh
Tel:306-952-4977 Cell: 306-212-0246
Email: falcontransport86@gmail.com
Website: Falcontansport.ca

Always Fresh
Always Delicious
OPEN
11am - Midnight
ਪਹਿਲੀ ਅਤੇ ਆਖਰੀ ਬਾਈਟ ਦੀ ਤਸੱਲੀ ਦਾ ਨਾਂ ਹੀ ਪੀਜ਼ਾ ਬਾਈਟ ਐ !
Pizza Bite
Perfect place for Perfect taste
Authentic Indian Curry and Sweet House
- Pizza and Indian Food
- Indian Sweets
- Tiffin Service
- Catering
Pizzabite saskatoon
Pizza Bite
www.pizzabite.ca
Call - (306)954-0011 , (306)-954-0077
#2 606 22nd St West Saskatoon , SK.

WARD TIRECRAFT
COMMERCIAL AGRICULTURE PASSENGER
HD ALIGNMENT
CERTIFIED SGI INSPECTION STATION
ਜਾਨਦਾਰ ਤੇ ਵਜਨਦਾਰ ਨਵੇਂ ਟਾਇਰ ਖਰੀਦਣ ਲਈ ਸਾਡੇ ਸਟੋਰ ਤੇ ਆਉ
Enjoy Greater Vehicle Performance With Our Wide Selection of Quality Tires From Leading Brands!
Free Installation & Balance on set of 4
10% OFF
10% off on semi truck alignment when you buy 2 new steer tires.
FREE SERVICES
Free installation and balancing with purchase of 4 passenger tires
CALL TODAY FOR AN ESTIMATE!
(306) 230-9025, (306) 715-8716
801 - 48th Street East, Saskatoon, SK S7K 0X5
www.wardtires.com
UNIROYAL Laufenn Hankook GENERAL TIRE BFGoodrich COOPER TIRES TOYO TIRES MICHELIN HERCULES TIRES GOODYEAR BRIDGESTONE FALKEN GT RADIAL Firestone Continental YOKOHAMA KUMHO TIRE PIRELLI

INNOVATIVE STONECRAFT
CRAFTED STONE VENEER
306.591.0670
PARMJOT MAAN
PROUDLY WESTERN CANADIAN
CANADIAN MADE
Your 1st choice for Manufactured STONE CLADDING needs in Residential & Commercial Projects.
CALL NOW!
FOLLOW US
1D, 820 51st St E Saskatoon SK S7K0X8
FREE ESTIMATES
BEST PRICE GUARANTEE
We ship across Western Canada.
INFO@INNOVATIVESTONECRAFT.CA
WWW.INNOVATIVESTONECRAFT.CA

COPPERSTONE
AT COPPERFIELD

# ਪਹਿਲੀ ਵਾਰ ਘਰ ਖ਼ਰੀਦਣ ਵਾਲਿਆਂ ਲਈ
# ਖਾਸ ਸੂਚਨਾ



## 2022 ਸਰਦੀਆਂ ਤੋਂ ਪਹਿਲਾਂ ਨਵੇਂ ਘਰ 'ਚ ਰਹਿਣ ਦਾ ਮੌਕਾ!

# AWARD WINNING TOWNHOMES

ਸਾਡੇ 2 ਅਤੇ 3 ਬੈੱਡਰੂਮ ਵਾਲੇ ਟਾਊਨਹੋਮਸ ਤੁਹਾਡੇ ਵਾਂਗ ਹੀ ਵਿਲੱਖਣ ਹਨ! 2-ਬੈੱਡਰੂਮ ਵਾਲੇ ਡਬਲ ਮਾਸਟਰ ਸੂਟ ਸਟਾਈਲ ਸਮੇਤ, ਚੁਣਨ ਲਈ 6 ਵੱਖਰੇ ਆਧੁਨਿਕ ਲੇਆਉਟਸ ਦੇ ਨਾਲ, ਆਪਣੀ ਜੀਵਨਸ਼ੈਲੀ ਨੂੰ ਫਿੱਟ ਕਰਨ ਲਈ ਸੰਪੂਰਨ ਘਰ ਲੱਭਣਾ ਕਦੇ ਵੀ ਇੰਨਾ ਆਸਾਨ ਨਹੀਂ ਸੀ! ਇਹ ਹੁਸ਼ਿਆਰੀ ਨਾਲ ਮੁੜ-ਡਿਜ਼ਾਇਨ ਕੀਤੇ ਗਏ **ਘਰ 1,380 ਤੋਂ 1,885 ਵਰਗ ਫੁੱਟ** ਤੱਕ ਦੇ ਹੁੰਦੇ ਹਨ ਜੋ ਆਧੁਨਿਕ ਇੰਟੀਰੀਅਰ ਦੀ ਪੇਸ਼ਕਸ਼ ਕਰਦੇ ਹਨ ਪਰ ਸਭ ਤੋਂ ਵਧੀਆ ਗੱਲ ਇਹ ਹੈ ਕਿ ਕਿਸੇ ਵੀ ਦੇਖਭਾਲ (ਮੁਰੰਮਤ) ਦੀ ਲੋੜ ਹੀ ਨਹੀਂ ਹੈ।



**COPPERSTONELIVING.COM | 587.352.4266**

SHOWHOMES & SALES CENTRE
1233 Copperfield Blvd SE,
Calgary, AB T2Z 5G1

Monday - Wednesday : 2 - 8 PM
Sat, Sun & Holidays: 12 - 5 PM
Thursday & Friday: by appointment

VESTA PROPERTIES

Rendering, price and availability are subject to change without notice. E. & O.E.

# ਕੈਲਗਰੀ ਸਿਟੀ ਕੌਂਸਲ ਨੇ ਸਿੱਖ ਵਿਰਾਸਤੀ ਮਹੀਨੇ ਨੂੰ ਮਾਨਤਾ ਦਿੱਤੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਸਰਕਾਰ ਅਤੇ ਕੁੱਝ ਸੂਬਾ ਸਰਕਾਰਾਂ ਵੱਲੋਂ ਅਪ੍ਰੈਲ ਮਹੀਨੇ ਨੂੰ ਸਿੱਖ ਵਿਰਾਸਤੀ ਮਹੀਨੇ ਵੱਜੋਂ ਮਨਾਉਣ ਨੂੰ ਮਾਨਤਾ ਦਿੱਤੀ ਗਈ ਹੈ,ਪਰ ਕਈ ਸ਼ਹਿਰਾਂ ਅਤੇ ਸੂਬਿਆਂ ਵਿੱਚ ਸਿੱਖ ਵਿਰਾਸਤੀ ਮਹੀਨੇ ਨੂੰ ਅਜੇ ਤੱਕ ਮਾਨਤਾ ਨਹੀਂ ਮਿਲੀ ਸੀ। ਪਰ ਹੁਣ ਕੈਲਗਰੀ ਸਿਟੀ ਕੌਂਸਲ ਵੱਲੋਂ ਵੀ ਸਿੱਖ ਵਿਰਾਸਤੀ ਮਹੀਨੇ ਨੂੰ ਮਾਨਤਾ ਦੇ ਦਿੱਤੀ ਗਈ ਹੈ ਜਿਸ ਦਾ ਐਲਾਨ ਕੈਲਗਰੀ ਦੀ ਮੇਅਰ ਜੋਤੀ ਗੌਂਡੇਕ ਵੱਲੋਂ ਸਿਟੀ ਕੌਂਸਲ ਵਿੱਚ ਕੀਤਾ ਗਿਆ। ਜਿਸ ਤੋਂ ਬਾਅਦ ਵਾਰਡ ਨੰਬਰ ਪੰਜ ਤੋਂ ਕੌਂਸਲਰ ਰਾਜ ਧਾਲੀਵਾਲ ਨੇ ਸਿੱਖ ਧਰਮ ਬਾਰੇ ਸੰਖੇਪ ਵਿੱਚ ਸਾਥੀ ਕੌਂਸਲ ਮੈਂਬਰਾਂ ਨੂੰ ਜਾਣਕਾਰੀ ਦਿੱਤੀ। ਇਸ ਮੌਕੇ ਤੇ ਕੈਲਗਰੀ ਸ਼ਹਿਰ ਦੀਆਂ ਨਾਮਵਰ ਸਿੱਖ ਸ਼ਖ਼ਸੀਅਤਾਂ ਵੀ ਮੌਜੂਦ ਸਨ।ਪੰਜਾਬੀ ਅਖ਼ਬਾਰ ਦੀ ਟੀਮ ਨਾਲ ਗੱਲ ਕਰਦਿਆਂ ਗੁਰਦੁਆਰਾ ਦਸਮੇਸ਼ ਕਲਚਰ ਸੈਂਟਰ ਕੈਲਗਰੀ ਦੇ ਪ੍ਰਧਾਨ ਅਮਨਪ੍ਰੀਤ ਸਿੰਘ ਗਿੱਲ ਅਤੇ ਸਿੱਖ ਸੋਸਾਇਟੀ ਆਫ ਕੈਲਗਰੀ ਦੇ ਪ੍ਰਧਾਨ ਬਲਹਾਰ ਸਿੰਘ ਢਿੱਲੋਂ ਨੇ ਆਖਿਆ ਕਿ ਇਹ ਸਿੱਖਾਂ ਲਈ ਬੜੇ ਹੀ ਮਾਣ ਵਾਲੀ ਗੱਲ ਹੈ । ਵਰਨਣਯੋਗ ਹੈ ਕਿ ਇਸ ਮਹੀਨੇ ਸਿਟੀ ਆਫ ਕੈਲਗਰੀ ਦੀਆਂ ਪੰਜਾਬੀ ਭਾਈਚਾਰੇ ਵਾਲੇ ਰੂਟਾਂ ਉੱਪਰ ਚੱਲਣਵਾਲੀਆਂ ਬੱਸਾਂ ਉੱਪਰ ਵੀ ਹੈਪੀ ਵਿਸਾਖੀ ਅਤੇ ਖਾਲਸਾ ਸਾਜਨਾ ਦਿਵਸ ਦੀਆਂ ਵਧਾਈਆਂ ਲਿਖੀਆਂ ਗਈਆਂ ਜੋਕਿ ਸਿੱਖ ਭਾਈਚਾਰੇ ਲਈ ਹੋਰ ਵੀ ਮਾਣ ਵਾਲੀ ਗੱਲ ਹੈ।




## ਕਰੋਨਾ ਕਾਲ ਦੌਰਾਨ ਇੰਸੋਰੈਂਸ ਕੰਪਨੀਆਂ ਦੀ ਚਾਂਦੀ ਰਹੀ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਕੋਰੋਨਾ ਮਹਾਂਮਾਰੀ ਦੇ ਦੌਰਾਨ ਜ਼ਿਆਦਾਤਰ ਕਾਰੋਬਾਰ ਬੰਦ ਹੋ ਗਏ ਜਾਂ ਘਾਟੇ ਵਿੱਚ ਚਲੇ ਗਏ ਜਿਨ੍ਹਾਂ ਦੀ ਮੱਦਦ ਵਾਸਤੇ ਸਰਕਾਰਾਂ ਅੱਗੇ ਆਈਆਂ ਪਰ ਕੁੱਝ ਕਾਰੋਬਾਰ ਅਜਿਹੇ ਵੀ ਰਹੇ ਜਿਨ੍ਹਾਂ ਨੇ ਮਹਾਂਮਾਰੀ ਦੇ ਦੌਰਾਨ ਵੀ ਬੇਹੱਦ ਜ਼ਿਆਦਾ ਮੁਨਾਫ਼ਾ ਕਮਾਇਆ ਇਸ ਤਰ੍ਹਾਂ ਦੀ ਖ਼ਬਰ ਅਲਬਰਟਾ ਤੋਂ ਸਾਹਮਣੇ ਆਈ ਹੈ ਜਿੱਥੇ ਆਟੋ ਇੰਸ਼ੋਰੈਂਸ ਕੰਪਨੀਆਂ ਨੇ ਵੱਡੀ ਪੱਧਰ ਤੇ ਮੁਨਾਫ਼ਾ ਕਮਾਇਆ ਅਤੇ ਇਹ ਮੁਨਾਫਾ ਸੈਂਕੜੇ ਮਿਲੀਅਨ ਡਾਲਰ ਵਿੱਚ ਪਹੁੰਚਿਆ ਦੱਸਿਆ ਜਾਂਦਾ ਹੈ।

## ਟੈਸਲਾ ਦੇ ਸੀ ਈ ਓ ਵੱਲੋਂ ਟਵਿੱਟਰ ਨੂੰ ਖ਼ਰੀਦਣ ਲਈ 43 ਬਿਲੀਅਨ ਡਾਲਰ ਦੀ ਪੇਸ਼ਕਸ਼

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸੋਸ਼ਲ ਮੀਡੀਆ ਉੱਪਰ ਸਿਆਸਤਦਾਨ ਕਲਾਕਾਰ ਸੋਸ਼ਲ ਵਰਕਰ ਬਿਜ਼ਨਸਮੈਨ ਅਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਸ਼ਾਮਲ ਹਨ ਅਤੇ ਇਨ੍ਹਾਂ ਸ਼ਖ਼ਸੀਅਤਾਂ ਵੱਲੋਂ ਆਪਣੇ ਵਿਚਾਰਾਂ ਨੂੰ ਸੰਖੇਪ ਸ਼ਬਦਾਂ ਵਿਚ ਪਰਗਟ ਕੀਤਾ ਜਾਂਦਾ ਹੈ ।ਹੁਣ ਟਵਿੱਟਰ ਨੂੰ ਟੈਸਲਾ ਦੇ ਸੀ ਈ ਓ ਵੱਲੋਂ ਖ਼ਰੀਦਣ ਲਈ ਦਿਲਚਸਪੀ ਜ਼ਾਹਰ ਕੀਤੀ ਗਈ ਹੈ। ਏਲੋਨ ਮਸਕ ਵੱਲੋਂ ਟਵਿੱਟਰ ਨੂੰ ਖ਼ਰੀਦਣ ਲਈ 43 ਬਿਲੀਅਨ ਡਾਲਰ ਦੀ ਪੇਸ਼ਕਸ਼ ਕੀਤੀ ਗਈ ਹੈ ।

## ਰੂਸ ਯੂਕਰੇਨ ਯੁੱਧ ਦਾ ਅਸਰ ਕਨੇਡਾ ਉੱਪਰ ਵੀ ਪੈਣ ਕਾਰਨ ਵੈਨਕੂਵਰ ਵਿੱਚ ਗੈਸ ਦੀਆਂ ਕੀਮਤਾਂ ਦੋ ਡਾਲਰ ਤੋਂ ਪਾਰ ਹੋਈਆਂ।

ਵੈਨਕੋਵਰ (ਪੰਜਾਬੀ ਅਖ਼ਬਾਰ ਬਿਊਰੋ) ਰੂਸ ਯੂਕਰੇਨ ਯੁੱਧ ਨੂੰ ਸ਼ੁਰੂ ਹੋਇਆ ਲਗਪਗ ਦੋ ਮਹੀਨੇ ਦਾ ਸਮਾਂ ਹੋ ਚੱਲਿਆ ਹੈ। ਇਸ ਦੌਰਾਨ ਦੋਹਾਂ ਧਿਰਾਂ ਵਿਚਾਲੇ ਕਈ ਗੇੜ ਦੀ ਗੱਲਬਾਤ ਵੀ ਹੋ ਚੁੱਕੀ ਹੈ,ਪਰ ਅਜੇ ਤੱਕ ਯੁੱਧ ਵਿਰਾਮ ਦੇ ਕੋਈ ਲੱਛਣ ਨਜ਼ਰ ਨਹੀਂ ਆ ਰਹੇ। ਰੂਸ ਵੱਲੋਂ ਯੂਕਰੇਨ ਉੱਪਰ ਹਮਲੇ ਲਗਾਤਾਰ ਜਾਰੀ ਹਨ। ਮਿਜ਼ਾਈਲਾਂ ਦਾਗੀਆਂ ਜਾ ਰਹੀਆਂ ਹਨ। ਹਵਾਈ ਹਮਲੇ ਹੋ ਰਹੇ ਹਨ ਅਤੇ ਗੋਲਾਬਾਰੀ ਵੀ ਲਗਾਤਾਰ ਜਾਰੀ ਹੈ । ਰੂਸ ਯੂਕਰੇਨ ਯੁੱਧ ਦਾ ਅਸਰ ਸਿਰਫ਼ ਇਨ੍ਹਾਂ ਦੋਹਾਂ ਮੁਲਕਾਂ ਤੇ ਨਹੀਂ ਬਲਕਿ ਪੂਰੀ ਦੁਨੀਆਂ ਵਿੱਚ ਵੇਖਣ ਨੂੰ ਮਿਲ ਰਿਹਾ ਹੈ । ਚੱਲ ਰਹੀ ਜੰਗ ਕਾਰਨ ਦੁਨੀਆਂ ਭਰ ਵਿੱਚ ਤੇਲ ਦੀਆਂ ਕੀਮਤਾਂ ਵਿੱਚ ਭਾਰੀ ਉਛਾਲ ਵੇਖਣ ਨੂੰ ਮਿਲ ਰਿਹਾ ਹੈ, ਜਿਸ ਕਾਰਨ ਮਹਿੰਗਾਈ ਦਰ ਵੀ ਲਗਾਤਾਰ ਵਧਦੀ ਜਾ ਰਹੀ ਹੈ । ਜੇਕਰ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਵੈਨਕੂਵਰ ਦੀ ਗੱਲ ਕੀਤੀ ਜਾਵੇ ਤਾਂ ਇੱਥੇ ਤੇਲ ਦੀਆਂ ਕੀਮਤਾਂ ਦੋ ਡਾਲਰ ਪ੍ਰਤੀ ਲੀਟਰ ਤੋਂ ਵੀ ਟੱਪ ਗਈਆਂ ਹਨ

## ਅਮਰੀਕਾ ਵਿੱਚ ਸਿੱਖਾਂ ਤੇ ਹੋਏ ਹਮਲਿਆਂ ਦਾ ਮਾਮਲਾ ਮੈਨੀਟੋਬਾ ਦੀ ਵਿਧਾਨ ਸਭਾ ਵਿੱਚ ਉੱਠਿਆ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) 13 ਅਪਰੈਲ ਵਾਲੇ ਦਿਨ ਖ਼ਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦਾ ਦਿਹਾੜਾ ਦੁਨੀਆਂ ਭਰ ਵਿੱਚ ਬੇਹੱਦ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸੇ ਤਰ੍ਹਾਂ ਬੀਤੇ ਦਿਨ ਮੈਨੀਟੋਬਾ ਦੀ ਵਿਧਾਨ ਸਭਾ ਵਿੱਚ ਵੀ ਪੰਜਾਬੀ ਮੂਲ ਦੇ ਐਮਐਲਏ ਦਿਲਜੀਤ ਬਰਾੜ ਨੇ ਵੀ ਜਿੱਥੇ ਸਦਨ ਨੂੰ ਵਿਸਾਖੀ ਦੀ ਮਹੱਤਤਾ ਅਤੇ ਖ਼ਾਲਸੇ ਦੇ ਜਨਮ ਦਿਹਾੜੇ ਸਬੰਧੀ ਸੰਖੇਪ ਵਿੱਚ ਜਾਣਕਾਰੀ ਦਿੱਤੀ ਇਸ ਦੇ ਨਾਲ ਹੀ ਅਮਰੀਕਾ ਵਿੱਚ ਹਾਲ ਹੀ ਦੇ ਦਿਨਾਂ ਵਿੱਚ ਸਿੱਖਾਂ ਉੱਪਰ ਹੋਏ ਹਮਲਿਆਂ ਦਾ ਵੀ ਵਿਸ਼ੇਸ਼ ਤੌਰ ਤੇ ਜ਼ਿਕਰ ਕਰਦਿਆਂ ਇਸ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਕਿ ਅਸੀਂ ਇਸ ਧਰਤੀ ਨੂੰ ਮਨੁੱਖਤਾ ਲਈ ਸੁਰਖਿਅਤ ਮੰਨਦੇ ਹਾਂ ਪਰ ਅਜਿਹੀਆਂ ਘਟਨਾਵਾਂ ਦਾ ਵਾਪਰਨਾ ਬਹੁਤ ਮੰਦਭਾਗਾ ਹੈ।

## ਪਾਕਿਸਤਾਨ ਅੰਦਰ ਸਿਆਸੀ ਹਿੱਲਜੁਲ ਦੌਰਾਨ ਤਨਵੀਰ ਇਲਿਆਸ ਨੂੰ ਮਕਬੂਜ਼ਾ ਕਸ਼ਮੀਰ ਦਾ ਪ੍ਰਧਾਨ ਮੰਤਰੀ ਚੁਣ ਲਿਆ ਗਿਆ

ਇਸਲਾਮਾਬਾਦ (ਪੰਜਾਬੀ ਅਖ਼ਬਾਰ ਬਿਊਰੋ) ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਦੇ ਖੇਤਰੀ ਪ੍ਰਧਾਨ ਸਰਦਾਰ ਤਨਵੀਰ ਇਲਿਆਸ ਨੂੰ ਮਕਬੂਜ਼ਾ ਕਸ਼ਮੀਰ ਦਾ ਪ੍ਰਧਾਨ ਮੰਤਰੀ ਚੁਣ ਲਿਆ ਗਿਆ। ਵਿਰੋਧੀ ਧਿਰ ਨੇ ਇਨ੍ਹਾਂ ਚੋਣਾਂ ਦਾ ਬਾਈਕਾਟ ਕੀਤਾ ਸੀ। ਸਰਦਾਰ ਅਬਦੁਲ ਕਯੂਮ ਨਿਆਜ਼ੀ ਦੇ ਅਸਤੀਫ਼ੇ ਬਾਅਦ ਇਮਰਾਨ ਖ਼ਾਨ ਨੇ ਇਲਿਯਾਸ ਨੂੰ ਪਾਰਟੀ ਦਾ ਉਮੀਦਵਾਰ ਨਾਮਜ਼ਦ ਕੀਤਾ ਸੀ। ਨਿਆਜੀ ਨੇ ਸੱਤਾਧਾਰੀ ਪਾਰਟੀ ਵਿੱਚ ਆਪਣੇ ਖ਼ਿਲਾਫ਼ ਬਗਾਵਤ ਬਾਅਦ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਪਾਕਿਸਤਾਨ ਪੀਪਲਜ਼ ਪਾਰਟੀ ਅਤੇ ਪਾਕਿਸਤਾਨ ਮੁਸਲਿਮ ਲੀਗ ਨਵਾਜ ਨੇ ਚੌਧਰੀ ਯਾਸੀਨ ਨੂੰ ਇਲਿਯਾਸ ਖਿਲਾਫ਼ ਸਾਂਝੇ ਤੌਰ 'ਤੇ ਉਮੀਦਵਾਰ ਬਣਾਇਆ ਸੀ। ਪੀਟੀਆਈ ਆਗੂ ਨੇ 33 ਵੋਟਾਂ ਹਾਸਲ ਕੀਤੀਆਂ। ਨਿਆਜੀ ਦੀ ਪਾਰਟੀ ਪੀਟੀਆਈ ਦੇ 25 ਮੈਂਬਰਾਂ ਨੇ ਉਸ ਖਿਲਾਫ਼ ਬੇਭਰੋਸਗੀ ਮਤਾ ਪੇਸ਼ ਕੀਤਾ ਸੀ ਜਿਸ ਮਗਰੋਂ ਉਸ ਨੇ ਅਸਤੀਫ਼ਾ ਦੇ ਦਿੱਤਾ ਸੀ।

# ਨਿਊਯਾਰਕ ਦੇ ਸਬਵੇਅ ਸਟੇਸ਼ਨ ਤੇ ਹੋਈ ਅੰਨੇਵਾਹ ਗੋਲੀਬਾਰੀ 'ਚ 16 ਜ਼ਖਮੀਂ



ਨਿਊਯਾਰਕ (ਪੰਜਾਬੀ ਅਖ਼ਬਾਰ ਬਿਊਰੋ) ਨਿਊਯਾਰਕ ਦੇ ਬਰੁੱਕਲਿਨ ਸ਼ਹਿਰ ਦੇ ਸਬਵੇਅ ਸਟੇਸ਼ਨ ਤੇ ਬੀਤੇ ਦਿਨੀ ਇੱਕ ਵੱਡਾ ਹਮਲਾ ਹੋਇਆ, ਜਿੱਥੇ ਇੱਕ ਗੈਸ ਮਾਸਕ ਪਹਿਨੇ ਹੋਏ ਵਿਅਕਤੀ ਵੱਲੋਂ ਲੋਕਾਂ ਉੱਪਰ ਅੰਨ੍ਹੇਵਾਹ ਗੋਲੀਆਂ ਚਲਾਈਆਂ ਗਈਆਂ । ਇਸ ਘਟਨਾ ਨਾਲ ਸਟੇਸ਼ਨ ਤੇ ਸਨਸਨੀ ਫੈਲ ਗਈ। ਪ੍ਰਸ਼ਾਸਨ ਵੱਲੋਂ ਦਿੱਤੀ ਗਈ ਜਾਣਕਾਰੀ ਵਿੱਚ ਦੱਸਿਆ ਗਿਆ ਹੈ ਕਿ ਨਿਊਯਾਰਕ ਸਿਟੀ ਦੇ ਇਸ ਸਬਵੇਅ ਸਟੇਸ਼ਨ ਤੇ ਹੋਈ ਗੋਲੀਬਾਰੀ ਦੀ ਘਟਨਾ ਵਿਚ ਘੱਟ ਤੋਂ ਘੱਟ ਸੋਲ਼ਾਂ ਜਣੇ ਜ਼ਖ਼ਮੀ ਹੋਏ ਹਨ। ਨਿਊਯਾਰਕ ਸ਼ਹਿਰ ਦੇ ਪੁਲੀਸ ਕਮਿਸ਼ਨਰ ਨੇ ਆਖਿਆ ਕਿ ਬਰੁੱਕਲਿਨ ਗੋਲੀਬਾਰੀ ਮਾਮਲੇ ਦੀ ਜਾਂਚ ਫਿਲਹਾਲ ਅਤਿਵਾਦੀ ਹਮਲੇ ਦੇ ਰੂਪ ਚ ਨਹੀਂ ਕੀਤੀ ਜਾ ਰਹੀ। ਉਨ੍ਹਾਂ ਦੱਸਿਆ ਕਿ ਹਮਲੇ ਵਿੱਚ ਜ਼ਖ਼ਮੀ ਹੋਏ ਲੋਕਾਂ ਦੀ ਜਾਨ ਨੂੰ ਕੋਈ ਗੰਭੀਰ ਖ਼ਤਰਾ ਨਹੀਂ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸੋਲ਼ਾਂ ਜ਼ਖ਼ਮੀਆਂ ਵਿੱਚੋਂ 10 ਜਣਿਆਂ ਨੂੰ ਗੋਲੀਆਂ ਲੱਗੀਆਂ ਹਨ । ਪੰਜ ਜਣਿਆਂ ਦੀ ਹਾਲਤ ਨਾਜ਼ੁਕ ਪਰ ਸਥਿਰ ਹੈ ।ਨਿਊਯਾਰਕ ਦੀ ਗਵਰਨਰ ਕੈਥੀ ਹੋਟਲ ਨੇ ਇਸ ਗੋਲੀਬਾਰੀ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਆਖਿਆ ਕਿ ਹੁਣ ਸਮਾਂ ਹੈ ਕਿ ਇਹ ਗੋਲੀਬਾਰੀ ਦੀਆਂ ਲਗਾਤਾਰ ਹੁੰਦੀਆਂ ਵਾਰਦਾਤਾਂ ਬੰਦ ਹੋਣੀਆਂ ਚਾਹੀਦੀਆਂ ਹਨ। ਇਸੇ ਦੌਰਾਨ ਸੂਤਰਾਂ ਵੱਲੋਂ ਦਿੱਤੀ ਗਈ ਜਾਣਕਾਰੀ ਚ ਦੱਸਿਆ ਗਿਆ ਹੈ ਕਿ ਹਮਲੇ ਚ ਵਰਤੀ ਗਈ ਬੰਦੂਕ ਬਰਾਮਦ ਕਰ ਲਈ ਗਈ ਹੈ ਜੋ ਸ਼ਾਇਦ ਜਾਮ ਹੋ ਗਈ ਸੀ। ਇਸ ਤੋਂ ਇਲਾਵਾ ਕੁੱਝ ਮੈਗਜ਼ੀਨ ਆਤਿਸ਼ਬਾਜ਼ੀ ਅਤੇ ਗੰਨ ਪਾਊਡਰ ਵੀ ਮੌਕੇ ਤੋਂ ਬਰਾਮਦ ਕੀਤਾ ਗਿਆ ਹੈ । ਨਿਊਯਾਰਕ ਪੁਲੀਸ ਵੱਲੋਂ ਬਾਕੀ ਏਜੰਸੀਆਂ ਨਾਲ ਮਿਲ ਕੇ ਲਗਪਗ ਤੀਹ ਘੰਟੇ ਦੀ ਮਿਹਨਤ ਤੋਂ ਬਾਅਦ ਦੁਪਹਿਰ ਹਮਲਾਵਰ ਨੂੰ ਮੈਨਹਟਨ ਤੋਂ ਗ੍ਰਿਫ਼ਤਾਰ ਗ੍ਰਿਫਤਾਰ ਕਰ ਲਿਆ ਗਿਆ,ਜਿਸ ਦੀ ਪਹਿਚਾਣ 62 ਸਾਲਾਂ ਦੇ ਫਰੈਂਕ ਆਰ ਜੇਮਸ ਵੱਜੋਂ ਹੋਈ ਹੈ।

## ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਖ਼ਾਲਸਾ ਸਾਜਨਾ ਦਿਵਸ ਦੀ ਵਧਾਈ ਦਿੱਤੀ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਖ਼ਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦਾ ਪਵਿੱਤਰ ਦਿਹਾੜਾ ਪੂਰੀ ਦੁਨੀਆਂ ਵਿੱਚ ਵਸਦੇ ਪੰਜਾਬੀ ਅਤੇ ਸਿੱਖ ਭਾਈਚਾਰੇ ਵੱਲੋਂ ਪੂਰੇ ਉਤਸ਼ਾਹ ਨਾਲ ਮਨਾਇਆ ਜਾ ਗਿਆ। ਇਸ ਮੌਕੇ ਵੱਖ ਵੱਖ ਦੇਸ਼ਾਂ ਦੇ ਮੁਖੀਆਂ ਵੱਲੋਂ ਵਧਾਈ ਸੰਦੇਸ਼ ਦਿੱਤੇ ਗਏ। ਇਸੇ ਤਹਿਤ ਕੈਨੇਡਾ ਦੇ ਪ੍ਰਧਾਨਮੰਤਰੀ ਜਸਟਿਨ ਟਰੂਡੋ ਵੱਲੋਂ ਵੀ ਸਿੱਖ ਭਾਈਚਾਰੇ ਨੂੰ ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਵਧਾਈਆਂ ਦਿੱਤੀਆਂ ਗਈਆਂ । ਜਸਟਿਨ ਟਰੂਡੋ ਨੇ ਆਖਿਆ ਕਿ ਖ਼ਾਲਸੇ ਦਾ ਜਨਮ ਦਿਹਾੜਾ ਵਿਸਾਖੀ ਕੈਨੇਡਾ ਵਿੱਚ ਵਸਦੇ ਲੱਖਾਂ ਸਿੱਖਾਂ ਸਮੇਤ ਦੁਨੀਆਂ ਭਰ ਵਿੱਚ ਮਨਾਇਆ ਜਾ ਰਿਹਾ ਹੈ। ਉਨ੍ਹਾਂ ਵਿਸ਼ੇਸ਼ ਤੌਰ ਤੇ ਸਿੱਖੀ ਸਿਧਾਂਤਾਂ ਦਾ ਜ਼ਿਕਰ ਆਪਣੇ ਸੰਬੋਧਨ ਵਿੱਚ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਕੋਰੋਨਾ ਮਹਾਂਮਾਰੀ ਤੋਂ ਪਹਿਲਾਂ ਵੱਖ ਵੱਖ ਜਗ੍ਹਾ ਤੇ ਮਨਾਏ ਗਏ ਵਿਸਾਖੀ ਸਮਾਗਮਾਂ ਵਿੱਚ ਆਪਣੀ ਸ਼ਿਰਕਤ ਦੇ ਯਾਦਗਾਰੀ ਪਲਾਂ ਨੂੰ ਵੀ ਸਾਂਝਾ ਕੀਤਾ । ਜਿਸ ਤਰ੍ਹਾਂ ਕੈਨੇਡਾ ਸਰਕਾਰ ਵੱਲੋਂ ਅਪ੍ਰੈਲ ਮਹੀਨੇ ਨੂੰ ਸਿੱਖ ਵਿਰਾਸਤੀ ਮਹੀਨੇ ਦਾ ਦਰਜਾ ਦਿੱਤਾ ਗਿਆ ਹੈ ਅਤੇ ਉਸ ਤੋਂ ਬਾਅਦ ਵੱਖ ਵੱਖ ਸੂਬਾ ਸਰਕਾਰਾਂ ਅਤੇ ਸ਼ਹਿਰਾਂ ਵੱਲੋਂ ਵੀ ਅਪ੍ਰੈਲ ਮਹੀਨੇ ਨੂੰ ਸਿੱਖ ਵਿਰਾਸਤੀ ਮਹੀਨੇ ਵੱਜੋਂ ਮਨਾਇਆ ਜਾ ਰਿਹਾ ਹੈ। ਉਂਟਾਰੀ? ਦੇ ਸ਼ਹਿਰ ਸਡਬਰੀ ਦੀ ਸਿਟੀ ਕੌਂਸਲ ਵੱਲੋਂ ਵੀ ਹੁਣ ਖ਼ਾਲਸੇ ਦੇ ਜਨਮ ਦਿਹਾੜੇ ਵਾਲੇ ਮਹੀਨੇ ਅਪ੍ਰੈਲ ਨੂੰ ਸਿੱਖ ਵਿਰਾਸਤੀ ਮਹੀਨੇ ਵੱਜੋਂ ਮਨਾਉਣ ਨੂੰ ਮਾਨਤਾ ਦਿੱਤੀ ਗਈ।ਇਹ ਐਲਾਨ ਮੇਅਰ ਬਰਾਇਨ ਬਿਗਇਰ ਵੱਲੋਂ ਕੀਤਾ ਗਿਆ ਇਸ ਮੌਕੇ ਤੇ ਸਿਟੀ ਕੌਂਸਲ ਦੇ ਬਾਹਰ ਨਿਸ਼ਾਨ ਸਾਹਿਬ ਵੀ ਝੂਲਾਏ ਗਏ। ਸਡਬਰੀ ਵਿੱਚ ਵੱਸਦੇ ਸਿੱਖ ਭਾਈਚਾਰੇ ਵੱਲੋਂ ਇਸ ਉਪਰਾਲੇ ਲਈ ਸਿਟੀ ਕੌਂਸਲ ਤੋਂ ਇਲਾਵਾ ਇਲਾਕੇ ਦੇ ਪਾਰਲੀਮੈਂਟ ਮੈਂਬਰਾਂ ਅਤੇ ਮੈਂਬਰਜ਼ ਆਫ ਪ੍ਰੋਵਿੰਸ਼ੀਅਲ ਪਾਰਲੀਮੈਂਟ ਦਾ ਧੰਨਵਾਦ ਵੀ ਕੀਤਾ ਗਿਆ ,ਜਿਨ੍ਹਾਂ ਵੱਲੋਂ ਸਿੱਖ ਵਿਰਾਸਤੀ ਮਹੀਨੇ ਅਤੇ ਖਾਲਸਾ ਸਾਜਨਾ ਦਿਵਸ ਲਈ ਸਮਰਥਨ ਪੱਤਰ ਜਾਰੀ ਕੀਤੇ ਗਏ ਹਨ ।



## ਵੈਨਕੂਵਰ ਵਿੱਚ ਖਾਲੀ ਪਏ ਘਰਾਂ ਉੱਪਰ ਹੁਣ ਜਿਆਦਾ ਟੈਕਸ ਲੱਗੇਗਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੀ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਲਿਬਰਲ ਸਰਕਾਰ ਵੱਲੋਂ ਦੇਸ਼ ਵਿੱਚ ਅਫੋਰਡੇਬਲ ਹਾਊਸਿੰਗ ਲਈ ਵਿਦੇਸ਼ੀ ਨਾਗਰਿਕਾਂ ਉਪਰ ਘਰ ਖਰੀਦਣ ਤੇ ਦੋ ਸਾਲ ਦੀ ਪਾਬੰਦੀ ਲਗਾ ਦਿੱਤੀ ਹੈ। ਪਰ ਮਸਲਾ ਸਿਰਫ਼ ਇੱਥੇ ਹੀ ਹੱਲ ਨਹੀਂ ਹੁੰਦਾ ਕਿਉਂਕਿ ਬਹੁਤ ਸਾਰੇ ਵਿਦੇਸ਼ੀ ਨਾਗਰਿਕਾਂ ਵੱਲੋਂ ਪਹਿਲਾਂ ਤੋਂ ਹੀ ਖ਼ਰੀਦ ਕੇ ਰੱਖੇ ਗਏ ਘਰ ਖਾਲੀ ਪਏ ਹਨ । ਬ੍ਰਿਟਿਸ਼ ਕੋਲੰਬੀਆ ਸਰਕਾਰ ਨੇ ਇਨ੍ਹਾਂ ਖਾਲੀ ਘਰਾਂ ਨੂੰ ਮਾਰਕੀਟ ਵਿਚ ਲਿਆਉਣ ਲਈ ਟੈਕਸ ਲਗਾਇਆ ਸੀ ਪਰ ਹੁਣ ਵੈਨਕੂਵਰ ਦੇ ਮੇਅਰ ਵੱਲੋਂ ਇਨ੍ਹਾਂ ਖਾਲੀ ਘਰਾਂ ਉੱਪਰ ਟੈਕਸ ਨੂੰ ਤਿੰਨ ਫ਼ੀਸਦੀ ਤੋਂ ਵਧਾ ਕੇ ਪੰਜ ਫ਼ੀਸਦੀ ਕਰਨ ਦੀ ਤਜਵੀਜ਼ ਪੇਸ਼ ਕੀਤੀ ਗਈ ਹੈ ।

SUPERVISA
Medical Insurance
ਜਿਹੜੀਆਂ ਸੇਵਾਵਾਂ ਇੰਸ਼ੋਰੈਂਸ ਕਰਨ ਵੇਲੇ ਦੱਸਣਗੇ ਲੋੜ ਪੈਣ ਤੇ ਉਹੀ ਮਿਲਣਗੀਆਂ



Harpinder Sidhu
REGIONAL MANAGER
403 404 3500
sidhu.harpinder@gmail.com

Pii Punjab Insurance Inc

ਤਜ਼ਰਬੇਕਾਰ ਅਤੇ ਭਰੋਸੇਯੋਗ ਟੀਮ ਦੇ ਮੈਂਬਰ ਤੁਹਾਡੀ ਸੇਵਾ ਵਿੱਚ

SERVICES
- Life Insurance
- Mortgage Insurance
- Critical Illness Insurance
- Disability Insurance



Gurinder Chahal
MANAGER
587 707 7000
cgyquotes@gmail.com

A PLUS

- ਤੁਹਾਡੇ ਮਿਹਨਤ ਨਾਲ ਕਮਾਏ ਡਾਲਰਾਂ ਦਾ ਸਹੀ ਮੁੱਲ ਮਿਲੇ ਅਤੇ ਲਾਰੇ ਲੱਪਿਆਂ ਤੋਂ ਪਹਿਲਾਂ ਠੀਕ ਟਿਕਾਣੇ ਉੱਪਰ ਪੁੱਜਣ।
- ਪੰਜਾਬ ਤੋਂ ਰੁਪਈਏ ਦੇ ਬਦਲੇ ਡਾਲਰ ਵਧੀਆ ਰੇਟ ਉੱਪਰ ਕਨੇਡਾ ਬੈਠੇ ਹੀ ਲਓ।
- ਸਾਡੇ ਕੋਲੋਂ ਇੱਕ ਬਾਰ ਰੇਟ ਜ਼ਰੂਰ ਜਾਣ ਲਓ।
- ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਭਰੋਸੇਮੰਦ ਨਾਂ।

A-Plus Foreign Exchange
#333-55 Westwinds Cres NE
(ਸੁਪਰ ਸਟੋਰ ਦੇ ਨੇੜੇ ਸਮੋਸਾ ਫੈਕਟਰੀ ਵਾਲੇ ਪਲਾਜੇ ਵਿਚ)
Calgary (AB) T3J 5H2



Kewal Sangha
587 582 6666

- ਤੁਹਾਨੂੰ ਕਚਿਹਰੀਆਂ ਵਿੱਚ ਖੱਜਲ ਖੁਆਰ ਹੋਣ ਦੀ ਲੋੜ ਨਹੀਂ।
- ਤੁਹਾਡੀ ਆਪਣੀ ਹੀ ਜ਼ਮੀਨ ਜਾਇਦਾਦ ਦੀ ਹੋਈ ਬੇ-ਮਾਲਕੀ ਨੂੰ ਅਸੀਂ ਮਾਲਕੀ ਬਣਾਵਾਂਗੇ।
- ਸਾਡੇ ਕੋਲ ਕਨੇਡਾ ਅਤੇ ਇੰਡੀਆ ਵਿੱਚ ਤਜ਼ਰਬੇਕਾਰ ਮਾਹਿਰ ਵਕੀਲਾਂ ਦੀ ਟੀਮ ਹੈ।
- ਜ਼ਮੀਨ/ਜਾਇਦਾਦ ਦੀ ਖ਼ਰੀਦ/ਵੇਚ ਸਬੰਧੀ ਕੋਈ ਵੀ ਮਸਲਾ ਹੋਵੇ ਤਾਂ ਸਾਨੂੰ ਸੰਪਰਕ ਕਰੋ।

A Plus
Immigration & NRI Solutions
nriservicecalgary@gmail.com

A-Class Auto Body Ltd.
Now Operating as
FIX AUTO CALGARY NORTH EAST
Complete Collison Repairs & Painting

ਆਟੋ ਬਾਡੀ ਦੇ ਤਸੱਲੀਬਖ਼ਸ਼ ਕੰਮ ਗਰੰਟੀ ਦੇ ਨਾਲ ਵਾਜਬ ਦਾਮ 'ਤੇ ਕਰਵਾਉਣ ਲਈ ਜ਼ਰੂਰ ਆਓ।

Insurance Claims
Courtesy Cars
All Work Guaranteed

Mike Randev
R.Gill
Tel : (403) 273-8889
Fax : (403) 273-8812



720 Moraine Road NE, Calgary, AB, T2A 2P3
Email: aclass@aclassautobody.ca

# ਅਲਬਰਟਾ ਦੀਆਂ ਮਿਉਂਸਿਪੈਲਿਟੀਆਂ ਵਾਸਤੇ ਪਬਲਿਕ ਟਰਾਂਜ਼ਿਟ ਦੀ ਮੱਦਦ ਲਈ 160 ਮਿਲੀਅਨ ਡਾਲਰ ਦਾ ਐਲਾਨ ਹੋਇਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੋਰੋਨਾ ਮਹਾਂਮਾਰੀ ਦੇ ਦੌਰਾਨ ਹੋਰਨਾਂ ਅਦਾਰਿਆਂ ਵਾਂਗ ਪਬਲਿਕ ਟਰਾਂਜ਼ਿਟ ਉੱਪਰ ਵੀ ਇਸ ਦਾ ਡੂੰਘਾ ਅਸਰ ਵੇਖਣ ਨੂੰ ਮਿਲਿਆ ਸੀ। ਜਦੋਂ ਲੋਕਾਂ ਨੇ ਘਰੋਂ ਕੰਮ ਕਰਨਾ ਸ਼ੁਰੂ ਕਰ ਦਿੱਤਾ ਅਤੇ ਕੰਮਕਾਰ ਵੀ ਬੰਦ ਹੋ ਗਏ ਸਨ ਤਾਂ ਟਰਾਂਜ਼ਿਟ ਦੇ ਕਈ ਰੂਟ ਬੰਦ ਕਰਨੇ ਪਏ।ਰੂਟ ਬੰਦ ਹੋਣ ਕਾਰਨ ਇਨ੍ਹਾਂ ਟਰਾਂਸਪੋਰਟ ਕੰਪਨੀਆਂ ਨੂੰ ਵੱਡੇ ਵਿੱਤੀ ਘਾਟੇ ਦਾ ਸਾਹਮਣਾ ਕਰਨਾ ਪਿਆ ਤੇ ਕਈ ਰੂਟਾਂ ਤੇ ਸੇਵਾਵਾਂ ਬੰਦ ਕਰਨੀਆਂ ਪਈਆਂ। ਹੁਣ ਫੈਡਰਲ ਸਰਕਾਰ ਵੱਲੋਂ ਪਬਲਿਕ ਟਰਾਂਜ਼ਿਟ ਨੂੰ ਫਿਰ ਤੋਂ ਪੈਰਾਂ ਸਿਰ ਕਰਨ ਲਈ ਵਿੱਤੀ ਮੱਦਦ ਦੇਣ ਦਾ ਐਲਾਨ ਕੀਤਾ ਗਿਆ ਹੈ ਇਸੇ ਤਹਿਤ ਅਲਬਰਟਾ ਦੀਆਂ ਵੱਖ ਵੱਖ ਮਿਊਸੀਪੈਲਟੀਆਂ ਵਿੱਚ ਪਬਲਿਕ ਟਰਾਂਜ਼ਿਟ ਲਈ ਲਗਪਗ 160 ਮਿਲੀਅਨ ਡਾਲਰ ਦੀ ਮੱਦਦ ਦਾ ਐਲਾਨ ਕੀਤਾ ਗਿਆ। ਇਸ ਮਾਲੀ ਮੱਦਦ ਵਿੱਚ ਅੱਧੀ ਰਕਮ ਫੈਡਰਲ ਸਰਕਾਰ ਵੱਲੋਂ ਅਤੇ ਅੱਧੀ ਅਲਬਰਟਾ ਸਰਕਾਰ ਵੱਲੋਂ ਜਾਰੀ ਕੀਤੀ ਗਈ ਹੈ। ਇਹ ਐਲਾਨ ਕੈਲਗਰੀ ਵਿੱਚ ਪ੍ਰੀਮੀਅਰ ਜੇਸਨ ਕੇਨੀ, ਅਲਬਰਟਾ ਦੀ ਟਰਾਂਸਪੋਰਟ ਮੰਤਰੀ ਰਾਜਨ ਸਾਹਨੀ ਅਤੇ ਪਾਰਲੀਮੈਂਟ ਮੈਂਬਰ ਜਾਰਜ ਚਾਹਲ ਵੱਲੋਂ ਕੀਤਾ ਗਿਆ ਜਿਸ ਦਾ ਕੈਲਗਰੀ ਦੀ ਮੇਅਰ ਜੋਤੀ ਗੋਂਡੇਕ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ।

# ਦਸਤਾਰ ਦਿਵਸ ਮਨਾਏ ਜਾਣ ਸਬੰਧੀ ਮੈਨੀਟੋਬਾ ਵਿਧਾਨ ਵਿੱਚ ਬਿਲ ਪੇਸ ਹੋਇਆ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬੀਆਂ ਨੇ ਦੁਨੀਆ ਭਰ ਅੰਦਰ ਕਨੇਡਾ ਦੀ ਧਰਤੀ ਉੱਪਰ ਖੂਬ ਮੱਲਾਂ ਮਾਰੀਆਂ ਹਨ।



ਸਿਆਸਤ ਦੇ ਖੇਤਰ ਵਿੱਚ ਪੈਰ ਧਰਦਿਆਂ ਪੰਜਾਬੀ ਮੂਲ ਦੇ ਐਮ ਐਲ ਏ ਸਾਹਿਬਾਨ ਨੇ ਆਪਣੇ ਧਰਮ ,ਸੱਭਿਆਚਾਰ ਦੀ ਸਾਂਝ ਹੋਰਨਾਂ ਭਾਈਚਾਰਿਆਂ ਨਾਲ ਸਾਂਝੀ ਰੱਖਣ ਲਈ ਇਹਨਾਂ ਨੂੰ ਵਿਸੇਸਤਾ ਦੇਣ ਦੀ ਸੋਚ ਉੱਪਰ ਪਹਿਰਾ ਦਿਤਾ ਹੈ।

ਵਿਨੀਪੈਗ ਦੇ ਬਰਰੋਜ਼ ਹਲਕੇ ਤੋਂ ਚੁਣੇ ਗਏ ਐਮ ਐਲ ਏ ਦਿਲਜੀਤਪਾਲ ਸਿੰਘ ਨੇ ਦੱਸਿਆ ਕਿ ਉਹਨਾਂ ਨੂੰ ਮੈਨੀਟੋਬਾ ਵਿਧਾਨ ਸਭਾ 'ਚ ਦਸਤਾਰ ਦਿਵਸ ਐਕਟ (ਬਿੱਲ 227) ਪੇਸ਼ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਇਹ ਬਿੱਲ 13 ਅਪ੍ਰੈਲ ਨੂੰ ਦਸਤਾਰ ਦਿਵਸ ਵੱਜੋਂ ਮਨਾਏ ਜਾਣ ਦੀ ਗੱਲ ਕਰਦਾ ਹੈ।

ਤੁਹਾਨੂੰ ਸਭਨਾਂ ਨੂੰ ਬੇਨਤੀ ਹੈ ਕਿ ਇਸ ਬਿੱਲ ਦੀ ਵੱਧ ਤੋਂ ਵੱਧ ਹਮਾਇਤ ਕਰੋ, ਇਸ ਗੱਲ ਨੂੰ ਵੱਧ ਤੋਂ ਵੱਧ ਭਾਈਚਾਰੇ ਵਿੱਚ ਸ਼ੇਅਰ ਕਰੋ ਅਤੇ ਆਪਣੇ-ਆਪਣੇ ਐਮ ਐਲ ਏ ਨੂੰ ਇਸ ਦੇ ਹੱਕ ਵਿੱਚ ਵੋਟ ਪਾਉਣ ਲਈ ਆਖੋ ਤਾਂ ਕਿ ਇਹ ਬਿੱਲ ਕਨੂੰਨ ਬਣ ਸਕੇ। ਇਸ ਬਿੱਲ ਦੇ ਪਾਸ ਹੋਣ ਨਾਲ ਜਦੋਂ ਸਭ ਲੋਕ ਸਕੂਲਾਂ, ਦਫ਼ਤਰਾਂ, ਅਦਾਰਿਆਂ ਵਿੱਚ ਦਸਤਾਰ ਦਿਵਸ ਮਨਾਇਆ ਕਰਨਗੇ ਤਾਂ ਲੋਕਾਂ ਨੂੰ ਦਸਤਾਰ ਦੀ ਅਹਿਮੀਅਤ ਹੋਰ ਸਮਝ ਆਵੇਗੀ ਅਤੇ ਭਾਈਚਾਰਕ ਸਾਂਝ ਵਿੱਚ ਵੀ ਵਾਧਾ ਹੋਵੇਗਾ। ਆਉਣ ਵਾਲੇ ਦਿਨਾਂ ਵਿੱਚ ਇਸ ਸਬੰਧੀ ਇੱਕ ਪਟੀਸ਼ਨ ਵੀ ਲਿਆਂਦੀ ਜਾ ਰਹੀ ਹੈ।

# ਭਾਰਤੀ ਮੂਲ ਦੇ ਵਿਦਿਆਰਥੀ ਦਾ ਕੈਨੇਡਾ ਵਿੱਚ ਕਤਲ



ਟੋਰਾਂਟੋ (ਪੰਜਾਬੀ ਅਖਲਬਾਰ ਬਿਊਰੋ) ਕੈਨੇਡਾ ਦੇ ਟੋਰੋਂਟੋ ਸ਼ਹਿਰ ਵਿੱਚ ਭਾਰਤੀ ਮੂਲ ਦੇ ਵਿਦਿਆਰਥੀ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਮ੍ਰਿਤਕ ਵਿਦਿਆਰਥੀ ਦੀ ਪਹਿਚਾਣ 21 ਵਰ੍ਹਿਆਂ ਦੇ ਕਾਰਤਿਕ ਵਾਸੂਦੇਵ ਵਜੋਂ ਹੋਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੇਸ਼ੇ ਵਜੋਂ ਇੰਜੀਨੀਅਰ ਪਿਤਾ ਦਾ ਬਟੇਟਾ ਕਾਰਤਿਕ ਉੱਤਰ ਪ੍ਰਦੇਸ਼ ਦੇ ਗਾਜ਼ੀਆਬਾਦ ਸ਼ਹਿਰ ਨਾਲ ਸੰਬੰਧਿਤ ਸੀ ਅਤੇ ਓਨਟੇਰੀਓ ਦੇ ਸੈਨੇਕਾ ਕਾਲਜ ਦਾ ਵਿਦਿਆਰਥੀ ਸੀ। ਕਾਰਤਿਕ ਦੇ ਪਰਿਵਾਰ ਵਿੱਚ ਉਸਦੇ ਮਾਤਾ ਪਿਤਾ ਤੋਂ ਇਲਾਵਾ ਇਕ ਛੋਟਾ ਭਰਾ ਹੈ। ਕਾਰਤਿਕ ਇਸ ਸਾਲ ਜਨਵਰੀ ਮਹੀਨੇ ਵਿੱਚ ਕੈਨੇਡਾ ਆਇਆ ਸੀ ਅਤੇ ਉਹ ਸੈਨੇਕਾ ਕਾਲਜ ਤੋਂ ਮਾਰਕੀਟਿੰਗ ਦੀ ਪੜਾਈ ਕਰ ਰਿਹਾ ਸੀ।ਕਾਰਤਿਕ ਨੂੰ ਟੋਰੋਂਟੋ ਦੇ ਗਲੈਨ ਰੋਡ 'ਤੇ ਸਥਿਤ ਸ਼ੈਰਬੋਰਨ ਸਟੇਸ਼ਨ 'ਤੇ ਗੋਲੀ ਮਾਰੀ ਗਈ। ਉਸਨੂੰ ਜ਼ਖਮੀ ਹਾਲਤ ਵਿੱਚ ਹਸਪਤਾਲ ਭਰਤੀ ਕਰਾਇਆ ਗਿਆ ਪਰ ਜ਼ਖਮਾਂ ਦੀ ਤਾਬ ਨਾ ਝੱਲਦੇ ਹੋਏ ਉਹ ਦਮ ਤੋੜ ਗਿਆ। ਸੈਨੇਕਾ ਕਾਲਜ ਨੇ ਇਸ ਘਟਨਾ 'ਤੇ ਦੁੱਖ ਦਾ ਇਜ਼ਹਾਰ ਕੀਤਾ ਹੈ। ਬੀਤੇ ਮਹੀਨੇ ਦੌਰਾਨ ਕੈਨੇਡਾ ਦੇ ਬੀਸੀ ਸੂਬੇ ਵਿਚ ਪੈਂਦੇ ਕਲੋਨਾ ਸ਼ਹਿਰ ਵਿੱਚ ਇੱਕ ਪੰਜਾਬੀ ਮੂਲ ਦੀ 24 ਵਰ੍ਹਿਆਂ ਦੀ ਹਰਮਨਦੀਪ ਕੌਰ ਲੜਕੀ ਨੂੰ ਕਤਲ ਕੀਤੇ ਜਾਣ ਦਾ ਮਾਮਲਾ ਵੀ ਸਾਹਮਣੇ ਆਇਆ ਸੀ। ਪੰਜਾਬ ਦੇ ਕਪੂਰਥਲਾ ਸ਼ਹਿਰ ਨਾਲ ਸੰਬੰਧਿਤ ਇਹ ਯੂਨੀਵਰਸਿਟੀ ਔਫ਼ ਬ੍ਰਿਟਿਸ਼ ਕੋਲੰਬੀਆ ਦੇ ਕਿਲੋਨਾ ਕੈਂਪਸ ਵਿੱਚ ਸਕਿਉਰਿਟੀ ਗਾਰਡ ਵਜੋਂ ਡਿਊਟੀ ਕਰ ਰਹੀ ਸੀ।

# ਏਅਰ ਕੈਨੇਡਾ ਦੀਆਂ ਵੈਨਕੂਵਰ ਅਤੇ ਦਿੱਲੀ ਦਰਮਿਆਨ ਉਡਾਣਾਂ ਕੁੱਝ ਸਮੇਂ ਲਈ ਬੰਦ ਹੋਣਗੀਆਂ



ਵੈਨਕੋਵਰ (ਪੰਜਾਬੀ ਅਖ਼ਬਾਰ ਬਿਊਰੋ) ਏਅਰ ਕੈਨੇਡਾ ਵੈਨਕੂਵਰ ਤੋਂ ਦਿੱਲੀ ਦਰਮਿਆਨ ਆਪਣੀਆਂ ਉਡਾਣਾਂ ਕੁਝ ਸਮੇਂ ਲਈ ਬੰਦ ਕਰ ਰਹੀ ਹੈ। ਰੂਸ-ਯੂਕਰੇਨ ਯੁੱਧ ਦੇ ਚਲਦਿਆਂ ਇਹਨਾਂ ਮੁਲਕਾਂ ਦੀ ਏਅਰਸਪੇਸ ਚੋਂ ਨਾ ਲੰਘਣ ਕਾਰਨ ਫ਼ਲਾਈਟਾਂ ਦਾ ਸਮਾਂ ਵਧਣ ਅਤੇ ਜਹਾਜ਼ ਵਿਚ ਦੁਬਾਰਾ ਫ਼ਿਊਲ ਭਰਨ ਲਈ ਰੁਕਣ ਵਰਗੀਆਂ ਮੁਸ਼ਕਲਾਂ ਦੇ ਮੱਦੇਨਜ਼ਰ ਇਹ ਫ਼ੈਸਲਾ ਲਿਆ ਗਿਆ ਹੈ। 2 ਜੂਨ 2022 ਤੋਂ ਫ਼ਲਾਈਟ ਸੇਵਾਵਾਂ ਮੁਅੱਤਲ ਹੋ ਰਹੀਆਂ ਹਨ। 6 ਸਤੰਬਰ 2022 ਤੋਂ ਵੈਨਕੂਵਰ ਤੋਂ ਦੁਬਾਰਾ ਉਡਾਣ ਸ਼ੁਰੂ ਹੋਵੇਗੀ ਅਤੇ ਦਿੱਲੀ ਤੋਂ ਵੈਨਕੂਵਰ ਦੀ ਉਡਾਣ 8 ਸਤੰਬਰ 2022 ਨੂੰ ਸ਼ੁਰੂ ਹੋਵੇਗੀ। ਇਸ ਵਕਫ਼ੇ ਦਰਮਿਆਨ ਬੁਕਿੰਗ ਕਰਵਾ ਚੁੱਕੇ ਯਾਤਰੀਆਂ ਨੂੰ ਖ਼ੁਦ ਹੀ ਦੂਸਰੀ ਫ਼ਲਾਈਟਸ ਵਿੱਚ ਬੁੱਕ ਕਰ ਦਿੱਤਾ ਜਾਵੇਗਾ। ਵੈਨਕੂਵਰ ਤੋਂ ਦਿੱਲੀ ਦੀ ਸਭ ਤੋਂ ਛੋਟੀ ਸਿੱਧੀ ਫ਼ਲਾਈਟ 14 ਘੰਟਿਆਂ ਦੀ ਹੈ, ਪਰ ਉਦੋਂ ਜਦ ਉਹ ਰੂਸੀ ਏਅਰਸਪੇਸ ਚੋਂ ਹੋਕੇ ਗੁਜ਼ਰਦੀ ਹੈ।ਪਰ ਹੁਣ ਯੁੱਧ ਕਾਰਣ ਤਕਰੀਬਨ 5 ਘੰਟੇ ਦਾ ਸਮਾਂ ਵੱਧ ਲੱਗਦਾ ਹੈ। ਯੂਕਰੇਨ ਹਮਲੇ ਤੋਂ ਪਹਿਲਾਂ, ਹਫ਼ਤੇ ਵਿਚ ਪੰਜ ਵਾਰੀ ਇਹ ਫ਼ਲਾਈਟ ਚਲਦੀ ਸੀ।

ਪਰ ਏਅਰ ਕੈਨੇਡਾ ਕੈਨੇਡਾ ਅਤੇ ਭਾਰਤ ਵਿਚਕਾਰ ਟੋਰੌਂਟੋ ਅਤੇ ਮੌਂਟਰੀਅਲ ਤੋਂ ਹਫ਼ਤੇ ਵਿੱਚ 11 ਉਡਾਣਾਂ ਜਾਰੀ ਰੱਖੇਗੀ, ਜੋ ਕਿ ਵੱਖਰੇ ਹਵਾਈ ਰਸਤੇ ਇਖ਼ਤਿਆਰ ਕਰਨਗੀਆਂ। ਪਰ ਇਹ ਉਡਾਣਾਂ 24 ਘੰਟਿਆਂ ਤੱਕ ਦੀਆਂ ਲੰਬੀਆਂ ਉਡਾਣਾਂ ਹੋਣਗੀਆਂ, ਜਿਸ ਕਾਰਨ ਯਾਤਰੀਆਂ ਨੂੰ ਬੇਅਰਾਮੀ ਵੀ ਹੋ ਸਕਦੀ ਹੈ। ਏਅਰ ਕੈਨੇਡਾ ਦਾ ਕਹਿਣਾ ਹੈ ਕਿ ਉਹ ਯੂਕਰੇਨ ਵਿਚ ਸਥਿਤੀ 'ਤੇ ਨਜ਼ਰ ਰੱਖਣੀ ਜਾਰੀ ਰੱਖੇਗੀ ਅਤੇ ਸਥਿਤੀ ਦੇ ਬਿਹਤਰ ਹੋਣ 'ਤੇ ਵੈਨਕੂਵਰ-ਦਿੱਲੀ ਰੂਟ ਨੂੰ ਮੁੜ ਸ਼ੁਰੂ ਕੀਤਾ ਜਾ ਸਕਦਾ ਹੈ।

# ਕਨੇਡਾ ਵਿੱਚ ਪੀਅਰ ਪੌਲੀਵੇ ਕੈਂਪੇਨ ਵੱਲੋਂ ਸ਼ਮਸ਼ੇਰ ਗਿੱਲ ਨੈਸ਼ਨਲ ਆਊਟਰੀਚ ਕੋਆਰਡੀਨੇਟਰ ਨਿਯੁਕਤ ਕੀਤੇ ਗਏ



ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਕਨੇਡਾ ਦੀ ਫੈਡਰਲ ਕੰਜ਼ਰਵਟਿਵ ਲੀਡਰਸ਼ਿੱਪ ਦੇ ਧੜੱਲੇਦਾਰ ਆਗੂ ਸ੍ਰੀ ਪੀਅਰ ਪੌਲੀਵੇ ਕੈਪੇਨ ਟੀਮ ਵੱਲੋਂ ਬਰੈਪਟਨ ਦੇ ਨੌਜਵਾਨ ਤਜਰਬੇਕਾਰ , ਕੂਟਨੀਤਕ ਤੇ ਪੱਤਰਕਾਰ ਸ਼ਮਸ਼ੇਰ ਗਿੱਲ ਨੂੰ ਨੂੰ ਆਪਣਾ ਨੂੰ ਨੈਸਨਲ ਆਊਟਰੀਚ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ।ਸ੍ਰੀ ਪੀਅਰ ਆਪਣੇ ਵਿਰੋਧੀਆਂ ਤੋਂ ਕਾਫ਼ੀ ਅੱਗੇ ਚੱਲ ਰਹੇ ਹਨ। ਉਹਨਾਂ ਦੀਆਂ ਰੈਲੀਆਂ ਵਿੱਚ ਹਜ਼ਾਰਾਂ ਲੋਕ ਆਪ ਮੁਹਾਰੇ ਉਹਨਾਂ ਨੂੰ ਸੁਣਨ ਪਹੁੰਚ ਰਹੇ ਹਨ।ਵਰਨਣਯੋਗ ਹੈ ਕਿ ਜੇ ਸ੍ਰੀ ਪੀਅਰ ਪੋਲੀਵੇ ਇਹ ਚੋਣ ਜਿੱਤ ਜਾਦੇਂ ਹਨ ਤਾਂ ਉਹਨਾ ਮੁਕਾਬਲਾ ਜਸ਼ਟਿਨ ਟਰੂਡੋ ਤੇ ਜਗਮੀਤ ਸਿੰਘ ਨਾਲ ਮੁਕਾਬਲਾ ਹੋਵੇਗਾ।

ਵਿਸਾਖੀ ਨਗਰ ਕੀਰਤਨ ਮੌਕੇ ਗੱਭਰੂਆਂ ਲਈ ਹਰ ਸਾਈਜ਼ ਦੇ ਕੁੜਤੇ ਪਜਾਮੇ ਅਤੇ ਬੀਬੀਆਂ ਭੈਣਾਂ ਲਈ ਨਵੇਂ ਨਵੇਂ ਡਿਜ਼ਾਇਨਾਂ ਦੇ ਸੂਟ ਦੇਸੀ ਬਜ਼ਾਰ ਕੈਲਗਰੀ ਵਾਲੇ ਪਲਾਜੇ ਵਿੱਚ ਵਿਗ ਫੈਸ਼ਨ 159-5120 47 ਸਟਰੀਟ ਨਾਰਥ ਈਸਟ ਨਵੇਂ ਖੁੱਲੇ ਸਟੋਰ ਉਪਰੋਂ ਮਿਲਦੇ ਹਨ।
ਫੋਨ: 403 590 5620

# ਦਸਵੀਂ ਕਲਾਸ ਵਿੱਚ ਪੜ੍ਹਦੇ 16 ਸਾਲਾ ਕਰਨਵੀਰ ਸਹੋਤਾ ਦੀ ਸਕੂਲੀ ਵਿਦਿਆਰਥੀਆਂ ਵੱਲੋਂ ਕੀਤੇ ਹਮਲੇ ਵਿੱਚ ਜਖ਼ਮੀ ਹੋਣ ਕਾਰਣ ਹਸਪਤਾਲ ਵਿੱਚ ਹੋਈ ਮੌਤ



ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਕਨੇਡਾ ਦੇ ਐਡਮੰਟਨ ਸ਼ਹਿਰ ਵਿੱਚ ਵਾਪਰੀ ਇੱਕ ਹਿਰਦੇਵੇਧਕ ਘਟਨਾ ਜਿਸ ਵਿੱਚ ਵਿਦਿਆਰਥੀਆਂ ਦੇ ਇੱਕ ਗਰੁੱਪ ਵੱਲੋਂ ਚਾਕੂਆਂ ਨਾਲ ਕੀਤੇ ਹਮਲੇ 'ਚ ਗੰਭੀਰ ਜਖਮੀ ਹੋਏ ਦਸਵੀਂ ਜਮਾਤ ਦੇ ਵਿਦਿਆਰਥੀ ਕਰਨਵੀਰ ਸਿੰਘ ਸਹੋਤਾ ਦੀ ਇਲਾਜ ਦੌਰਾਨ ਹਸਪਤਾਲ ਵਿੱਚ ਮੌਤ ਹੋ ਗਈ ਹੈ। ਲੁਧਿਆਣਾ ਜਿਲ੍ਹਾ ਦੇ ਪਿੰਡ ਬੱਸੀਆਂ ਦੇ ਰਹਿਣ ਵਾਲੇ ਸਤਨਾਮ ਸਿੰਘ ਸਹੋਤਾ ਦੇ ਬੇਟੇ ਕੈਨੇਡਾ ਦੇ ਜੰਮਪਲ 16 ਸਾਲਾਂ ਦੇ ਪੁੱਤਰ ਕਰਨਵੀਰ ਸਿੰਘ ਸਹੋਤਾ ਉੱਪਰ ਇਸੇ ਉਮਰ ਦੇ ਕੈਨੇਡਾ ਦੇ ਹੀ ਜੰਮਪਲ 7 ਵਿਦਿਆਰਥੀਆਂ ਵੱਲੋ ਚਾਕੂਆਂ ਹਮਲਾ ਕੀਤਾ ਗਿਆ ਸੀ। ਜਾਣਕਾਰੀ ਅਨੁਸਾਰ 8 ਅਪ੍ਰੈਲ 2022 ਸ਼ੁੱਕਰਵਾਰ ਨੂੰ ਬਾਅਦ ਦੁਪਹਿਰ 2:45 ਵਜੇ ਐਡਮਿੰਟਨ ਦੇ ਫੋਰੈਸਟ ਹਾਈਟਸ ਦੇ ਨੇੜਲੇ ਇਲਾਕੇ ਵਿੱਚ ਕਰਨਵੀਰ ਸਹੋਤਾ ਮਕਨੈਲੀ ਹਾਈ ਸਕੂਲ ਦੇ ਬਾਹਰ ਬੱਸ ਦੀ ਉਡੀਕ ਕਰ ਰਿਹਾ ਸੀ ਤੇ ਉਸ ਸਮੇਂ 2 ਕਾਰਾਂ ਵਿੱਚ ਸਵਾਰ 7 ਵਿਦਿਆਰਥੀ ਆਏ ਤੇ ਕਿੱਸੇ ਪੁਰਾਣੀ ਰੰਜ਼ਿਸ਼ ਨੂੰ ਅੰਜਾਮ ਦਿੰਦਿਆਂ ਕਰਨਵੀਰ ਸਿੰਘ ਸਹੋਤਾ ਉੱਪਰ ਹਮਲਾ ਕਰ ਦਿੱਤਾ। ਬਹੁਤ ਬੁਰੀ ਤਰਾਂ ਜ਼ਖਮੀ ਹੋਏ ਕਰਨਵੀਰ ਸਿੰਘ ਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ। ਆਖਰ ਕਈ ਦਿਨਾਂ ਤੋ ਜਖ਼ਮਾਂ ਦੀ ਤਾਬ ਨਾ ਝੱਲਦਾ ਹੋਇਆ ਉਹ 15 ਅਪ੍ਰੈਲ 2022 ਦੀ ਸਾਮ ਨੂੰ ਮੌਤ ਹੱਥੋਂ ਹਾਰ ਗਿਆ। ਪੁਲਿਸ ਨੇ ਇਸ ਘਟਨਾ ਵਿੱਚ ਸ਼ਾਮਲ ਸੱਤ ਵਿਦਿਆਰਥੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ। ਸਾਰੇ ਕਥਿਤ ਕਾਤਲ ਵੀ ਏਸੀਅਨ ਭਾਈਚਾਰੇ ਨਾਲ ਹੀ ਸਬੰਧਿਤ ਹਨ। ਇਸ ਘਟਨਾ ਨੂੰ ਲੈਕੇ ਪੰਜਾਬੀ ਭਾਈਚਾਰੇ ਅੰਦਰ ਦੁੱਖ ਦੇ ਨਾਲ ਨਾਲ ਚਿੰਤਾ ਵੀ ਬਣੀ ਹੋਈ ਹੈ ਕਿ ਸਾਡੇ ਬੱਚੇ ਆਪਣੇ ਭਵਿੱਖ ਨੂੰ ਕਿਸ ਪਾਸੇ ਲੈਕੇ ਜਾ ਰਹੇ ਹਨ। ਕਰਨਵੀਰ ਸਹੋਤਾ ਦਾ ਅੰਤਿਮ ਸੰਸਕਾਰ 24 ਅਪ੍ਰੈਲ 2022 ਦਿਨ ਐਤਵਾਰ ਨੂੰ Edmonton Crematorium and Funeral Home 6403 -Roper Road NW T6B 3G6 Edmonton ਵਿਖੇ ਹੋਵਗਾ ਤੇ ਅੰਤਿਮ ਅਰਦਾਸ ਉਸੇ ਦਿਨ ਗੁਰੂਦੁਆਰਾ ਸਿੰਘ ਸਭਾ ਐਡਮੰਟਨ ਵਿਖੇ ਹੋਵੇਗੀ।

PUNJABI SWEETS
HOUSE & RESTAURANT
TAKE OUT
We do catering also
ALL KINDS OF SWEETS NON-VEG & VEGI FOOD
FAST & BEST FRIENDLY SERVICE
ਤਾਜਾ ਅਤੇ ਸਵਾਦੀ ਖਾਣਾ ਜਿਵੇਂ ਸਮੌਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰਫੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੋ ਜਾਂ ਫੋਨ ਕਰੋ।
Open 7 Days a Week
403-293-5252
Bay 113 216 Saddle Towne Cir. N.E. T3J 0C9

Bains Vision Centre
ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡਡ ਐਨਕਾਂ ਵੀ ਮਿਲਦੀਆਂ ਹਨ
Dr.Jaswinder S Bains
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1

ਮੇਰੇ ਰਾਹੀਂ ਆਪਣਾ ਘਰ ਵੇਚੋ ਅਤੇ ਕਮਿਸ਼ਨ ਉੱਪਰ ਹਜਾਰਾਂ ਡਾਲਰ ਬਚਾਓ!
Call for your home BUYING & SELLING needs
ਭਾਵੇਂ ਤੁਸੀਂ ਘਰ ਖਰੀਦ ਰਹੇ ਹੋ ਜਾਂ ਵੇਚ ਰਹੇ ਹੋ ਪਰ ਡਾਲਰਾਂ ਦੀ ਬੱਚਤ ਤੋਂ ਸਿਰਫ ਇੱਕ ਫੋਨ ਕਾਲ ਦੂਰ ਹੀ ਹੋ!
urban Real Estate Services Ltd.
Akshay Kapoor
REALTOR®
403 891 0005

An Efficient Mortgage / Home Financing Process Contact Kulwant Manhas
ਕਨੇਡਾ ਵਿੱਚ ਨਵੇਂ ਆਏ ਹੋ, ਘਰ ਖਰੀਦਣਾ ਚਾਹੁੰਦੇ ਹੋ ਜਾਂ ਰੀ ਫਾਇਨਾਂਸ ਕਰਵਾਉਣਾ ਹੈ ਤਾਂ ਕੁਲਵੰਤ ਮਨਹਾਸ ਨੂੰ ਮਿਲੋ
Scotiabank
Kulwant S. Manhas
Home Financing Advisor
C: (587)-899-2093
E: kulwant.Manhas@scotiabank.com
Specializing in:
• Home Buyers
• Refinancing
• New to Canada
• Construction Draws

Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ
ਇਮੀਗ੍ਰੇਸ਼ਨ ਸੇਵਾਵਾਂ
• ਮਾਪਿਆਂ ਲਈ ਸੁਪਰ ਵੀਜ਼ਾ • ਪਰਿਵਾਰਕ ਸਪਾਂਸਰਸ਼ਿਪ
• ਐਲ ਐਮ ਓ ਐਪਲੀਕੇਸ਼ਨ • ਵਰਕ ਪਰਮਿਟ
• ਰੱਦ ਕੀਤੇ ਕੇਸਾਂ ਵਾਸਤੇ ਅਪੀਲ
Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
iccrc crcic
Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca

# ਐਨ ਡੀ ਪੀ ਨੇ ਕੈਲਗਰੀ ਵਿੱਚ ਧਮਾਕੇਦਾਰ ਰੈਲੀ ਕਰਦਿਆਂ ਸਰਕਾਰ ਦੇ ਜਖਮਾਂ ਵਿੱਚ ਨਿਘੋਚਾਂ ਕੱਢੀਆਂ





ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਹੋਈ ਐਨ ਡੀ ਪੀ ਦੀ ਰੈਲੀ ਜਿਸ ਵਿੱਚ ਪਾਰਟੀ ਦੀ ਲੀਡਰ ਰੈਚਲ ਨੌਟਲੀ ਨੇ ਵਿਸੇਸ ਤੌਰ ਤੇ ਹਾਜਰੀ ਭਰੀ ਬਾਰੇ ਪੰਜਾਬੀ ਅਖ਼ਬਾਰ ਨਾਲ ਗੱਲ ਕਰਦਿਆਂ ਟੀਨੂੰ ਬਰਾੜ ਨੇ ਆਖਿਆ ਕਿ ਬੜੇ ਲੰਮੇ ਸਮੇਂ ਤੋਂ ਬਾਅਦ ਇਹ ਪਹਿਲੀ ਐਸੀ ਰੈਲੀ ਹੋਈ ਹੈ ਜਿਸ ਦੇ ਵਿੱਚ ਬੜੀ ਵੱਡੀ ਮਾਤਰਾ ਵਿੱਚ ਕੈਲਗਰੀ ਵਾਸੀਆਂ ਨੇ ਆ ਕੇ ਸ਼ਮੂਲੀਅਤ ਕੀਤੀ ਹੈ । ਸਾਡੇ ਲੀਡਰ ਰੇਚਲ ਨੌਟਲੀ ਨੇ ਇਹ ਕਲੀਅਰ ਕਰਕੇ ਦੱਸਿਆ ਕਿ ਜੇਸਨ ਕੇਨੀ ਦੀ ਯੂਨਾਈਟਿਡ ਕੰਜ਼ਰਵੇਟਿਵ ਅਤੇ ਐਨ ਡੀ ਪੀ ਵਿੱਚ ਕਿਸ ਤਰ੍ਹਾਂ ਦਾ ਫਰਕ ਹੈ। ਐਨ ਡੀ ਪੀ ਲੋਕ ਹੱਕਾਂ ਲਈ ਕੰਮ ਕਰਦੀ ਹੈ ਜਦੋਂ ਕਿ ਦੂਸਰੇ ਪਾਸੇ ਜੇਸਨ ਕੇਨੀ ਵੱਡੇ ਕਾਰਪੋਰੇਟ ਘਰਾਣਿਆਂ ਲਈ ਕੰਮ ਕਰਦੇ ਹਨ। ਅਸੀਂ ਲੋਕਾਂ ਦੇ ਦਰਦ ਨੂੰ ਸਮਝਦੇ ਹਾਂ ਇਸ ਲਈ ਸਾਡਾ ਕੰਮ ਲੋਕਾਂ ਤੱਕ ਪਹੁੰਚ ਕਰਨਾ ਹੈ ਉਨ੍ਹਾਂ ਨੂੰ ਆਪਣੀਆਂ ਪਾਲਸੀਆਂ ਬਾਰੇ ਦਸਦੇ ਹਾਂ ਅਸੀਂ ਇਸ ਕੈਂਪੇਨ ਚ ਨਹੀਂ ਪੈਣਾ ਚਾਹੁੰਦੇ ਇਹ ਉਹ ਪਾਰਟੀ ਮਾੜੀ ਹੈ ਤੁਸੀਂ ਇਸ ਕਰਕੇ ਸਾਨੂੰ ਵੋਟਾਂ ਪਾਓ। ਅਸੀਂ ਚੰਗੇ ਹਾਂ ਅਤੇ ਉਹ ਮਾੜੇ ਹਨ। ਐਨ ਡੀ ਪੀ ਦੇ ਸਰਗਰਮ ਕਾਰਕੁਨ ਅਤੇ ਪਿਛਲੇ ਵਾਰ ਐਮ ਐਲ ਦੀ ਜਬਰਦਸਤ ਮੁਕਾਵਲੇ ਵਾਲੀ ਚੋਣ ਲੜ ਚੁੱਕੇ ਸ: ਪਰਮੀਤ ਸਿੰਘ ਦਾ ਕਹਿਣਾ ਹੈ ਕਿ ਇਨ੍ਹਾਂ ਦੇ ਜੋ ਐਮ ਐਲ ਏ ਨੇ ਜੋ ਇਹ ਲੋਕਾਂ ਕੋਲ ਜਾ ਕੇ ਝੂਠ ਬੋਲ ਰਹੇ ਹਨ ਬਲਕਿ ਸਿਰਫ ਝੂਠ ਦੇ ਸਿਰ ਤੇ ਹੀ ਗੌਰਮਿੰਟ ਬਣਾਈ ਹੋਵੇ ।

# ਕੈਲਗਰੀ ਆਲਾ ਬਲਵੀਰ ਗੋਰਾ ਮੇਲਾ ਮੇਲੀਆਂ ਦਾ 2022 ਲੈਕੇ ਆ ਰਿਹਾ ਹੈ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਾਸੀ ਬਲਵੀਰ ਗੋਰਾ ਜਿੱਥੇ ਸਾਫ ਸੁਥਰੀ ਕਲਮ ਦਾ ਮਾਲਕ ਹੈ ਉੱਥੇ ਉਹ ਨਾਲ ਨਾਲ ਗਾਇਕੀ ਪੱਖੋਂ ਵੀ ਬੁਲੰਦ ਆਵਾਜ਼ ਦਾ ਮਾਲਕ ਹੈ । ਬਲਵੀਰ ਗੋਰਾ ਨੇ ਹੁਣ ਤੱਕ ਬਹੁਤ ਸਾਰੇ ਸਾਫ ਸੁਥਰੇ ਗੀਤ ਪੰਜਾਬੀ ਗਾਇਕੀ ਦੇ ਸੁਣਨ ਦੇਖਣ ਵਾਲਿਆਂ ਲਈ ਪੇਸ਼ ਕੀਤੇ ਹਨ ਪਰ ਇਹਨੀ ਦਿਨੀ ਕਰੋਨਾਂ ਤੋਂ ਬਾਦ ਟੁੱਟੀ ਚੁੱਪ ਮੌਕੇ ਉਹ ਇੱਕ ਬਹੁਤ ਵੱਡੇ ਸੰਗੀਤਕ ਪ੍ਰੋਜੈਕਟ ਦੀ ਪੇਸ਼ਕਾਰੀ ਲੈਕੇ ਹਾਜ਼ਿਰ ਹੋਇਆ ਹੈ। 13 ਨਾਮਵਰ ਕਲਾਕਾਰਾਂ ਦੀ ਇੱਕ ਟੀਮ ਨੂੰ ਇੱਕੋ ਮੰਚ ਮੇਲਾ ਮੇਲੀਆਂ ਦਾ 2022 ਉੱਪਰ ਪੇਸ਼ ਕਰਨ ਦਾ ਸਿਹਰਾ ਬਲਵੀਰ ਗੋਰਾ ਨੂੰ ਜਾਂਦਾ ਹੈ। ਲੋਕ ਗਾਇਕ ਪਾਲੀ ਦੇਤਵਾਲੀਆ, ਸੁਖਵਿੰਦਰ ਸੁੱਖੀ,ਵੀਰ ਸੁਖਵੰਤ, ਜਸਟਿਨ ਸਿੱਧੂ,ਜੋਤ ਪੰਡੋਰੀ,ਸੁੱਖਾ ਬੱਦੋਵਾਲੀਆ, ਸੁਰਾਜ ਮੁਹੰਮਦ, ਦਲਜੀਤ ਨਿੱਘਾ,ਕਰਮ ਕੌਰ,ਰਾਜਾ ਇੰਦਰਜੀਤ,ਜੀਤ ਖਾਨ,ਬਲਵੀਰ ਰਾਇ ਅਤੇ ਗੁਲਸ਼ਨ ਰਾਇ ਹੋਰਾਂ ਦੇ ਤੇਰਾਂ ਗੀਤਾਂ ਦਾ ਵੀਡੀਓ ਫਿਲਮਾਂਕਣ ਵੀ ਕੀਤਾ ਗਿਆ ਹੈ। ਬਲਵੀਰ ਗੋਰਾ ਦੀ ਕਲਮ ਵਿੱਚੋਂ ਨਿੱਕਲੇ ਇਹਨਾਂ ਗੀਤਾਂ ਨੂੰ ਪੰਜਾਬੀਆਂ ਦੇ ਵਿਹੜੇ ਤੱਕ ਲੈਜਾਣ ਲਈ ਸਿੱਧੂ ਅਕਾਊਂਟਿੰਗ ਵਾਲੇ ਇਕਬਾਲ ਸਿੱਧੂ,ਪੰਜਾਬ ਇੰਸੋਰੈਂਸ ਵਾਲੇ ਹਰਪਿੰਦਰ ਸਿੱਧੂ ਦੇ ਸਹਿਯੋਗ ਨਾਲ ਕੁਲਾਰ ਪ੍ਰੋਡਕਸ਼ਨ ਦੇ ਬੈਨਰ ਹੇਠ ਰਿਲੀਜ਼ ਕੀਤਾ ਜਾ ਰਿਹਾ ਹੈ। ਜਿਸਦਾ ਆਨੰਦ ਤੁਸੀਂ ਤੁਸੀ ਯੂ ਟਿਊਬ, ਅਤੇ ਬਾਕੀ ਦੇ ਸੋਸ਼ਲ ਮੀਡੀਆਂ ਦੇ ਜ਼ਰੀਏ ਮਾਣ ਸਕੋਗੇ। ਇਸ ਸਬੰਧੀ ਵਧੇਰੇ ਜਾਣਕਾਰੀ ਲਈ ਬਲਵੀਰ ਗੋਰਾ ਨਾਲ 403 472 2662 ਉੱਪਰ ਸੰਪਰਕ ਕਰ ਸਕਦੇ ਹੋ।






# ਮੁਹਾਲੀ ਤੋਂ ਕਨੇਡਾ ਆਏ ਟਿੱਕਾ ਜੈ ਸਿੰਘ ਸੋਢੀ ਕੈਨੇਡਾ ਸ਼ੂਟਿੰਗ ਕਲੱਬ ਦੇ ਪ੍ਰਧਾਨ ਬਣੇ




ਵੈਨਕੋਵਰ (ਪੰਜਾਬੀ ਅਖ਼ਬਾਰ ਬਿਊਰੋ) ਭਾਰਤੀ ਜੂਨੀਅਰ ਨਿਸ਼ਾਨੇਬਾਜ਼ੀ ਟੀਮ ਦੇ ਮੈਂਬਰ ਰਹੇ ਮੁਹਾਲੀ ਦੇ ਵਸਨੀਕ ਟਿੱਕਾ ਜੈ ਸਿੰਘ ਸੋਢੀ ਨੂੰ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਦੀ ਸ਼ੂਟਿੰਗ ਕਲੱਬ ਵੈਨਕੂਵਰ ਕੈਨੇਡਾ ਦਾ ਪ੍ਰਧਾਨ ਚੁਣਿਆ ਗਿਆ ਹੈ। ਲਰਨਿੰਗ ਪਾਥ ਸਕੂਲ ਮੁਹਾਲੀ ਦੇ ਵਿਦਿਆਰਥੀ ਰਹੇ ਟਿੱਕਾ ਸੋਢੀ ਨੇ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਵਿੱਚ ਡਿਗਰੀ ਕੋਰਸ ਵਿੱਚ ਦਾਖਲਾ ਲਿਆ ਹੋਇਆ ਹੈ। ਸ਼ੂਟਿੰਗ ਕਲੱਬ ਦੇ ਕਾਰਜਕਾਰੀ ਮੈਂਬਰਾਂ ਵੱਲੋਂ ਬੁਲਾਈ ਮੀਟਿੰਗ ਵਿੱਚ ਬਹੁਮਤ ਵੋਟ ਹਾਸਲ ਕਰਕੇ ਟਿੱਕਾ ਸੋਢੀ ਨੂੰ ਪ੍ਰਧਾਨ ਚੁਣਿਆ ਗਿਆ । ਵਰਨਣਯੋਗ ਹੈ ਕਿ ਟਿੱਕਾ ਨੇ ਭਾਰਤ ਲਈ ਕਈ ਕੌਮੀ ਅਤੇ ਕੌਮਾਂਤਰੀ ਤਗ਼ਮੇ ਹਾਸਲ ਕੀਤੇ ਹਨ ਅਤੇ ਪੰਜਾਬ ਸਰਕਾਰ ਵੱਲੋਂ ਵੀ ਉਨ੍ਹਾਂ ਨੂੰ ਵਿਸ਼ੇਸ਼ ਤੌਰ ਤੇ ਪ੍ਰਮਾਣ ਪੱਤਰ ਭੇਟ ਕਰਕੇ ਸਨਮਾਨਿਆ ਗਿਆ ਸੀ।













# ਕੈਨੇਡਾ ਦੇ ਅਪਰੈਲ ਮਹੀਨੇ ਪੇਸ਼ ਕੀਤੇ ਗਏ ਫ਼ੈਡਰਲ ਬਜਟ ਦੀਆਂ ਮੁੱਖ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ:

### ਘਰ-ਖ਼ਰੀਦਣ ਵਿਚ ਮੱਦਦ :

ਬਜਟ ਵਿੱਚ ਇੱਕ ਟੈਕਸ-ਰਹਿਤ ਬੱਚਤ ਖਾਤਾ ਸ਼ੁਰੂ ਕਰਨ ਦ ਵਾਅਦਾ ਕੀਤਾ ਗਿਆ ਹੈ ਜਿਸ ਵਿਚ ਪਹਿਲੀ ਵਾਰੀ ਘਰ ਖ਼ਰੀਦਣ ਵਾਲੇ ਲੋਕ 40,000 ਡਾਲਰ ਤੱਕ ਦੀ ਰਾਸ਼ੀ ਜਮਾਂ ਕਰ ਸਕਣਗੇ। ਇਸ ਵਿਚ ਯੋਗਦਾਨ ਕਰਨ ਵਾਲੀ ਰਾਸ਼ੀ 'ਤੇ ਟੈਕਸ ਰਿਬੇਟ ਮਿਲੇਗੀ ਅਤੇ ਇਸ ਖਾਤੇ ਚੋਂ ਕਢਾਏ ਜਾਣ ਵਾਲੀ ਰਕਮ 'ਤੇ ਵੀ ਟੈਕਸ ਨਹੀਂ ਲੱਗੇਗਾ। ਇਸ ਪ੍ਰੋਗਰਾਮ ਰਾਹੀਂ ਅਗਲੇ ਪੰਜ ਸਾਲਾਂ ਦੌਰਾਨ 725 ਮਿਲੀਅਨ ਦੀ ਮਦਦ ਪ੍ਰਦਾਨ ਕੀਤੇ ਜਾਣ ਦੀ ਉਮੀਦ ਹੈ।

### ਕਿਫ਼ਾਇਤੀ ਘਰ :

ਮਿਉਂਸੀਪੈਲਿਟੀਆਂ ਨੂੰ ਘਰ ਨਿਰਮਾਣ ਵਿੱਚ ਮੱਦਦ ਕਰਨ ਲਈ ਫ਼ੈਡਰਲ ਸਰਕਾਰ ਵੱਲੋਂ ਇੱਕ ਨਵਾਂ ਫ਼ੰਡ ਸ਼ੁਰੂ ਕਰਨ ਦਾ ਪ੍ਰਸਤਾਵ ਹੈ ਜਿਸ ਲਈ ਅਗਲੇ ਪੰਜ ਸਾਲਾਂ ਲਈ 4 ਬਿਲੀਅਨ ਡਾਲਰ ਦੀ ਰਾਸ਼ੀ ਰਾਖਵੀਂ ਕੀਤੀ ਜਾਣੀ ਹੈ। ਅਗਲੇ ਪੰਜ ਸਾਲਾਂ ਵਿਚ 100,000 ਨਵੇਂ ਘਰ ਬਣਾਉਣ ਦੀ ਯੋਜਨਾ ਹੈ। ਬਜਟ ਵਿਚ ਰੈਪਿਡ ਹਾਊਸਿੰਗ ਇਨਿਸ਼ੇਟਿਵ ਨੂੰ ਵੀ ਐਕਸਟੈਂਡ ਕਰਨ ਦਾ ਪ੍ਰਸਤਾਵ ਹੈ ਅਤੇ ਬੇਘਰੀ ਦੀ ਸਮੱਸਿਆ ਨਾਲ ਨਜਿੱਠਣ ਲਈ ਅਗਲੇ ਦੋ ਸਾਲਾਂ ਵਿਚ ਘੱਟੋ ਘੱਟ 6,000 ਨਵੇਂ ਘਰ ਬਣਾਉਣ ਲਈ 1.5 ਬਿਲੀਅਨ ਡਾਲਰ ਦਾ ਅਹਿਦ ਕੀਤਾ ਗਿਆ ਹੈ।

### ਡੈਂਟਲ ਕੇਅਰ :

ਐਨਡੀਪੀ ਨਾਲ ਕੀਤੇ ਸਮਝੌਤੇ ਦੇ ਅਧੀਨ, ਲਿਬਰਲ ਸਰਕਾਰ ਨੇ ਇੱਕ ਨੈਸ਼ਨਲ ਡੈਂਟਲ ਕੇਅਰ ਪ੍ਰੋਗਰਾਮ ਲਈ ਅਗਲੇ ਪੰਜ ਸਾਲਾਂ ਲਈ 5.3 ਬਿਲੀਅਨ ਡਾਲਰ ਅਤੇ ਉਸਤੋਂ ਬਾਅਦ ਹਰ ਸਾਲ 1.7 ਬਿਲੀਅਨ ਡਾਲਰ ਖ਼ਰਚਣ ਦਾ ਵਾਅਦਾ ਕੀਤਾ ਹੈ। 2022 ਵਿਚ ਹੀ ਪ੍ਰਸਤਾਵਿਤ ਡੈਂਟਲ ਪ੍ਰੋਗਰਾਮ 12 ਸਾਲ ਦੇ ਬੱਚਿਆਂ ਲਈ ਸ਼ੁਰੂ ਹੋਵੇਗਾ। ਉਸਤੋਂ ਬਾਅਦ 2023 ਵਿਚ ਇਹ ਪ੍ਰੋਗਰਾਮ 18 ਸਾਲ ਤੋਂ ਘੱਟ ਉਮਰ ਦੇ ਵਿਅਕਤੀਆਂ, ਸੀਨੀਅਰਜ਼ ਅਤੇ ਵਿਕਲਾਂਗ ਲੋਕਾਂ ਲਈ ਸ਼ੁਰੂ ਕਰ ਦਿੱਤਾ ਜਾਵੇਗਾ। 2025 ਵਿਚ ਇਹ ਪ੍ਰੋਗਰਾਮ ਪੂਰੀ ਤਰ੍ਹਾਂ ਲਾਗੂ ਕੀਤਾ ਜਾਣਾ ਹੈ। ਡੈਂਟਲ ਕੇਅਰ ਪ੍ਰੋਗਰਾਮ 90,000 ਡਾਲਰ ਤੋਂ ਘੱਟ ਦੀ ਸਾਲਾਨਾ ਆਮਦਨ ਕਮਾਉਣ ਵਾਲੇ ਲੋਕਾਂ ਲਈ ਹੀ ਉਪਲਬਧ ਹੋਵੇਗਾ, ਅਤੇ 70,000 ਡਾਲਰ ਸਾਲਾਨਾ ਆਮਦਨ ਤੋਂ ਘੱਟ ਵਾਲੇ ਵਿਅਕਤੀ ਨੂੰ ਕੋ-ਪੇਮੈਂਟ ਵੀ ਨਹੀਂ ਕਰਨੀ ਹੋਵੇਗੀ।



### ਡਿਫ਼ੈਂਸ ਅਤੇ ਸੁਰੱਖਿਆ:

ਕੈਨੇਡਾ ਦੇ ਰੱਖਿਆ ਬਜਟ ਵਿੱਚ ਅਗਲੇ ਪੰਜ ਸਾਲ ਦੌਰਾਨ 8 ਬਿਲੀਅਨ ਡਾਲਰ ਦਾ ਵਾਧਾ ਕੀਤਾ ਗਿਆ ਹੈ ਜੋਕਿ ਕੈਨੇਡੀਅਨ ਜੀਡੀਪੀ ਦਾ 1.5 ਫ਼ੀਸਦੀ ਹੋਵੇਗਾ। ਭਾਵੇਂ ਨਾਟੋ ਨੇ ਮੈਂਬਰ ਦੇਸ਼ਾਂ ਨੂੰ ਆਪਣੇ ਡਿਫ਼ੈਂਸ ਬਜਟ ਵਿਚ ਜੀਡੀਪੀ ਦਾ 2 ਫ਼ੀਸਦੀ ਖ਼ਰਚ ਕਰਨ ਲਈ ਆਖਿਆ ਸੀ, ਪਰ 8 ਬਿਲੀਅਨ ਵਿਚ ਯੂਕਰੇਨ ਦੀ ਮਦਦ ਲਈ ਵੀ 500 ਮਿਲੀਅਨ ਡਾਲਰ ਦੀ ਰਾਸ਼ੀ ਰੱਖੀ ਗਈ ਹੈ। ਇਸ ਤੋਂ ਇਲਾਵਾ ਬਜਟ ਵਿਚ ਸਾਈਬਰ ਸੁਰੱਖਿਆ ਨਾਲ ਜੁੜੇ ਖ਼ਤਰਿਆਂ ਨਾਲ ਨਜਿੱਠਣ ਲਈ ਅਗਲੇ ਪੰਜ ਸਾਲਾਂ ਵਿਚ 875 ਮਿਲੀਅਨ ਡਾਲਰ, ਕੈਨੇਡੀਅਨ ਆਰਮਡ ਫ਼ੋਰਸੇਜ਼ ਵਿਚ ਲੀਡਰਸ਼ਿਪ ਨੂੰ ਮਜ਼ਬੂਤ ਕਰਨ, ਮਿਲਿਟਰੀ ਨਿਆਂ ਪ੍ਰਣਾਲੀ ਦੇ ਆਧੁਨੀਕਰਨ ਅਤੇ ਫ਼ੌਜਾਂ ਵਿਚ ਸੱਭਿਆਚਾਰਕ ਤਬਦੀਲੀ ਲਾਗੂ ਕਰਨ ਲਈ ਅਗਲੇ ਛੇ ਸਾਲਾਂ ਵਿਚ 100 ਮਿਲੀਅਨ ਡਾਲਰ ਖ਼ਰਚ ਕਰਨ ਦੀ ਯੋਜਨਾ ਹੈ।

### ਵਾਤਾਵਰਣ ਅਤੇ ਕਲਾਈਮੇਟ ਚੇਂਜ :

ਕੈਨੇਡਾ ਦੇ ਕਲਾਈਮੇਟ ਚੇਂਜ ਦੇ ਟੀਚਿਆਂ ਦੀ ਪ੍ਰਾਪਤੀ ਵਿੱਚ ਮਦਦ ਲਈ, ਕਾਰਬਨ ਕੈਪਚਰ, ਉਯੋਗਤਾ ਅਤੇ ਸਟੋਰੇਜ 'ਤੇ ਖ਼ਰਚ ਕਰਨ ਵਾਲੇ ਕਾਰੋਬਾਰਾਂ ਨੂੰ ਟੈਕਸ ਕ੍ਰੈਡਿਟ ਦੇਣ ਲਈ , ਬਜਟ ਵਿਚ ਅਗਲੇ ਪੰਜ ਸਾਲਾਂ ਦੌਰਾਨ 2.6 ਬਿਲੀਅਨ ਰਾਖਵੇਂ ਕਰਨ ਦਾ ਪ੍ਰਸਤਾਵ ਹੈ। ਕਾਰਬਨ ਕੈਪਚਰ, ਸਟੋਰੇਜ ਅਤੇ ਉਪਯੋਗਤਾ ਪ੍ਰਣਾਲੀ ਅਧੀਨ ਵੱਡੇ-ਪੱਧਰ ਦੀਆਂ ਉਦਯੋਗਿਕ ਕ੍ਰਿਆਵਾਂ ਤੋਂ ਨਿਕਲਣ ਵਾਲੀ ਕਾਰਬਨ ਡਾਈਆਕਸਾਈਡ ਨੂੰ ਵੱਖ ਕਰਕੇ, ਇਸਨੂੰ ਜਾਂ ਤਾਂ ਸਥਾਈ ਤੌਰ 'ਤੇ ਜ਼ਮੀਨ ਦੇ ਹੇਠਾਂ ਸਟੋਰ ਕੀਤਾ ਜਾਂਦਾ ਹੈ ਜਾਂ ਹੋਰ ਤੇਲ ਪੈਦਾ ਕਰਨ ਵਿਚ ਮਦਦ ਲਈ ਇਸਦੀ ਵਰਤੋਂ ਕੀਤੀ ਜਾਂਦੀ ਹੈ।

ਇਸ ਤੋਂ ਇਲਾਵਾ ਕੈਨੇਡੀਅਨਜ਼ ਨੂੰ ਇਲੈਕਟ੍ਰਿਕ ਕਾਰਾਂ, ਟਰੱਕ ਅਤੇ ਐਸਯੂਵੀ ਖ਼ਰੀਦਣ ਲਈ ਉਤਸਾਹਿਤ ਕਰਨ ਲਈ ਵਿੱਤੀ ਪ੍ਰੋਤਸਾਹਨਾਂ ਨੂੰ ਵਧਾਇਆ ਜਾਵੇਗਾ, ਜਿਸ ਲਈ ਸਰਕਾਰ ਅਗਲੇ ਪੰਜ ਸਾਲਾਂ ਵਿਚ 1.7 ਬਿਲੀਅਨ ਖ਼ਰਚ ਕਰੇਗੀ। ਸਾਲ 2026 ਤੱਕ ਵਿਕਣ ਵਾਲੇ ਹਲਕੇ ਵਾਹਨਾਂ ਚੋਂ 20 ਫ਼ੀਸਦੀ ਜ਼ੀਰੋ ਐਮੀਸ਼ਨ (ਸਿਫਰ ਨਿਕਾਸੀ) ਵਾਹਨ ਹੋਣਾ ਸੁਨਿਸ਼ਚਿਤ ਕਰਨ ਲਈ ਸਰਕਾਰ ਵੱਲੋਂ ਇੱਕ ਵਿਕਰੀ ਮੈਨਡੇਟ ਸ਼ੁਰੂ ਕਰਨ ਦੀ ਵੀ ਯੋਜਨਾ ਹੈ; ਇਸ ਤੋਂ ਬਾਅਦ 2030 ਤੱਕ 60 ਫ਼ੀਸਦੀ ਵਾਹਨ ਜ਼ੀਰੋ ਨਿਕਾਸੀ ਵਾਲੇ ਅਤੇ 2035 ਤੱਕ 100 ਫ਼ੀਸਦੀ ਵਾਹਨ ਜ਼ੀਰੋ ਨਿਕਾਸੀ ਵਾਲੇ ਸੁਨਿਸ਼ਚਿਤ ਕਰਨ ਦਾ ਪਲਾਨ ਹੈ। ਫ਼ੋਨਾਂ ਤੋਂ ਲੈ ਕੇ ਹਵਾਈ ਜਹਾਜ਼ਾਂ ਤੱਕ ਹਰ ਚੀਜ਼ ਵਿੱਚ ਵਰਤੇ ਜਾਣ ਵਾਲੇ ਕ੍ਰਿਟਿਕਲ ਖਣਿਜਾਂ ਦੀ ਖੁਦਾਈ ਨੂੰ ਵਿਕਸਤ ਕਰਨ ਲਈ ਕੈਨੇਡਾ ਦੀ ਪਹਿਲੀ ਰਣਨੀਤੀ ਸ਼ੁਰੂ ਕਰਨ ਲਈ ਬਜਟ ਵਿਚ 3.8 ਬਿਲੀਅਨ ਖ਼ਰਚਣ ਦੀ ਯੋਜਨਾ ਉਲੀਕੀ ਗਈ ਹੈ।

### ਮੂਲਨਿਵਾਸੀਆਂ ਨਾਲ ਸੁਲ੍ਹਾ-ਸਫ਼ਾਈ :

ਬਜਟ ਵਿੱਚ ਮੂਲਨਿਵਾਸੀ ਬੱਚਿਆਂ, ਪਰਿਵਾਰਾਂ ਅਤੇ ਭਾਈਚਾਰਿਆਂ ਦੀ ਸਹਾਇਤਾ ਲਈ ਛੇ ਸਾਲਾਂ ਵਿੱਚ ਵਾਧੂ 11 ਬਿਲੀਅਨ ਖ਼ਰਚ ਕਰਨ ਦਾ ਵਾਅਦਾ ਕੀਤਾ ਗਿਆ ਹੈ, ਜਿਸ ਵਿੱਚ ਰਿਹਾਇਸ਼ ਲਈ 4 ਬਿਲੀਅਨ ਅਤੇ ਸਿਹਤ, ਸਮਾਜਿਕ ਅਤੇ ਵਿਦਿਅਕ ਸੇਵਾਵਾਂ ਤੱਕ ਫਸਟ ਨੇਸ਼ਨਜ਼ ਦੇ ਬੱਚਿਆਂ ਦੀ ਪਹੁੰਚ ਨੂੰ ਯਕੀਨੀ ਬਣਾਉਣ ਲਈ ਸੱਤ ਸਾਲਾਂ ਵਿੱਚ ਹੋਰ 4 ਬਿਲੀਅਨ ਸ਼ਾਮਲ ਹਨ। ਮੂਲਨਿਵਾਸੀ ਰਿਜ਼ਰਵਜ਼ ਵਿਚ ਬੁਨਿਆਦੀ ਢਾਂਚੇ ਦੇ ਸੁਧਾਰ ਲਈ ਅਗਲੇ ਦੋ ਸਾਲਾਂ ਦੌਰਾਨ ਲਗਭਗ 400 ਮਿਲੀਅਨ ਡਾਲਰ ਖ਼ਰਚ ਕੀਤੇ ਜਾਣਗੇ, ਜਿਸ ਵਿਚ 247 ਮਿਲੀਅਨ ਪਾਣੀ ਅਤੇ ਵੇਸਟਵਾਟਰ ਦੇ ਬੁਨਿਆਦੀ ਢਾਂਚੇ ਦੇ ਸੁਧਾਰ 'ਤੇ ਖ਼ਰਚੇ ਜਾਣਗੇ। ਸੁਲ੍ਹਾ-ਸਫ਼ਾਈ ਦੀ ਵਚਨਬੱਧਤਾ 'ਤੇ ਅੱਗੇ ਵਧਦਿਆਂ, ਬਜਟ ਵਿਚ ਸਾਬਕਾ ਰੈਜ਼ੀਡੈਂਸ਼ੀਅਲ ਸਕੂਲਾਂ ਦੀਆਂ ਕਬਰਾਂ ਨੂੰ ਲੱਭਣ, ਦਸਤਾਵੇਜ਼ਬੱਧ ਕਰਨ ਅਤੇ ਉਹਨਾਂ ਦੀ ਯਾਦਗਾਰ ਬਣਾਉਣ ਵਿਚ ਮਦਦ ਲਈ 210 ਮਿਲੀਅਨ ਡਾਲਰ ਰਾਖਵੇਂ ਕੀਤੇ ਗਏ ਹਨ। ਇਸ ਅਧੀਨ ਨੈਸ਼ਨਲ ਸੈਂਟਰ ਫ਼ੌਰ ਟ੍ਰੁੱਥ ਐਂਡ ਰੀਕਨਸੀਲੀਏਸ਼ਨ ਲਈ ਨਵੀਂ ਇਮਾਰਤ ਲਈ ਵੀ ਮਦਦ ਕੀਤੀ ਜਾਵੇਗੀ।

**ਵਿਭਿੰਨਤਾ ਅਤੇ ਸ਼ਮੂਲੀਅਤ :** ਸਰਕਾਰ ਦੇ ਵਿਭਿੰਨਤਾ ਅਤੇ ਸ਼ਮੂਲੀਅਤ ਏਜੰਡੇ ਦੇ ਤਹਿਤ, ਬਜਟ ਵਿਚ ਇੱਕ ਫ਼ੈਡਰਲ਼ ਘਭਠਥ2 ਐਕਸ਼ਨ ਪਲਾਨ ਲਈ ਅਗਲੇ ਪੰਜ ਸਾਲ ਵਿਚ 100 ਮਿਲੀਅਨ ਡਾਲਰ ਦਾ ਵਾਅਦਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਮੌਜੂਦਾ ਨਸਲਵਾਦ ਵਿਰੋਧੀ ਰਣਨੀਤੀ ਦੇ ਕੰਮ ਵਿਚ ਮਦਦ ਲਈ 85 ਮਿਲੀਅਨ ਡਾਲਰ ਅਤੇ ਬਲੈਕ ਭਾਈਚਾਰੇ ਲਈ ਕੰਮ ਕਰਦੀਆਂ ਸੰਸਥਾਵਾਂ ਦੀ ਮਦਦ ਲਈ 50 ਮਿਲੀਅਨ ਡਾਲਰ ਦਾ ਵਾਅਦਾ ਕੀਤਾ ਗਿਆ ਹੈ। ਇਸ ਬਜਟ ਵਿੱਚ ਪਛੜੇ ਭਾਈਚਾਰਿਆਂ ਵਿੱਚ ਸਥਾਨਕ ਪੱਤਰਕਾਰੀ ਦਾ ਸਮਰਥਨ ਕਰਨ ਅਤੇ ਨਸਲੀ ਅਤੇ ਧਾਰਮਿਕ ਘੱਟ ਗਿਣਤੀ ਪੱਤਰਕਾਰਾਂ ਨੂੰ ਉਹਨਾਂ ਦੇ ਅਨੁਭਵ ਅਤੇ ਦ੍ਰਿਸ਼ਟੀਕੋਣਾਂ ਨੂੰ ਪੇਸ਼ ਕਰਨ ਵਿੱਚ ਮਦਦ ਕਰਨ ਲਈ 15 ਮਿਲੀਅਨ ਦੀ ਵਚਨਬੱਧਤਾ ਵੀ ਸ਼ਾਮਲ ਹੈ।

ਡਰਲ ਬਜਟ 2022 : ਨਵੇਂ ਫ਼ੈਡਰਲ ਬਜਟ ਵਿਚ ਵਿਦੇਸ਼ੀਆਂ 'ਤੇ ਕੈਨੇਡਾ ਵਿਚ ਰਿਹਾਇਸ਼ੀ ਰੀਅਲ ਅਸਟੇਟ ਖ਼ਰੀਦਣ 'ਤੇ ਅਸਥਾਈ ਰੋਕ ਲਗਾਉਣ ਦਾ ਫ਼ੈਸਲਾ ਕੀਤਾ ਗਿਆ ਹੈ।ਵਿਦੇਸ਼ੀਆਂ 'ਤੇ ਕੈਨੇਡਾ ਵਿੱਚ ਘਰ ਖ਼ਰੀਦਣ 'ਤੇ 2 ਸਾਲ ਦੀ ਰੋਕ ਦੀ ਯੋਜਨਾ ਅਤੇ ਨਵਾਂ ਟੈਕਸ-ਫ਼੍ਰੀ ਫ਼ਸਟ ਹੋਮ ਸੇਵਿੰਗਜ਼ ਅਕਾਊਂਟ ਵੀ ਬਜਟ ਵਿਚ ਸ਼ਾਮਲ ਹੈ, ਪਰ ਬਜਟ ਵਿਚ ਤਫ਼ਸੀਲੀ ਵੇਰਵੇ ਸ਼ਾਮਲ ਨਹੀਂ ਹਨ।

ਅਗਲੇ ਸਾਲ ਤੋਂ ਕੈਨੇਡੀਅਨਜ਼ ਇਹਨਾਂ ਟੈਕਸ-ਫ਼੍ਰੀ ਫ਼ਸਟ ਹੋਮ ਖਾਤਿਆਂ ਵਿਚ ਸਾਲਾਨਾ 8,000 ਡਾਲਰ ਦਾ ਯੋਗਦਾਨ ਪਾ ਸਕਦੇ ਹਨ ਜਿਸ ਨਾਲ ਉਹ ਟੈਕਸ ਦੀ ਬਚਤ ਕਰਦਿਆਂ ਆਪਣੇ ਨਵੇਂ ਘਰ ਵਿਚ ਨਿਵੇਸ਼ ਲਈ ਰਕਮ ਜੋੜ ਸਕਣਗੇ। ਫ਼ਿਲਹਾਲ ਕੈਨੇਡੀਅਨਜ਼ ਆਪਣਾ ਪਹਿਲਾ ਘਰ ਖ਼ਰੀਦਣ ਲਈ ਆਪਣਾ ਬੱਚਤ ਖਾਤਾ, ਕਿਤੇ ਵੀ ਬੱਚਤ ਕਰਨ, ਪਰ ਸਾਰਿਆਂ ਵਿਚ ਹੀ ਕੁੱਝ ਨਾ ਕੁੱਝ ਟੈਕਸ ਸ਼ਰਤਾਂ ਜ਼ਰੂਰ ਹਨ।ਨਵੇਂ ਪ੍ਰੋਗਰਾਮ ਤਹਿਤ ਇਸ ਖਾਤੇ ਵਿਚ ਯੋਗਦਾਨ ਪਾਉਣ ਵਾਲੀ ਰਕਮ 'ਤੇ ਰਿਬੇਟ ਮਿਲੇਗੀ ਅਤੇ ਰਕਮ ਵਿਚ ਵਾਧਾ ਹੋਣ 'ਤੇ ਵੀ ਟੈਕਸ ਨਹੀਂ ਲੱਗੇਗਾ। ਸਰਕਾਰ ਦਾ ਅਨੁਮਾਨ ਹੈ ਕਿ ਟੈਕਸ-ਫ਼੍ਰੀ ਹੋਮ ਸੇਵਿੰਗਜ਼ ਅਕਾਊਂਟ ਪ੍ਰੋਗਰਾਮ ਨਾਲ ਸਰਕਾਰ ਨੂੰ ਟੈਕਸ ਰਾਹੀਂ ਹੋਣ ਵਾਲੀ ਆਮਦਨ ਵਿਚ 725 ਮਿਲੀਅਨ ਡਾਲਰ ਦੀ ਲਾਗਤ ਆਵੇਗੀ। ਬੱਚਤ ਕਰਨ ਵਾਲਿਆਂ ਲਈ ਇਹ ਨਵਾਂ ਖਾਤਾ ਭਾਵੇਂ ਇੱਕ ਚੰਗੀ ਖ਼ਬਰ ਹੋਵੇ, ਪਰ ਜਿਹਨਾਂ ਕੋਲ ਜੋੜਨ ਲਈ ਬਹੁਤੀ ਰਕਮ ਨਹੀਂ ਹੈ ਉਹਨਾਂ ਲਈ ਘਰਾਂ ਦੀ ਕਿਫ਼ਾਇਤ ਦਾ ਮਸਲਾ ਨਹੀਂ ਸੁਧਰੇਗਾ । ਵਿੱਤ ਮੰਤਰੀ ਕ੍ਰਿਸਟੀਆ ਫ਼੍ਰੀਲੈਂਡ ਨੇ ਕਿਹਾ, ਅਸੀਂ ਨੌਜਵਾਨਾਂ ਲਈ ਉਹਨਾਂ ਦਾ ਪਹਿਲਾ ਘਰ ਖ਼ਰੀਦਣਾ ਸੁਖਾਲਾ ਬਣਾਂਵਾਂਗੇ। ਹਾਊਸਿੰਗ ਬਾਬਤ ਸਰਕਾਰ ਵੱਲੋਂ ਕੀਤੀਆਂ ਜਾਣ ਵਾਲੀਆਂ ਪਹਿਲਕਦਮੀਆਂ ਨੂੰ ਫ਼੍ਰੀਲੈਂਡ ਨੇ ਕੈਨੇਡਾ ਦਾ ਹੁਣ ਤੱਕ ਦਾ ਸਭ ਤੋਂ ਅਭਿਲਾਸ਼ੀ ਪਲਾਨ ਆਖਿਆ।

Sidhu Accounting & Financial Services
Accounting Services
Personal Tax Returns
• Corporate Tax Returns
• Computerized Bookkeeping
• T4's
• Record of Employment
Financial Services
• RRSP
• Life Insurance
Term Life
Universal Life
• Critical Illness Insurance
• Segregated Funds
IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਉਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5

NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖ਼ਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact: DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

PEEL FINANCIAL
LEASING & FINANCE
Experts in
Commercial & Industrial Finance
Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੈਲਰ, ਟਰੱਕ ਦੇ ਮਾਲਕ
Jatinder Gill
Jay@peelfinancial.ca
306 880 3869
(Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill
Lease Account Manager
dave@peelfinancial.ca
306 490 2205

ਪੁਰਾਣੀ ਕਾਰ ਘਰੋਂ ਚੁੱਕਵਾਓ-ਵਧੀਆ ਡਾਲਰ ਜੇਬ ਵਿੱਚ ਪਾਓ
ਡਾਲੇ ਵਾਲੇ ਗਿੱਲ ਭਰਾਵਾਂ ਦੀਆਂ ਸੇਵਾਵਾਂ ਤੁਹਾਡੀ ਸੇਵਾ ਵਿੱਚ
BLACK DIAMOND
Auto Parts & Recycling
We sell quality used Auto Parts for Cars, Trucks and Vans
We Buy Scrap Cars
#2, 168 Street W
Black Diamond, AB
www.RetireMyCar.com
Ph: 403-561-0126
Ph: 403-999-0127
ਇੰਜਣ, ਟਰਾਂਸਮਿਸ਼ਨ, ਟਾਇਰ ਗੱਲ ਕੀ ਹਰ ਕਿਸਮ ਦੀਆਂ ਗੱਡੀਆ ਦੇ ਹਰ ਕਿਸਮ ਦੇ ਸਪੇਅਰ ਪਾਰਟਸ ਅਤੇ ਨਵੀਂ ਨਕੋਰ ਲੁੱਕ ਵਾਲੀਆ ਪੁਰਾਣੀਆਂ ਕਾਰਾਂ ਤੁਹਾਡੇ ਬੱਜਟ ਅਨੁਸਾਰ ਲਵੋ।
ਰਾਜ ਗਿੱਲ ਨੂੰ ਫੋਨ ਘੁੰਮਾਓ - ਝੱਟ ਕਾਰ ਦੇ ਮਾਲਕ ਬਣ ਜਾਓ

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141

INDIA PALACE
Restaurant & Sweets
ਤੁਹਾਡੇ ਏਰੀਏ ਵਿੱਚ ਈਸਟ ਇੰਡੀਅਨ ਰੈਸਟੋਰੈਂਟ ਜਿੱਥੇ ਤੁਸੀਂ ਸਵਾਦੀ ਖਾਣੇ ਤਾਜੇ ਸਮੋਸੇ, ਗੋਲਗੱਪੇ, ਚਾਟ ਬਗੈਰਾ ਅਤੇ ਤਾਜ਼ੀਆਂ ਮਠਿਆਈਆਂ ਦੇ ਨਾਲ-ਨਾਲ ਮਸਾਲਾ-ਡੋਸਾ ਅਤੇ ਇਡਲੀ ਸਾਂਬਰ ਆਦਿ ਦਾ ਆਨੰਦ ਮਾਣ ਸਕਦੇ ਹੋ।
ਮੱਕੀ ਦੀ ਰੋਟੀ ਸਰੋਂ ਦਾ ਸਾਗ
We do Catering for all Occasions Call us for Advance Booking!
Lunch Special : 7 Days A Week
10% OFF for Catering only
Now We Open 7 Days a week
Ph : 403-285-3097
Cell : 403-870-3227
Bay #10, 5700, Falsbridge Dr. N.E Calgary, T3J 3H4

Punjabi Chulha ਪੰਜਾਬੀ ਚੁੱਲ੍ਹਾ
Restaurant & Sweet Shop
We Do Take-Out & Catering For All Events
ਫੋਨ ਆ ਗਿਆ ਕਿ ਘਰ ਪ੍ਰਾਹੁਣੇ ਆ ਰਹੇ ਨੇ ਐਵੈ ਨਾ ਡਰੋ !
"ਪੰਜਾਬੀ ਚੁੱਲੇ" ਦੇ ਖਾਣਿਆਂ ਨਾਲ ਮਹਿਮਾਨਾ ਦੀ ਆਓ ਭਗਤ ਕਰੋ !
ਦਿਲ ਚਾਹੇ ਉੱਥੇ ਬੈਠ ਕੇ ਖਾਓ-ਦਿਲ ਚਾਹੇ ਘਰ ਲੈ ਜਾਓ !
ਆਪਣੇ ਘਰ ਵੇਲਣੇ ਨੂੰ ਛੁੱਟੀ, ਬੱਸ ਵੇਲਣੇ ਦੀ ਥਾਂ ਫੋਨ ਘੁਮਾਓ !
ਪੰਜਾਬੀ ਚੁੱਲ੍ਹਾ ਰੈਸਟੋਰੈਂਟ ਕੈਲਗਰੀ ਸਕਾਈਵਿਊ ਦੇ ਰੈਡ ਸਟੋਨ ਏਰੀਆ ਵਿੱਚ ਖੁੱਲ ਗਿਆ ਹੈ।
83 Martindale Blvd NE Calgary, AB T3J 3M7
P: 403-453-9000 / C:403-477-5142



## ਸੰਪਾਦਕੀ

**ਅਨਿਆਂ ਦੀ ਅਣਦੇਖੀ ਗੁਨਾਹ ਹੈ।**

-ਜੂਲੀਅਨ ਅਸਾਂਜ

## ਲਖੀਮਪੁਰ ਖੀਰੀ ਘਟਨਾ ਤੇ ਸੁਪਰੀਮ ਕੋਰਟ

ਕਿਸਾਨ ਅੰਦੋਲਨ ਦੌਰਾਨ ਬਹੁਤ ਸਾਰੇ ਉਤਾਰ-ਚੜ੍ਹਾਅ ਦੇਖੇ ਗਏ। ਇਹ ਅੰਦੋਲਨ ਭਾਵੇਂ ਵਿਆਪਕ ਤੌਰ 'ਤੇ ਸ਼ਾਂਤਮਈ ਰਿਹਾ ਪਰ ਭਾਜਪਾ ਲੀਡਰਸ਼ਿਪ ਨੇ ਇਸ ਨੂੰ ਹਿੰਸਕ ਮੋੜ ਦੇਣ ਦੀ ਪੂਰੀ ਕੋਸ਼ਿਸ਼ ਕੀਤੀ। ਇਸ ਕਾਰਨ ਇਸ ਅੰਦੋਲਨ ਦੌਰਾਨ ਬਹੁਤ ਸਾਰੀਆਂ ਘਟਨਾਵਾਂ ਵੀ ਵਾਪਰੀਆਂ। ਉਨ੍ਹਾਂ ਵਿੱਚੋਂ ਇੱਕ ਪ੍ਰਮੁੱਖ ਲਖੀਮਪੁਰ ਖੀਰੀ ਦੀ ਘਟਨਾ ਸੀ। ਇਸ ਘਟਨਾ ਦੌਰਾਨ ਭਾਜਪਾ ਆਗੂ ਦਾ ਹੰਕਾਰ ਵੀ ਦੇਖਣ ਨੂੰ ਮਿਲਿਆ ਅਤੇ ਸ਼ਾਂਤਮਈ ਮੁਜ਼ਾਹਰਿਆਂ ਨੂੰ ਕੁੱਚਲਣ ਦਾ ਸੱਤਾਧਾਰੀ ਪਾਰਟੀ ਦਾ ਹੱਥਕੰਡਾ ਵੀ ਦੇਖਣ ਨੂੰ ਮਿਲਿਆ। ਹੁਣ ਸੁਪਰੀਮ ਕੋਰਟ ਨੇ ਅਲਾਹਾਬਾਦ ਹਾਈ ਕੋਰਟ ਦੁਆਰਾ ਲਖੀਮਪੁਰ ਖੀਰੀ ਕੇਸ ਵਿੱਚ ਆਸ਼ੀਸ਼ ਮਿਸ਼ਰਾ ਨੂੰ ਦਿੱਤੀ ਹੋਈ ਜ਼ਮਾਨਤ ਰੱਦ ਕਰਦਿਆਂ ਉਸ ਨੂੰ ਹਫ਼ਤੇ ਦੇ ਅੰਦਰ ਅੰਦਰ ਪੁਲੀਸ ਸਾਹਮਣੇ ਪੇਸ਼ ਹੋਣ ਦੇ ਆਦੇਸ਼ ਦਿੱਤੇ ਹਨ। ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਟੈਨੀ ਮਿਸ਼ਰਾ ਦੇ ਪੁੱਤਰ ਆਸ਼ੀਸ਼ ਮਿਸ਼ਰਾ ਅਤੇ ਉਸ ਦੇ ਸਾਥੀਆਂ 'ਤੇ 3 ਅਕਤੂਬਰ 2021 ਨੂੰ ਚਾਰ ਕਿਸਾਨਾਂ ਨੂੰ ਤੇਜ਼ ਰਫ਼ਤਾਰ ਗੱਡੀਆਂ ਹੇਠ ਦਰੜਨ ਦਾ ਦੋਸ਼ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਅਲਾਹਾਬਾਦ ਹਾਈ ਕੋਰਟ ਨੇ ਆਸ਼ੀਸ਼ ਨੂੰ ਜ਼ਮਾਨਤ ਦਿੰਦੇ ਸਮੇਂ ਪੀੜਤ ਪਰਿਵਾਰਾਂ ਦੀ ਸਹੀ ਤਰੀਕੇ ਨਾਲ ਸੁਣਵਾਈ ਨਹੀਂ ਕੀਤੀ। ਸਰਬਉੱਚ ਅਦਾਲਤ ਦੇ ਫ਼ੈਸਲੇ ਵਿੱਚ ਦਲੀਲ ਦਿੱਤੀ ਗਈ ਹੈ ਕਿ ਪਹਿਲਾਂ ਦਿੱਤੇ ਜਾ ਚੁੱਕੇ ਨਿਰਣਿਆਂ ਅਨੁਸਾਰ ਅਜਿਹੇ ਮਾਮਲਿਆਂ ਵਿੱਚ ਪੀੜਤ ਪਰਿਵਾਰਾਂ ਦੀ ਸੁਣਵਾਈ ਹੋਣੀ ਜ਼ਰੂਰੀ ਹੈ। ਪੀੜਤ ਪਰਿਵਾਰਾਂ ਨੂੰ ਨਿਆਂ ਪ੍ਰਕਿਰਿਆ ਵਿਚ ਹਿੱਸਾ ਲੈਣ ਦਾ ਪੂਰਾ ਅਧਿਕਾਰ ਹੈ। ਸੁਪਰੀਮ ਕੋਰਟ ਨੇ ਅਲਾਹਾਬਾਦ ਹਾਈ ਕੋਰਟ ਨੂੰ ਆਪਣੇ ਫ਼ੈਸਲੇ 'ਤੇ ਮੁੜ ਵਿਚਾਰ ਕਰਨ ਲਈ ਕਿਹਾ ਹੈ। ਕੇਂਦਰ ਸਰਕਾਰ ਦੁਆਰਾ ਬਣਾਏ ਖੇਤੀ ਕਾਨੂੰਨਾਂ ਦੇ ਵਿਰੋਧ ਵਿੱਚ ਚਲਾਏ ਜਾ ਰਹੇ ਕਿਸਾਨ ਅੰਦੋਲਨ ਦੌਰਾਨ 3 ਅਕਤੂਬਰ 2021 ਨੂੰ ਆਸ਼ੀਸ਼ ਮਿਸ਼ਰਾ ਤੇ ਉਸ ਦੇ ਸਾਥੀਆਂ ਨੇ ਉਸ ਇਲਾਕੇ ਵਿੱਚ ਭਾਜਪਾ ਆਗੂਆਂ ਦੇ ਦੌਰੇ ਦਾ ਵਿਰੋਧ ਕਰ ਰਹੇ ਕਿਸਾਨਾਂ 'ਤੇ ਤੇਜ਼ ਰਫ਼ਤਾਰ ਗੱਡੀਆਂ ਚੜ੍ਹਾਈਆਂ ਸਨ, ਜਿਸ ਵਿੱਚ ਚਾਰ ਕਿਸਾਨਾਂ ਦੀ ਮੌਤ ਹੋ ਗਈ ਸੀ। ਬਾਅਦ ਵਿੱਚ ਹੋਈ ਹਿੰਸਾ ਵਿੱਚ ਇੱਕ ਪੱਤਰਕਾਰ ਅਤੇ ਤਿੰਨ ਹੋਰ ਵਿਅਕਤੀ ਮਾਰੇ ਗਏ ਸਨ। ਇਸ ਮਾਮਲੇ ਵਿੱਚ ਉੱਤਰ ਪ੍ਰਦੇਸ਼ ਪੁਲੀਸ ਦੁਆਰਾ ਕੀਤੀ ਜਾ ਰਹੀ ਤਫ਼ਤੀਸ਼ ਤਸੱਲੀਬਖ਼ਸ਼ ਨਹੀਂ ਸੀ ਅਤੇ ਪੀੜਤ ਪਰਿਵਾਰਾਂ ਤੇ ਕਈ ਸੰਗਠਨਾਂ ਨੇ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਸੀ। ਸ਼ੁਰੂਆਤੀ ਸੁਣਵਾਈਆਂ ਦੌਰਾਨ ਪੁਲੀਸ ਅਤੇ ਸਰਕਾਰੀ ਵਕੀਲਾਂ ਨੇ ਟਾਲ-ਮਟੋਲ ਕਰਨ ਦੀ ਨੀਤੀ ਅਪਣਾਈ ਜਿਸ ਕਾਰਨ ਸੁਪਰੀਮ ਕੋਰਟ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਸਾਬਕਾ ਜੱਜ ਜਸਟਿਸ ਰਾਕੇਸ਼ ਕੁਮਾਰ ਜੈਨ ਦੀ ਅਗਵਾਈ ਵਿੱਚ ਤਫ਼ਤੀਸ਼ 'ਤੇ ਨਿਗਰਾਨੀ ਕਰਨ ਲਈ ਵਿਸ਼ੇਸ਼ ਜਾਂਚ ਟੀਮ (ਸਿੱਟ) ਬਣਾਈ। 'ਸਿੱਟ' ਨੇ ਕਿਸਾਨਾਂ 'ਤੇ ਤੇਜ਼ ਰਫ਼ਤਾਰ ਗੱਡੀਆਂ ਚੜ੍ਹਾਉਣ ਨੂੰ ਸੋਚੀ-ਸਮਝੀ ਤੇ ਪਹਿਲਾਂ ਬਣਾਈ ਗਈ ਸਾਜ਼ਿਸ਼ ਕਰਾਰ ਦਿੱਤਾ ਸੀ। ਪੁਲੀਸ ਨੇ ਆਸ਼ੀਸ਼ ਮਿਸ਼ਰਾ ਨੂੰ ਗ੍ਰਿਫ਼ਤਾਰ ਕਰਨ ਵਿੱਚ ਕਾਫ਼ੀ ਹਿਚਕਚਾਹਟ ਦਿਖਾਈ ਸੀ। ਅਲਾਹਾਬਾਦ ਹਾਈ ਕੋਰਟ ਤੋਂ ਜ਼ਮਾਨਤ ਮਿਲਣ ਬਾਅਦ ਉਹ 15 ਫਰਵਰੀ 2022 ਨੂੰ ਜੇਲ੍ਹ ਤੋਂ ਰਿਹਾ ਹੋ ਗਿਆ। ਸੁਪਰੀਮ ਕੋਰਟ ਦਾ ਇਹ ਆਦੇਸ਼ ਕਈ ਸਵਾਲ ਉਠਾਉਂਦਾ ਜਦ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਸਾਬਕਾ ਜੱਜ ਦੀ ਅਗਵਾਈ ਵਾਲੀ 'ਸਿੱਟ' ਇਸ ਘਟਨਾ ਨੂੰ ਸੋਚੀ-ਸਮਝੀ ਸਾਜ਼ਿਸ਼ ਦਾ ਸਿੱਟਾ ਮੰਨਦੀ ਅਤੇ ਪੁਲੀਸ ਦੁਆਰਾ ਦਾਖ਼ਲ ਕੀਤਾ ਗਿਆ ਦੋਸ਼-ਪੱਤਰ (ਚਾਰਜਸ਼ੀਟ) ਆਸ਼ੀਸ਼ ਮਿਸ਼ਰਾ ਨੂੰ ਮੁੱਖ ਦੋਸ਼ੀ ਕਰਾਰ ਦਿੰਦਾ ਹੈ ਤਾਂ ਕੋਈ ਅਦਾਲਤ ਉਸ ਨੂੰ ਜ਼ਮਾਨਤ ਕਿਵੇਂ ਦੇ ਸਕਦੀ ਹੈ। ਹਾਈ ਕੋਰਟ ਦੁਆਰਾ ਜ਼ਮਾਨਤ ਦੇਣਾ ਸਾਡੀ ਨਿਆਂ ਪ੍ਰਕਿਰਿਆ 'ਤੇ ਵੀ ਉਂਗਲ ਉਠਾਉਂਦਾ ਹੈ ਕਿ ਤਾਕਤਵਰ ਅਤੇ ਵੱਧ ਵਸੀਲਿਆਂ ਵਾਲੇ ਅਮੀਰ ਲੋਕ ਤਾਂ ਗੰਭੀਰ ਕੇਸਾਂ ਵਿੱਚ ਵੀ ਜ਼ਮਾਨਤਾਂ ਪ੍ਰਾਪਤ ਕਰ ਸਕਦੇ ਹਨ ਜਦੋਂਕਿ ਘੱਟ ਸਾਧਨਾਂ ਵਾਲੇ ਲੋਕਾਂ ਅਤੇ ਅਜਿਹੇ ਵਿਅਕਤੀਆਂ ਜਿਹੜੇ ਸਿਆਸਤ/ਸਟੇਟ ਦੇ ਗੁੱਸੇ ਦਾ ਸ਼ਿਕਾਰ ਹੋਣ, ਲਈ ਨਿਆਂ ਪ੍ਰਾਪਤ ਕਰਨਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ। ਇਹ ਸਵਾਲ ਪੁੱਛਿਆ ਜਾਣਾ ਵੀ ਸੁਭਾਵਿਕ ਹੈ ਕਿ ਕੀ ਹਰ ਕੇਸ ਵਿੱਚ ਨਿਆਂ ਪ੍ਰਾਪਤ ਕਰਨ ਲਈ ਨਾਗਰਿਕਾਂ ਨੂੰ ਸੁਪਰੀਮ ਕੋਰਟ ਤੱਕ ਹੀ ਜਾਣਾ ਪਵੇਗਾ। ਇਸ ਕੇਸ ਵਿੱਚ ਵੱਡਾ ਵਿਰੋਧਾਭਾਸ਼ ਇਹ ਹੈ ਕਿ ਮੁੱਖ ਦੋਸ਼ੀ ਦਾ ਪਿਤਾ ਅਜੈ ਮਿਸ਼ਰਾ ਹੁਣ ਤਕ ਕੇਂਦਰੀ ਗ੍ਰਹਿ ਰਾਜ ਮੰਤਰੀ ਹੈ। ਸੁਪਰੀਮ ਕੋਰਟ ਦੀਆਂ ਕਈ ਟਿੱਪਣੀਆਂ ਦੇ ਬਾਵਜੂਦ ਉਸ ਤੋਂ ਅਸਤੀਫ਼ਾ ਲੈਣਾ ਜਾਂ ਕੈਬਨਿਟ 'ਚੋਂ ਬਰਖ਼ਾਸਤ ਕਰਨਾ ਤਾਂ ਦੂਰ ਦੀ ਗੱਲ ਹੈ, ਉਸ ਦਾ ਵਿਭਾਗ ਵੀ ਬਦਲਿਆ ਨਹੀਂ ਗਿਆ। ਇਹ ਰਵੱਈਆ ਨੈਤਿਕ ਪੱਖ ਤੋਂ ਸਹੀ ਨਹੀਂ ਹੈ। ਉੱਤਰ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੂੰ ਮੁੜ ਜਿੱਤ ਪ੍ਰਾਪਤ ਹੋਈ ਹੈ ਅਤੇ ਉਹ ਇਹ ਸਮਝਦੀ ਹੈ ਕਿ ਉਹ ਨੈਤਿਕ ਪੱਖ ਤੋਂ ਜਵਾਬਦੇਹ ਨਹੀਂ ਹੈ। ਇਹ ਪਹੁੰਚ ਗ਼ੈਰ-ਜਮਹੂਰੀ ਹੈ। ਸੁਪਰੀਮ ਕੋਰਟ ਦਾ ਫ਼ੈਸਲਾ ਸਵਾਗਤਯੋਗ ਹੈ ਅਤੇ ਭਾਜਪਾ ਨੂੰ ਇਸ ਦੀ ਭਾਵਨਾ ਨੂੰ ਸਮਝਦੇ ਹੋਏ ਅਜੈ ਮਿਸ਼ਰਾ ਨੂੰ ਕੇਂਦਰੀ ਵਜ਼ਾਰਤ 'ਚੋਂ ਅਸਤੀਫ਼ਾ ਦੇਣ ਲਈ ਕਹਿਣਾ ਚਾਹੀਦਾ ਹੈ।

**ਸੁਖਜਿੰਦਰ ਸਮਰਾ**

ਮੋ. 95835-92000

**403 640 2000**

**punjabiakhbaar@gmail.com**

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

# ਕਾਂਗਰਸ ਦਾ ਨਵਾਂ ਫਾਰਮੂਲਾ ਕੀ ਗੁਲ ਖਿਲਾਵੇਗਾ ?




**ਉਜਾਗਰ ਸਿੰਘ**
**ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ**
ਮੋਬਾਈਲ-94178 13072

ਇਹ ਵੇਖਣ ਵਾਲੀ ਗੱਲ ਹੈ ਕਿ ਕਾਂਗਰਸ ਹਾਈ ਕਮਾਂਡ ਦਾ ਨਵਾਂ ਫਾਰਮੂਲਾ ਕੀ ਗੁਲ ਖਿਲਾਵੇਗਾ ? ਇਕ ਨੌਜਵਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਪ੍ਰਦੇਸ਼ ਕਾਂਗਰਸ ਦਾ ਪ੍ਰਧਾਨ ਬਣਾਕੇ ਕਾਂਗਰਸ ਪਾਰਟੀ ਨੇ ਇਕ ਨਵਾਂ ਪੈਂਤੜਾ ਖੇਡਿਆ ਹੈ। ਰਾਜਾ ਵੜਿੰਗ ਹੁਣ ਤੱਕ ਦੇ ਪੰਜਾਬ ਕਾਂਗਰਸ ਦੇ ਪ੍ਰਧਾਨਾ ਵਿੱਚੋਂ ਸਭ ਤੋਂ ਛੋਟੀ ਉਮਰ ਦਾ ਪ੍ਰਧਾਨ ਹੈ। ਨੌਜਵਾਨਾ ਵਿੱਚ ਜੋਸ਼ ਹੁੰਦਾ ਹੈ, ਪ੍ਰੰਤੂ ਹੋਸ਼ ਦੀ ਘਾਟ ਹੁੰਦੀ ਹੈ। ਰਾਜਾ ਵੜਿੰਗ ਵਿੱਚ ਜੋਸ਼ ਦੇ ਨਾਲ ਹੋਸ਼ ਵੀ ਹੈ, ਜੋ ਸੋਨੇ ਤੇ ਸੁਹਾਗੇ ਵਾਲੀ ਗੱਲ ਹੈ। ਰਾਜਾ ਵੜਿੰਗ ਦੇ ਤਿੰਨ ਮਹੀਨੇ ਟਰਾਂਸਪੋਰਟ ਮੰਤਰੀ ਦੀ ਸਫਲਤਾ ਤੋਂ ਉਮੀਦ ਜਾਗਦੀ ਹੈ ਕਿ ਉਹ ਧੜਿਆਂ ਵਿੱਚ ਵੰਡੀ ਪੰਜਾਬ ਕਾਂਗਰਸ ਨੂੰ ਇਕਮੁਠ ਕਰਨ ਵਿੱਚ ਵੀ ਜ਼ਰੂਰ ਸਫਲ ਹੋਵੇਗਾ। ਰਾਜਾ ਵੜਿੰਗ ਲਈ ਵੀ ਪ੍ਰਧਾਨਗੀ ਇਕ ਵੰਗਾਰ ਹੋਵੇਗੀ ਕਿਉਂਕਿ 2024 ਦੀਆਂ ਲੋਕ ਸਭਾ ਚੋਣਾ ਵਿੱਚ ਪੰਜਾਬ ਕਾਂਗਰਸ ਦੀ ਕਾਰਗੁਜ਼ਾਰੀ ਦਾ ਪ੍ਰਮਾਣ ਦੇਣਾ ਪਵੇਗਾ। ਵਿਧਾਨ ਸਭਾ ਚੋਣਾ ਵਿੱਚ ਕਾਂਗਰਸ ਪਾਰਟੀ ਦੀ ਨਮੋਸ਼ੀਜਨਕ ਹੋਈ ਹਾਰ ਨਾਲ ਨਮੋਸ਼ੀ ਵਿੱਚ ਆਏ ਵਰਕਰਾਂ ਨੂੰ ਲਾਮਬੰਦ ਕਰਕੇ ਸਰਗਰਮ ਕਰਨਾ ਸੌਖਾ ਨਹੀਂ ਹੋਵੇਗਾ। ਤਲਵਾਰ ਦੀ ਧਾਰ 'ਤੇ ਤੁਰਨ ਵਰਗਾ ਹੋਵੇਗਾ ਕਿਉਂਕਿ ਘਾਗ ਸਿਆਸਤਦਾਨਾ ਨੂੰ ਨਾਲ ਲੈ ਕੇ ਚਲਣਾ ਕਠਨ ਡਗਰ ਹੋਵੇਗੀ। ਸਰਬ ਭਾਰਤੀ ਕਾਂਗਰਸ ਕਮੇਟੀ ਨੇ ਸੁਨੀਲ ਕੁਮਾਰ ਜਾਖੜ ਨੂੰ ਪ੍ਰਧਾਨਗੀ ਤੋਂ ਹਟਾਕੇ ਨਵਜੋਤ ਸਿੱਧੂ ਨੂੰ ਇਸ ਆਸ ਨਾਲ ਲਿਆਂਦਾ ਸੀ ਕਿ ਪੰਜਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੀ ਕਾਰਗੁਜ਼ਾਰੀ ਦੀ ਅਸਫਲਤਾ ਨੂੰ ਸਫਲਤਾ ਵਿੱਚ ਬਦਲ ਦਿੱਤਾ ਜਾਵੇਗਾ। ਪ੍ਰੰਤੂ ਨਵਜੋਤ ਸਿੰਘ ਸਿੱਧੂ ਦੇ ਫਾਰਮੂਲੇ ਵਿੱਚ ਬੁਰੀ ਤਰ੍ਹਾਂ ਫੇਲ੍ਹ ਹੋਣ ਤੋਂ ਬਾਅਦ ਜਿਹੜੇ ਨਵੇਂ ਫਾਰਮੂਲੇ ਅਧੀਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਭਰਤ ਭੂਸ਼ਣ ਆਸ਼ੂ ਨੂੰ ਪ੍ਰਧਾਨ ਅਤੇ ਕਾਰਜਕਾਰੀ ਪ੍ਰਧਾਨ ਬਣਾਇਆ ਹੈ, ਕੀ ਉਸ ਵਿੱਚ ਸਫਲ ਹੋਣਗੇ ? ਨਵਜੋਤ ਸਿੱਧੂ ਦੇ ਫਾਰਮੂਲੇ ਵਿੱਚ ਚਾਰ ਕਾਰਜਕਾਰੀ ਪ੍ਰਧਾਨ ਲਾਉਣ ਤੋਂ ਬਾਅਦ ਵੀ ਪੰਜਾਬ ਕਾਂਗਰਸ ਦਾ ਕੁਨਬਾ ਇਕਮੁੱਠ ਨਹੀਂ ਹੋ ਸਕਿਆ ਸੀ। ਜਦੋਂ ਅਮਰਿੰਦਰ ਰਾਜਾ ਵੜਿੰਗ ਅਤੇ ਪ੍ਰਤਾਪ ਸਿੰਘ ਬਾਜਵਾ ਅੰਮ੍ਰਿਤਸਰ ਵਿਖੇ ਗਏ ਤਾਂ ਨਵਜੋਤ ਸਿੰਘ ਸਿੱਧੂ ਪਹਿਲਾਂ ਸਮਰਾਲੇ ਅਮਰੀਕ ਸਿੰਘ ਢਿਲੋਂ, ਫਿਰ ਲਾਲ ਸਿੰਘ ਅਤੇ ਸੁਨੀਲ ਜਾਖੜ ਨੂੰ ਮਿਲਣ ਲਈ ਚੰਡੀਗੜ੍ਹ ਚਲੇ ਗਏ। ਇਹ ਪਾਰਟੀ ਦੀ ਫੁੱਟ ਦੇ ਸੰਕੇਤ ਹਨ। ਕੀ ਹੁਣ ਇਕ ਕਾਰਜਕਾਰੀ ਪ੍ਰਧਾਨ ਵਾਲਾ ਫਾਰਮੂਲਾ ਪੰਜਾਬ ਕਾਂਗਰਸ ਵਿੱਚ ਇਕਜੁਟਤਾ ਲਿਆਉਣ ਵਿੱਚ ਸਫਲ ਹੋਵੇਗਾ ? ਇਸ ਬਾਰੇ ਸਿਆਸੀ ਮਾਹਿਰਾਂ ਵੱਲੋਂ ਵੱਖ-ਵੱਖ ਤਰ੍ਹਾਂ ਦੀਆਂ ਕਿਆਸ ਅਰਾਈਆਂ ਲਗਾਈਆਂ ਜਾ ਰਹੀਆਂ ਹਨ। ਇਸ ਨਵੇਂ ਫਾਰਮੂਲੇ ਵਿੱਚ ਪ੍ਰਧਾਨ ਅਤੇ ਕਾਰਜਕਾਰੀ ਪ੍ਰਧਾਨ ਦੋਵੇਂ ਟਕਸਾਲੀ ਕਾਂਗਰਸੀ ਪਰਿਵਾਰਾਂ ਵਿੱਚੋਂ ਹਨ। ਸੁਨੀਲ ਕੁਮਾਰ ਜਾਖੜ ਵੀ ਟਕਸਾਲੀ ਪਰਿਵਾਰ ਵਿੱਚੋਂ ਸੀ। ਕਾਂਗਰਸ ਹਾਈ ਕਮਾਂਡ ਨੇ ਮਹਿਸੂਸ ਕਰ ਲਿਆ ਲਗਦਾ ਹੈ ਕਿ ਦੂਜੀਆਂ ਪਾਰਟੀਆਂ ਵਿੱਚੋਂ ਦਲਬਦਲੀ ਕਰਕੇ ਆਏ ਵਿਅਕਤੀਆ ਨੂੰ ਪ੍ਰਧਾਨ ਬਣਾਉਣ 'ਤੇ ਟਕਸਾਲੀ ਕਾਂਗਰਸੀ ਨੇਤਾ ਅਤੇ ਵਰਕਰ ਪਸੰਦ ਨਹੀਂ ਕਰਦੇ। ਇਸ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੂੰ 18 ਸਾਲ ਦੇ ਕਾਂਗਰਸ ਪਾਰਟੀ ਤੋਂ ਬਨਵਾਸ ਲਏ ਤੋਂ ਬਾਅਦ ਕਾਂਗਰਸ ਵਿੱਚ ਆਉਣ ਤੋਂ ਤੁਰੰਤ ਬਾਅਦ ਪੰਜਾਬ ਪ੍ਰਦੇਸ਼ ਕਾਂਗਰਸ ਦਾ ਪ੍ਰਧਾਨ ਬਣਾ ਦਿੱਤਾ ਸੀ। ਕੈਪਟਨ ਅਮਰਿੰਦਰ ਦਾ ਫਾਰਮੂਲਾ ਸਫਲ ਹੋਣ ਕਰਕੇ ਹੀ ਨਵਜੋਤ ਸਿੱਧੂ ਵਾਲਾ ਫਾਰਮੂਲਾ ਅਪਣਾਇਆ ਗਿਆ ਸੀ। ਨਵਜੋਤ ਸਿੰਘ ਸਿੱਧੂ ਦੇ ਆਉਣ ਨਾਲ ਪੰਜਾਬ ਕਾਂਗਰਸ ਵਿੱਚ ਧੜੇਬੰਦੀ ਸਿਖਰਾਂ 'ਤੇ ਪਹੁੰਚ ਗਈ ਸੀ, ਜਿਸਦਾ ਇਵਜਾਨਾ ਕਾਂਗਰਸ ਪਾਰਟੀ ਨੂੰ ਵਿਧਾਨ ਸਭਾ ਚੋਣਾ ਵਿੱਚ ਭੁਗਤਣਾ ਪਿਆ। ਪ੍ਰਤਾਪ ਸਿੰਘ ਬਾਜਵਾ ਵੀ ਟਕਸਾਲੀ ਕਾਂਗਰਸੀ ਪਰਿਵਾਰ ਵਿੱਚੋਂ ਸਨ, ਉਨ੍ਹਾਂ ਨੂੰ ਹਟਾਕੇ ਵੀ ਕੈਪਟਨ ਅਮਰਿੰਦਰ ਸਿੰਘ ਨੂੰ ਲਿਆਂਦਾ ਸੀ। ਕਾਂਗਰਸ ਪਾਰਟੀ ਦੇ ਜੇਕਰ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਪਤਾ ਲਗਦਾ ਹੈ ਕਿ ਕੇਂਦਰੀ ਕਾਂਗਰਸ



ਹਰ ਵਾਰ ਨਵੇਂ ਫਾਰਮੂਲੇ ਲਾਗੂ ਕਰਕੇ ਨਵੇਂ-ਨਵੇਂ ਤਜ਼ਰਬੇ ਕਰਨ ਦੀ ਆਦੀ ਹੈ। ਇਨ੍ਹਾਂ ਨਵੇਂ ਫਾਰਮੂਲਿਆਂ ਨਾਲ ਇਕ ਵਾਰੀ ਨੂੰ ਛੱਡਕੇ ਕਾਂਗਰਸ ਨੂੰ ਹਮੇਸ਼ਾ ਹਾਰ ਦਾ ਮੂੰਹ ਵੇਖਣਾ ਪਿਆ ਹੈ। 2002 ਵਿੱਚ ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਬਣਨ ਤੋਂ ਬਾਅਦ ਸ਼ਮਸ਼ੇਰ ਸਿੰਘ ਦੂਲੋ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਦਾ ਪ੍ਰਧਾਨ ਬਣਾਕੇ ਦਲਿਤ ਵੋਟਾਂ ਵਟੋਰਨ ਲਈ ਤਜ਼ਰਬਾ ਕੀਤਾ ਸੀ। ਭਾਵ ਦਲਿਤ ਵੋਟਾਂ ਵਟੋਰਨ ਦੀ ਆਸ ਨਾਲ ਉਹ ਫਾਰਮੂਲਾ ਵਰਤਿਆ ਸੀ ਪ੍ਰੰਤੂ ਉਹ ਫਾਰਮੂਲਾ ਵੀ ਬੁਰੀ ਤਰ੍ਹਾਂ ਫੇਲ੍ਹ ਹੋ ਗਿਆ ਸੀ। 2007 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਚੋਣ ਹਾਰ ਗਈ ਸੀ। ਇਥੋਂ ਤੱਕ ਕਿ ਉਦੋਂ ਦੇ ਪੰਜਾਬ ਕਾਂਗਰਸ ਕਮੇਟੀ ਦੇ ਪ੍ਰਧਾਨ ਸ਼ਮਸ਼ੇਰ ਸਿੰਘ ਦੂਲੋ ਵੀ ਚੋਣ ਹਾਰ ਗਏ ਸਨ। ਇਸ ਵਾਰ 2017 ਵਿੱਚ ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਬਣਨ 'ਤੇ ਸੁਨੀਲ ਕੁਮਾਰ ਜਾਖੜ ਨੂੰ ਪ੍ਰਧਾਨ ਤਾਂ ਬਣਾ ਦਿੱਤਾ ਸੀ ਪ੍ਰੰਤੂ ਉਨ੍ਹਾਂ ਨੂੰ ਚਾਰ ਸਾਲ ਕਾਰਜਕਾਰਨੀ ਹੀ ਨਹੀਂ ਬਣਾਉਣ ਦਿੱਤੀ ਸੀ। ਉਹ ਕੈਪਟਨ ਅਮਰਿੰਦਰ ਸਿੰਘ ਦੀ ਹਾਂ ਵਿੱਚ ਹਾਂ ਮਿਲਾਉਂਦੇ ਰਹੇ। ਭਾਵ ਹਮਖਿਆਲੀ ਪ੍ਰਧਾਨ ਅਤੇ ਮੁੱਖ ਮੰਤਰੀ ਵੀ ਸਫਲ ਨਾ ਹੋਏ। ਉਹ ਫਾਰਮੂਲਾ ਵੀ ਸਹੀ ਸਾਬਤ ਨਹੀਂ ਹੋਇਆ ਕਿਉਂਕਿ ਕੈਪਟਨ ਅਮਰਿੰਦਰ ਸਿੰਘ ਲੋਕ ਪੱਖੀ ਫ਼ੈਸਲਿਆਂ ਅਤੇ ਚੋਣ ਸਮੇਂ ਕੀਤੇ ਵਾਅਦਿਆਂ ਤੋਂ ਆਨਾ ਕਾਨੀ ਕਰਦੇ ਰਹੇ। ਸੁਨੀਲ ਕੁਮਾਰ ਜਾਖੜ ਦੀ ਜਾਂ ਤਾਂ ਸੁਣੀ ਨਹੀਂ ਗਈ ਜਾਂ ਉਹ ਜਾਣਕੇ ਚੁੱਪ ਬੈਠੇ ਰਹੇ। ਜਿਸ ਨਾਲ ਕਾਂਗਰਸੀ ਵਰਕਰਾਂ ਦਾ ਮਨੋਬਲ ਡਿਗ ਗਿਆ। ਫਿਰ ਸੁਨੀਲ ਕੁਮਾਰ ਜਾਖੜ ਦੀ ਥਾਂ ਨਵਜੋਤ ਸਿੰਘ ਸਿੱਧੂ ਦਾ ਫਾਰਮੂਲਾ ਲਾਗੂ ਕੀਤਾ। ਸੁਨੀਲ ਜਾਖ਼ੜ ਨੂੰ ਬੇਇਜ਼ਤ ਕਰਕੇ ਅਤੇ ਕੈਪਟਨ ਅਮਰਿੰਦਰ ਸਿੰਘ ਦੀ ਵਿਰੋਧਤਾ ਦੇ ਬਾਵਜੂਦ ਨਵਜੋਤ ਸਿੱਧੂ ਵਾਲਾ ਫਾਰਮੂਲਾ ਲਾਗੂ ਕੀਤਾ ਜੋ ਸਫਲ ਨਹੀਂ ਹੋਇਆ। ਹੁਣ ਟਕਸਾਲੀ ਕਾਂਗਰਸੀ ਨੇਤਾਵਾਂ ਨੂੰ ਪਾਰਟੀ ਦੀ ਵਾਗ ਡੋਰ ਦੇਣ ਦਾ ਭਾਵ ਕੇਂਦਰੀ ਕਾਂਗਰਸ ਪਾਰਟੀ ਨੇ ਆਪਣੀ ਗ਼ਲਤੀ ਮੰਨ ਲਈ ਹੈ। ਅਮਰਿੰਦਰ ਸਿੰਘ ਰਾਜਾ ਵੜਿੰਗ ਮਾਲਵੇ ਨਾਲ ਸੰਬੰਧਤ ਹਨ, ਜਦੋਂ ਕਿ ਮਾਲਵੇ ਵਿੱਚੋਂ ਸਿਰਫ ਦੋ ਹੀ ਵਿਧਾਨਕਾਰ ਜਿੱਤੇ ਹਨ। ਰਾਜਾ ਵੜਿੰਗ ਨੌਜਵਾਨ ਹਨ, ਜੋਸ਼ ਨਾਲ ਪਾਰਟੀ ਨੂੰ ਲਾਮਬੰਦ ਕਰ ਸਕਦੇ ਹਨ ਪ੍ਰੰਤੂ ਸੀਨੀਅਰ ਕਾਂਗਰਸੀਆਂ ਵਿੱਚ ਘੁਸਰ ਮੁਸਰ ਹੋਣ ਲੱਗ ਪਈ ਹੈ। ਰਾਜਾ ਵੜਿੰਗ ਦਾ ਕਾਂਗਰਸ ਪਾਰਟੀ ਵਿੱਚ ਆਰਗੇਨਾਈਜੇਸ਼ਨ ਦਾ ਬਲਾਕ ਦੇ ਪ੍ਰਧਾਨ ਤੋਂ ਸ਼ੁਰੂ ਹੋ ਕੇ ਯੂਥ ਕਾਂਗਰਸ ਦੇ ਆਲ ਇੰਡੀਆ ਪ੍ਰਧਾਨ, ਵਿਧਾਨਕਾਰ ਅਤੇ ਪੰਜਾਬ ਦੇ ਮੰਤਰੀ ਹੋਣ ਕਰਕੇ ਵਿਸ਼ਾਲ ਤਜਰਬਾ ਹੈ। ਰਾਜਾ ਵੜਿੰਗ ਨੂੰ ਪ੍ਰਧਾਨ ਬਣਾਕੇ ਕਾਂਗਰਸ ਪਾਰਟੀ ਨੂੰ ਪਰਿਵਾਰਵਾਦ 'ਚੋਂ ਬਾਹਰ ਕੱਢਣ ਦਾ ਮੈਸਜ ਦੇਣ ਦੀ ਕੋਸ਼ਿਸ਼ ਵੀ ਹੈ। ਵੇਖਣ ਵਾਲੀ ਗੱਲ ਹੈ ਕਿ ਉਹ ਆਪਣੇ ਇਸ ਤਜਰਬੇ ਨਾਲ ਖਖੜੀਆਂ ਹੋਈ ਪੰਜਾਬ ਕਾਂਗਰਸ ਨੂੰ ਇਕ ਪਲੇਟ ਫਾਰਮ 'ਤੇ ਲਿਆਉਣ ਵਿੱਚ ਸਫਲ ਹੁੰਦੇ ਹਨ ਕਿ ਨਹੀਂ। ਪੰਜਾਬ ਕਾਂਗਰਸ ਵਿੱਚ ਧੜੇਬੰਦੀ ਵੀ ਬਹੁਤ ਜ਼ਿਆਦਾ ਹੈ। ਇਸ ਤੋਂ ਇਲਾਵਾ ਜਿਹੜੇ ਪ੍ਰਧਾਨਗੀ ਦੇ ਉਮੀਦਵਾਰ ਸਨ ਕੀ ਉਹ ਵੀ ਰਾਜਾ ਵੜਿੰਗ ਦਾ ਸਾਥ ਦੇਣਗੇ ਕਿ ਆਪੋ ਆਪਣੀ ਡਫਲੀ ਵਜਾਉਂਦੇ ਰਹਿਣਗੇ ? ਕਾਂਗਰਸ ਹਾਈ ਕਮਾਂਡ ਵੀ ਹੁਣ ਸਾਰਾ ਕੁਝ ਗੁਆ ਕੇ ਗੂੜ੍ਹੀ ਨੀਂਦ ਵਿਚੋਂ ਬਾਹਰ ਆ ਗਈ ਲਗਦੀ ਹੈ। ਅਨੁਸ਼ਾਸ਼ਨ ਭੰਗ ਕਰਨ ਵਾਲਿਆਂ ਵਿਰੁੱਧ ਕਾਰਵਾਈ ਕਰ ਰਹੀ ਹੈ। ਹਾਈ ਕਮਾਂਡ ਦੀ ਇਸ ਕਾਰਵਾਈ ਨਾਲ ਰਾਜਾ ਵੜਿੰਗ ਨੂੰ ਤਾਕਤ ਮਿਲੇਗੀ ਕਿਉਂਕਿ ਛੋਟੀ ਕੀਤਿਆਂ ਹੁਣ ਕੋਈ ਨੇਤਾ ਖਾਮਖਾਹ ਬਿਆਨਬਾਜ਼ੀ ਵਿੱਚ ਨਹੀਂ ਪਵੇਗਾ। ਸੁਨੀਲ ਕੁਮਾਰ ਜਾਖੜ ਨੂੰ ਨੋਟਿਸ ਦੇਣਾ ਅਤੇ ਸੁਰਜੀਤ ਸਿੰਘ ਧੀਮਾਨ ਨੂੰ ਪਾਰਟੀ ਵਿੱਚੋਂ ਬਾਹਰ ਕੱਢਣ ਦੇ ਸਖਤ ਫ਼ੈਸਲੇ ਅਨੁਸ਼ਾਸ਼ਨ ਭੰਗ ਕਰਨ ਵਾਲਿਆਂ ਲਈ ਇਕ ਚੇਤਾਵਨੀ ਹੈ। ਬਾਕੀ ਨੇਤਾਵਾਂ ਰਾਣਾ ਗੁਰਜੀਤ ਸਿੰਘ ਜਿਸਨੇ ਆਪਣੇ ਪੁੱਤਰ ਨੂੰ ਕਾਂਗਰਸ ਦੇ ਵਿਧਾਇਕ ਨਵਜੋਤ ਸਿੰਘ ਚੀਮਾ ਵਿਰੁੱਧ ਹਿੱਕ ਠੋਕ ਕੇ ਖੜ੍ਹਾਂ ਕਰਕੇ ਜਿਤਾਇਆ ਹੈ, ਉਸ ਵਿਰੁੱਧ ਕੋਈ ਕਾਰਵਾਈ ਨਹੀਂ। ਇਸੇ ਤਰ੍ਹਾਂ ਮਹਾਰਾਣੀ ਪ੍ਰਨੀਤ ਕੌਰ ਨੇ ਆਪਣੇ ਪਤੀ ਦੇ ਹੱਕ ਵਿੱਚ ਚੋਣ ਪ੍ਰਚਾਰ ਕੀਤਾ ਪ੍ਰੰਤੂ ਅਜੇ ਤੱਕ ਕੋਈ ਕਾਰਵਾਈ ਨਹੀਂ। ਜਸਬੀਰ ਸਿੰਘ ਡਿੰਪਾ ਨੇ ਚੋਣ ਪ੍ਰਚਾਰ ਵਿੱਚ ਹਿੱਸਾ ਹੀ ਨਹੀਂ ਲਿਆ । ਕਾਂਗਰਸ ਪਾਰਟੀ ਧੜੇਬੰਦੀ ਨੂੰ ਖੁਦ ਉਤਸ਼ਾਹਤ ਕਰ ਰਹੀ ਹੈ। ਕੈਪਟਨ ਅਮਰਿੰਦਰ ਸਿੰਘ ਨੂੰ ਹਟਾਉਣ ਤੋਂ ਪਹਿਲਾਂ ਕਾਂਗਰਸ ਨੇ ਸੀਨੀਅਰ ਨੇਤਾਵਾਂ ਤੋਂ ਕੈਪਟਨ ਦੇ ਵਿਰੁੱਧ ਬਿਆਨ ਖੁਦ ਦਿਵਾ ਕੇ ਅਨੁਸ਼ਾਸ਼ਨਹੀਣਤਾ ਨੂੰ ਉਤਸ਼ਾਹਤ ਕੀਤਾ ਸੀ। ਹੁਣ ਅਨੁਸ਼ਾਸ਼ਨ ਵਿੱਚ ਰਹਿਣ ਦਾ ਪਾਠ ਪੜ੍ਹਾ ਰਹੀ ਹੈ। ਕਾਂਗਰਸ ਆਪਣੀਆਂ ਗ਼ਲਤੀਆਂ ਦਾ ਨੁਕਸਾਨ ਉਠਾ ਰਹੀ ਹੈ। ਵੈਸੇ ਜੇਕਰ ਕਾਂਗਰਸ ਪਾਰਟੀ ਚੋਣਾਂ ਤੋਂ ਪਹਿਲਾਂ ਅਤੇ ਚੋਣਾ ਦੌਰਾਨ ਨੇਤਾਵਾਂ ਤੇ ਬਿਆਨਬਾਜ਼ੀ ਨਾ ਕਰਨ ਲਈ ਕੋਈ ਕਾਰਵਾਈ ਕਰਦੀ ਤਾਂ ਕਾਂਗਰਸ ਨੂੰ ਇਹ ਦਿਨ ਨਾ ਵੇਖਣੇ ਪੈਂਦੇ। ਹੁਣ ਤਾਂ ਕਾਂਗਰਸ ਸਹੇ ਦੇ ਨਿਕਲ ਜਾਣ ਤੋਂ ਬਾਅਦ ਰਾਹ ਨਪਦੀ ਫਿਰਦੀ ਹੈ। ਜਾਤ ਬਿਰਾਦਰੀ ਦਾ ਵੀ ਧਿਆਨ ਰੱਖਕੇ ਬੈਲੈਂਸ ਬਣਾਇਆ ਗਿਆ ਹੈ। ਰਾਜਾ ਵੜਿੰਗ ਜੱਟ ਸਿੱਖ ਪਰਿਵਾਰ ਵਿੱਚੋਂ ਅਤੇ ਭਾਰਤ ਭੂਸ਼ਣ ਆਸ਼ੂ ਬ੍ਰਾਹਮਣ ਹਿੰਦੂ ਨੇਤਾ ਹੋਣ ਕਰਕੇ ਲਏ ਗਏ ਹਨ। ਕੈਪਟਨ ਅਮਰਿੰਦਰ ਸਿੰਘ ਵਿਰੁੱਧ ਬਗ਼ਾਬਤ ਕਰਨ ਵਾਲੇ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਅਤੇ ਸੁਖਜਿੰਦਰ ਸਿੰਘ ਰੰਧਾਵਾ ਅੰਦਰੋ ਅੰਦਰੀ ਠੱਗੇ ਮਹਿਸੂਸ ਕਰ ਰਹੇ ਹਨ। ਇਨ੍ਹਾਂ ਦੋਹਾਂ ਨੇਤਾਵਾਂ ਨੇ ਨਵਜੋਤ ਸਿੰਘ ਸਿੱਧੂ ਨੂੰ ਪ੍ਰਧਾਨ ਬਣਾਉਣ ਵਿੱਚ ਵੀ ਅਹਿਮ ਭੂਮਿਕਾ ਨਿਭਾਈ ਸੀ। ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਭਾਰਤ ਭੂਸ਼ਨ ਆਸ਼ੂ ਨੂੰ ਮਾਲਵੇ ਅਤੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਅਤੇ ਉਪ ਨੇਤਾ ਰਾਜ ਕੁਮਾਰ ਚਬੇਵਾਲ ਨੂੰ ਮਾਝੇ ਵਿੱਚੋਂ ਬਣਾਕੇ ਪ੍ਰਤੀਨਿਤਾ ਦਿੱਤੀ ਗਈ ਹੈ। ਰਾਜ ਕੁਮਾਰ ਚੱਬੇਵਾਲ ਨੂੰ ਬਣਾਕੇ ਅਨੁਸੂਚਿਤ ਜਾਤੀਆਂ ਨੂੰ ਸੰਤੁਸ਼ਟ ਕੀਤਾ ਗਿਆ ਹੈ। ਅਜਿਹੇ ਫਾਰਮੂਲੇ ਕਾਂਗਰਸ ਬਣਾ ਤਾਂ ਲੈਂਦੀ ਹੈ ਪ੍ਰੰਤੂ ਅਮਲੀ ਤੌਰ ਤੇ ਸਫਲ ਹੋਣ ਲਈ ਜਦੋਜਹਿਦ ਕਰਨੀ ਪੈਂਦੀ ਹੈ। ਤੇਲ ਵੇਖੋ ਅਤੇ ਤੇਲ ਦੀ ਧਾਰ ਵੇਖੋ ਕਿ ਅਮਰਿੰਦਰ ਸਿੰਘ ਰਾਜਾ ਵੜਿੰਗ ਕਾਂਗਰਸ ਪਾਰਟੀ ਨੂੰ ਮੰਝਧਾਰ ਵਿੱਚੋਂ ਕੱਢਣ ਵਿੱਚ ਕਿਤਨਾ ਕੁ ਸਫਲ ਹੁੰਦੇ ਹਨ।

# ਸੰਦੀਪ ਨੰਗਲ ਅੰਬੀਆਂ ਦਾ ਕਤਲ ਅਤੇ ਪੰਜਾਬ ਵਿੱਚ ਵਧ ਰਿਹਾ ਗੈਂਗਸਟਰ ਕਲਚਰ



**ਬਲਰਾਜ ਸਿੰਘ ਸਿੱਧੂ ਕਮਾਂਡੈਂਟ**
ਮੋ. 9501100062

**ਸੰਦੀਪ ਵਰਗੇ ਹੋਣਹਾਰ ਕਬੱਡੀ ਖਿਡਾਰੀ ਦਾ ਕਤਲ ਉਸ ਦੇ ਘਰ ਵਾਲਿਆਂ ਵਾਸਤੇ ਕਿਸੇ ਕਹਿਰ ਤੋਂ ਘੱਟ ਨਹੀਂ ਹੈ। ਆਮ ਘਰ ਤੋਂ ਉੱਠ ਕੇ ਐਨੀ ਵੱਡੀ ਪ੍ਰਸਿੱਧੀ ਹਾਸਲ ਕਰਨੀ ਕਿਸੇ ਹਾਰੀ ਸਾਰੀ ਦੇ ਵੱਸ ਦੀ ਗੱਲ ਨਹੀਂ ਹੈ। ਕਬੱਡੀ ਦੇ ਪ੍ਰਸਿੱਧ ਖਿਡਾਰੀਆਂ ਨੂੰ ਵਿਦੇਸ਼ੀ ਕਲੱਬਾਂ ਵੱਲੋਂ ਮਿਲਦੇ ਵਧੀਆ ਪੈਸੇ ਕਾਰਨ ਗੈਂਗਸਟਰ ਹੁਣ ਕਬੱਡੀ ਵਿੱਚ ਵੀ ਦਖਲਅੰਦਾਜ਼ੀ ਕਰਨ ਲੱਗ ਪਏ ਹਨ। ਮਾਲਵੇ ਵਿੱਚ ਅਜਿਹੇ ਕੁਝ ਕੇਸ ਸਾਹਮਣੇ ਆਏ ਹਨ ਕਿ ਗੈਂਗਸਟਰ ਵਿਦੇਸ਼ਾਂ ਦੇ ਟੂਰ ਲਗਾਉਣ ਵਾਲੇ ਕਈ ਖਿਡਾਰੀਆਂ ਤੋਂ ਲੱਤਾਂ ਤੋੜ ਕੇ ਕੈਰੀਅਰ ਖਰਾਬ ਕਰਨ ਦੀਆਂ ਧਮਕੀਆਂ ਦੇ ਕੇ ਪੈਸੇ ਬਟੋਰ ਚੁੱਕੇ ਹਨ। ਗੈਂਗਸਟਰਾਂ ਦੀ ਹਿੰਮਤ ਇਸ ਕਾਰਨ ਜਿਆਦਾ ਵਧ ਗਈ ਹੈ ਕਿਉਂਕਿ ਡਰਦੇ ਮਾਰੇ ਲੋਕ ਇਨ੍ਹਾਂ ਖਿਲਾਫ ਪੁਲਿਸ ਕੋਲ ਸ਼ਿਕਾਇਤ ਕਰਨ ਤੋਂ ਕਤਰਾਉਂਦੇ ਹਨ।**

ਪਿਛਲੇ ਕੁਝ ਸਾਲਾਂ ਤੋਂ ਪੰਜਾਬ ਵਿੱਚ ਗੈਂਗਸਟਰ ਬਹੁਤ ਵਧ ਗਏ ਹਨ। ਇਸ ਵੇਲੇ ਛੋਟੇ ਵੱਡੇ ਮਿਲਾ ਕੇ ਬਦਮਾਸ਼ਾਂ ਦੇ 15 - 20 ਗੈਂਗ ਸਰਗਰਮ ਹਨ। ਇਨ੍ਹਾਂ ਦਾ ਮੁੱਖ ਧੰਦਾ ਕਤਲ, ਕੁੱਟਮਾਰ, ਫਿਰੌਤੀ, ਅਗਵਾ ਅਤੇ ਵਿਰੋਧੀ ਧੜੇ ਦੇ ਬਦਮਾਸ਼ਾਂ ਅਤੇ ਮੁਖਬਰਾਂ ਨੂੰ ਖਤਮ ਕਰਨਾ ਹੈ। ਵੱਡੇ ਗੈਂਗਸਟਰਾਂ ਵਿੱਚ ਵਿੱਕੀ ਗਾਊਂਡਰ, ਪ੍ਰੇਮਾ ਲਹੌਰੀਆ, ਸੁੱਖਾ ਕਾਹਲਵਾਂ, ਗੁਰਪ੍ਰੀਤ ਸਿੰਘ ਸੇਖੋਂ, ਤੀਰਥ ਸਿੰਘ ਢਿੱਲਵਾਂ, ਦਿਲਪ੍ਰੀਤ ਸਿੰਘ ਢਾਹਾਂ, ਕੁਲਪ੍ਰੀਤ ਸਿੰਘ ਨੀਟਾ ਦਿਉਲ, ਰਵੀਚਰਨ ਸਿੰਘ ਉਰਫ ਰਵੀ ਦਿਉਲ, ਗੁਰਬਖਸ਼ ਸੇਵੇਵਾਲਾ, ਦਵਿੰਦਰ ਬੰਬੀਹਾ, ਸ਼ੇਰਾ ਖੁੱਬਣ, ਜੈਪਾਲ ਭੁੱਲਰ, ਮੰਨਪ੍ਰੀਤ ਮੰਨਾ, ਪ੍ਰਭਦੀਪ ਸਿੰਘ, ਕਮਲਜੀਤ ਸਿੰਘ ਉਰਫ ਬੰਟੀ ਢਿੱਲੋਂ, ਜਸਪ੍ਰੀਤ ਸਿੰਘ ਉਰਫ ਜੰਪੀ ਡੌਨ, ਸਾਰਜ ਸਿੰਘ ਮਿੰਟੂ, ਜਸਵਿੰਦਰ ਰੌਕੀ, ਜਸਪ੍ਰੀਤ ਸਿੰਘ ਘਣਸ਼ਾਮਪੁਰਾ, ਹੈਰੀ ਚੱਠਾ, ਜੱਗੂ ਭਗਵਾਨਪੁਰੀਆ ਅਤੇ ਲਾਰੈਂਸ ਬਿਸ਼ਨੋਈ ਆਦਿ ਦੇ ਨਾਮ ਆਉਂਦੇ ਹਨ। ਇਨ੍ਹਾਂ ਵਿੱਚੋਂ ਕਈ ਮੁਕਾਬਲਿਆਂ ਅਤੇ ਆਪਸੀ ਕਤਲੋਗਾਰਤ ਵਿੱਚ ਮਾਰੇ ਜਾ ਚੁੱਕੇ ਹਨ, ਕੁਝ ਜੇਲ੍ਹਾਂ ਵਿੱਚ ਬੰਦ ਹਨ, ਕੁਝ ਭਗੌੜੇ ਹਨ ਤੇ ਕਈ ਰਿੰਕੂ ਬੀਹਲਾ ਅਤੇ ਲਖਬੀਰ ਸਿੰਘ ਲੰਡੇ ਵਰਗੇ ਵਿਦੇਸ਼ਾਂ ਤੋਂ ਆਪਣੇ ਗੈਂਗ ਚਲਾ ਰਹੇ ਹਨ। ਕਈ ਵੱਡੇ ਗੈਂਗਸਟਰਾਂ ਦੇ ਗੈਂਗ ਉਨ੍ਹਾਂ ਮਰਨ ਜਾਂ ਫੜ੍ਹੇ ਜਾਣ ਤੋਂ ਬਾਅਦ ਵੀ ਸਰਗਰਮ ਹਨ। ਮਹੀਨੇ ਦਸਾਂ ਦਿਨਾਂ ਬਾਅਦ ਲਾਰੈਂਸ ਬਿਸ਼ਨੋਈ, ਦਵਿੰਦਰ ਬੰਬੀਹਾ ਅਤੇ ਜੱਗੂ ਭਗਵਾਨਪੁਰੀਏ ਆਦਿ ਗੈਂਗਾਂ ਦੀ ਸ਼ਮੂਲੀਅਤ ਕਿਸੇ ਨਾ ਕਿਸੇ ਅਪਰਾਧ ਵਿੱਚ ਸਾਹਮਣੇ ਆ ਹੀ ਜਾਂਦੀ ਹੈ। ਜੇਲ੍ਹਾਂ ਵਿੱਚ ਬੈਠੇ ਗੈਂਗਸਟਰ ਵੱਖ ਵੱਖ ਤਰੀਕਿਆਂ ਰਾਹੀਂ ਆਪਣੇ ਗੁਰਗਿਆਂ ਨੂੰ ਵਾਰਦਾਤ ਕਰਨ ਲਈ ਹੁਕਮ ਭੇਜਦੇ ਰਹਿੰਦੇ ਹਨ। ਸੰਦੀਪ ਦਾ ਕਤਲ ਵੀ ਬਰੈਂਪਟਨ (ਕਨੇਡਾ) ਵਾਸੀ ਪੱਤਰਕਾਰ ਤੇ ਕਬੱਡੀ ਪ੍ਰਮੋਟਰ ਸਨਾਵਰ ਢਿੱਲੋਂ ਦੇ ਕਹਿਣ 'ਤੇ ਜੇਲ੍ਹ ਵਿੱਚ ਬੰਦ ਗੈਂਗਸਟਰ ਫਤਿਹ ਸਿੰਘ, ਕੌਸ਼ਲ ਚੌਧਰੀ, ਅਮਿਤ ਡਾਗਰ ਅਤੇ ਸਿਮਰਨਜੀਤ ਸਿੰਘ ਆਦਿ ਨੇ ਆਪਣੇ ਗੁਰਗਿਆਂ ਤੋਂ ਕਰਵਾਏ ਜਾਣ ਦੀਆਂ ਖਬਰਾਂ ਸੁਣਨ ਨੂੰ ਮਿਲੀਆਂ ਹਨ। ਖਬਰਾਂ ਅਨੁਸਾਰ ਸਨਾਵਰ ਸਿੰਘ ਨੇ ਇੱਕ ਕਬੱਡੀ ਕਲੱਬ ਬਣਇਆ ਹੋਇਆ ਹੈ ਤੇ ਉਹ ਦਬਾਅ ਪਾਉਂਦਾ ਸੀ ਕਿ ਸੰਦੀਪ ਨਾਲ ਸਬੰਧਿਤ ਪ੍ਰਸਿੱਧ ਖਿਡਾਰੀ ਉਸ ਦੇ ਕਲੱਬ ਵਾਸਤੇ ਖੇਡਣ। ਫਿਰੌਤੀ ਉਗਰਾਹੁਣ ਲਈ ਗੈਂਗਸਟਰ ਸ਼ਿਕਾਰ ਨੂੰ ਪਹਿਲਾਂ ਵਿਦੇਸ਼ੀ ਨੰਬਰ ਵਾਲੇ ਮੋਬਾਇਲ ਤੋਂ ਧਮਕਾਉਂਦੇ ਹਨ ਤੇ ਫਿਰੌਤੀ ਨਾ ਮਿਲਣ 'ਤੇ ਉਸ ਦੇ ਘਰ ਜਾਂ ਵਪਾਰਿਕ ਅਦਾਰੇ 'ਤੇ ਫਾਇਰਿੰਗ ਕਰਵਾ ਦੇਂਦੇ ਹਨ। ਪੰਜਾਬ ਦੇ ਇੱਕ ਸਿੰਗਰ - ਐਕਟਰ ਨਾਲ ਵੀ ਅਜਿਹਾ ਹੀ ਵਾਪਰਿਆ ਸੀ। ਪਹਿਲਾਂ ਉਸ ਨੂੰ ਪੈਸੇ ਦੇਣ ਲਈ ਧਮਕੀ ਭਰੇ ਫੋਨ ਕੀਤੇ ਗਏ ਤੇ ਬਾਅਦ ਵਿੱਚ ਉਸ ਦੀ ਕਾਰ 'ਤੇ ਗੋਲੀਆਂ ਚਲਾ ਕੇ ਜ਼ਖਮੀ ਕੀਤਾ ਗਿਆ। ਕੁਝ ਦਿਨ ਪਹਿਲਾਂ ਮੋਹਾਲੀ ਦੇ ਇੱਕ ਬੀਅਰ ਬਾਰ ਅਤੇ ਹੁਸ਼ਿਆਰਪੁਰ ਦੇ ਇੱਕ ਕਬੱਡੀ ਖਿਡਾਰੀ ਦੇ ਘਰ 'ਤੇ ਵੀ ਗੋਲੀਆਂ ਚਲਾਈਆਂ ਗਈਆਂ ਹਨ। ਫਿਰੌਤੀ ਦੀ ਮੰਗ ਪੂਰੀ ਨਾ ਹੋਣ 'ਤੇ ਕਈ ਵਿਅਕਤੀਆਂ ਨੂੰ ਕਤਲ ਤੱਕ ਵੀ ਕੀਤਾ ਜਾ ਚੁੱਕਾ ਹੈ। ਵਿਦੇਸ਼ਾਂ ਵਿੱਚ ਬੈਠੇ ਕੱਟੜਵਾਦੀ ਵੀ ਹੁਣ ਖੁਦ ਵਾਰਦਾਤਾਂ ਕਰਨ ਦੀ ਬਜਾਏ ਭਾੜੇ ਦੇ ਗੈਂਗਸਟਰਾਂ ਨੂੰ ਵਰਤਣ ਲੱਗ ਪਏ ਹਨ। ਕੁਝ ਸਾਲ ਪਹਿਲਾਂ ਪੰਜਾਬ ਦੀ ਸ਼ਾਂਤੀ ਨੂੰ ਲਾਂਬੂ ਲਗਾਉਣ ਤੇ ਦੰਗਿਆਂ ਦੀ ਅੱਗ ਵਿੱਚ ਝੋਕਣ ਖਾਤਰ ਇਨ੍ਹਾਂ ਕੱਟੜਪੰਥੀਆਂ ਨੇ ਗੈਂਗਸਟਰਾਂ ਰਾਹੀਂ ਵੱਖ ਵੱਖ ਧਰਮਾਂ ਦੇ ਆਗੂਆਂ ਨੂੰ ਕਤਲ ਕਰਵਾਇਆ ਸੀ। ਪਰ ਉਨ੍ਹਾਂ ਦੀ ਇਹ ਯੋਜਨਾ ਪੰਜਾਬੀਆਂ ਨੇ ਅਸਫਲ ਬਣਾ ਦਿੱਤੀ ਤੇ ਆਪਣਾ ਭਾਈਚਾਰਾ ਬਣਾਈ ਰੱਖਿਆ। ਕੁਝ ਦਿਨਾਂ ਬਾਅਦ ਇਹ ਭਾੜੇ ਦੇ ਕਾਤਲ ਵੀ ਪਕੜੇ ਗਏ ਸਨ।



ਗੈਂਗਸਟਰਾਂ ਦੁਆਰਾ ਪੰਜਾਬ ਵਿੱਚ ਕੀਤੀ ਗਈ ਸਭ ਤੋਂ ਵੱਡੀ ਵਾਰਦਾਤ ਸ਼ੌਰੀਆ ਚੱਕਰ ਵਿਜੇਤਾ ਕਾਮਰੇਡ ਬਲਵਿੰਦਰ ਸਿੰਘ ਭਿੱਖੀਵਿੰਡ ਦਾ ਕਤਲ ਹੈ। ਅੱਤਵਾਦ ਦੌਰਾਨ ਕਈ ਸਾਲਾਂ ਤੱਕ ਖਾੜਕੂ ਜਥੇਬੰਦੀਆਂ ਦਾ ਡਟ ਕੇ ਮੁਕਾਬਲਾ ਕਰਨ ਕਾਰਨ ਬਲਵਿੰਦਰ ਸਿੰਘ, ਉਸ ਦੀ ਪਤਨੀ, ਭਰਾ ਅਤੇ ਭਰਜਾਈ ਨੂੰ ਭਾਰਤ ਦੇ ਇਤਿਹਾਸ ਵਿੱਚ ਪਹਿਲੀ ਵਾਰ ਇਕੱਠੇ ਚਾਰ ਸ਼ੌਰਿਆ ਚੱਕਰ ਪ੍ਰਦਾਨ ਕੀਤੇ ਗਏ ਸਨ। ਜਿਹੜਾ ਕੰਮ ਪੰਜਾਬ ਦੀਆਂ ਸਾਰੀਆਂ ਖਾੜਕੂ ਜਥੇਬੰਦੀਆਂ ਮਿਲ ਕੇ ਨਹੀਂ ਸੀ ਕਰ ਸਕੀਆਂ, ਉਹ ਅਣਜਾਣ ਜਿਹੇ ਗੈਂਗਸਟਰਾਂ ਨੇ ਕਰ ਦਿੱਤਾ। ਗੈਂਗਸਟਰਾਂ ਨੂੰ ਸ਼ਾਇਦ ਇਹ ਪਤਾ ਹੀ ਨਹੀਂ ਸੀ ਕਿ ਉਹ ਕਿਸ ਹਸਤੀ ਨੂੰ ਕਤਲ ਕਰਨ ਜਾ ਰਹੇ ਹਨ। ਇਸ ਕਤਲ ਦੇ ਤਾਰ ਵੀ ਵਿਦੇਸ਼ਾਂ ਨਾਲ ਜੁੜੇ ਦੱਸੇ ਜਾਂਦੇ ਹਨ। ਗੈਂਗਸਟਰਾਂ ਦਾ ਨੈੱਟਵਰਕ ਬਹੁਤ ਵੱਡਾ ਹੈ ਤੇ ਇਨ੍ਹਾਂ ਦੇ ਗੁਰਗੇ ਥਾਂ ਥਾਂ 'ਤੇ ਬੈਠੇ ਹੋਏ ਹਨ। ਕਾਫੀ ਸਾਲ ਪਹਿਲਾਂ ਦੀ ਗੱਲ ਹੈ ਕਿ ਲੁਧਿਆਣਾ ਜਿਲ੍ਹੇ ਦੇ ਇੱਕ ਠੱਗ ਟਰੈਵਲ ਏਜੰਟ ਨੇ ਕਿਸੇ ਵਿਅਕਤੀ ਤੋਂ ਵਿਦੇਸ਼ ਭੇਜਣ ਲਈ ਪੈਸੇ ਲੈ ਲਏ। ਉਹ ਗਾਹਕ ਨੂੰ ਬਾਹਰ ਨਾ ਭੇਜ ਸਕਿਆ ਪਰ ਪੈਸੇ ਮੋੜਨ ਤੋਂ ਸਾਫ ਜਵਾਬ ਦੇ ਦਿੱਤਾ। ਪੈਸੇ ਲੈਣ ਵਾਲਾ ਬੰਦਾ ਕਿਸੇ ਗੈਂਗਸਟਰ ਦਾ ਵਾਕਿਫ ਸੀ ਤੇ ਉਸ ਨੇ ਗੈਂਗਸਟਰ ਦੀ ਏਜੰਟ ਨਾਲ ਫੋਨ 'ਤੇ ਗੱਲ ਕਰਵਾ ਦਿੱਤੀ। ਗੈਂਗਸਟਰ ਵੱਲੋਂ ਧਮਕੀਆਂ ਦੇਣ 'ਤੇ ਏਜੰਟ ਨੇ ਉਸ ਨੂੰ ਵੀ ਗਾਲ੍ਹਾਂ ਕੱਢ ਦਿੱਤੀਆਂ। ਫੋਨ ਕਾਲ ਤੋਂ ਸਿਰਫ 20 - 25 ਮਿੰਟ ਬਾਅਦ ਹੀ ਗੈਂਗਸਟਰ ਦੇ ਮੁਸ਼ਟੰਡੇ ਏਜੰਟ ਦੇ ਦਫਤਰ ਪਹੁੰਚ ਗਏ। ਦਫਤਰ ਦੀ ਭੰਨ ਤੋੜ ਕਰਨ ਤੋਂ ਇਲਾਵਾ ਏਜੰਟ ਦਾ ਵੀ ਰੱਜ ਕੇ ਕੁਟਾਪਾ ਕੀਤਾ ਤੇ ਦੁਬਾਰਾ ਉਸ ਦੀ ਗੈਂਗਸਟਰ ਨਾਲ ਗੱਲ ਕਰਵਾਈ ਗਈ। ਗੈਂਗਸਟਰ ਦੀ ਕਮਿਸ਼ਨ ਸਮੇਤ ਦੋ ਗੁਣਾ ਪੈਸੇ ਦੇ ਕੇ ਏਜੰਟ ਨੇ ਮਸਾਂ ਆਪਣੀ ਜਾਨ ਛੁਡਾਈ। ਸੰਦੀਪ ਵਰਗੇ ਹੋਣਹਾਰ ਕਬੱਡੀ ਖਿਡਾਰੀ ਦਾ ਕਤਲ ਉਸ ਦੇ ਘਰ ਵਾਲਿਆਂ ਵਾਸਤੇ ਕਿਸੇ ਕਹਿਰ ਤੋਂ ਘੱਟ ਨਹੀਂ ਹੈ। ਆਮ ਘਰ ਤੋਂ ਉੱਠ ਕੇ ਐਨੀ ਵੱਡੀ ਪ੍ਰਸਿੱਧੀ ਹਾਸਲ ਕਰਨੀ ਕਿਸੇ ਹਾਰੀ ਸਾਰੀ ਦੇ ਵੱਸ ਦੀ ਗੱਲ ਨਹੀਂ ਹੈ। ਕਬੱਡੀ ਦੇ ਪ੍ਰਸਿੱਧ ਖਿਡਾਰੀਆਂ ਨੂੰ ਵਿਦੇਸ਼ੀ ਕਲੱਬਾਂ ਵੱਲੋਂ ਮਿਲਦੇ ਵਧੀਆ ਪੈਸੇ ਕਾਰਨ ਗੈਂਗਸਟਰ ਹੁਣ ਕਬੱਡੀ ਵਿੱਚ ਵੀ ਦਖਲਅੰਦਾਜ਼ੀ ਕਰਨ ਲੱਗ ਪਏ ਹਨ। ਮਾਲਵੇ ਵਿੱਚ ਅਜਿਹੇ ਕੁਝ ਕੇਸ ਸਾਹਮਣੇ ਆਏ ਹਨ ਕਿ ਗੈਂਗਸਟਰ ਵਿਦੇਸ਼ਾਂ ਦੇ ਟੂਰ ਲਗਾਉਣ ਵਾਲੇ ਕਈ ਖਿਡਾਰੀਆਂ ਤੋਂ ਲੱਤਾਂ ਤੋੜ ਕੇ ਕੈਰੀਅਰ ਖਰਾਬ ਕਰਨ ਦੀਆਂ ਧਮਕੀਆਂ ਦੇ ਕੇ ਪੈਸੇ ਬਟੋਰ ਚੁੱਕੇ ਹਨ। ਗੈਂਗਸਟਰਾਂ ਦੀ ਹਿੰਮਤ ਇਸ ਕਾਰਨ ਜਿਆਦਾ ਵਧ ਗਈ ਹੈ ਕਿਉਂਕਿ ਡਰਦੇ ਮਾਰੇ ਲੋਕ ਇਨ੍ਹਾਂ ਖਿਲਾਫ ਪੁਲਿਸ ਕੋਲ ਸ਼ਿਕਾਇਤ ਕਰਨ ਤੋਂ ਕਤਰਾਉਂਦੇ ਹਨ। ਅਦਾਲਤਾਂ ਵਿੱਚ ਵੀ ਪੀੜਤਾਂ ਵੱਲੋਂ ਗੈਂਗਸਟਰਾਂ ਦੇ ਖਿਲਾਫ ਗਵਾਹੀ ਨਾ ਦੇਣ ਕਾਰਨ ਇਹ ਜਿਆਦਾਤਰ ਮੁਕੱਦਮਿਆਂ ਵਿੱਚੋਂ ਬਰੀ ਹੋ ਜਾਂਦੇ ਹਨ। ਧਨੌਲੇ ਦੇ ਰਹਿਣ ਵਾਲੇ ਗੈਂਗਸਟਰ ਕਾਲੇ ਦੇ ਖਿਲਾਫ 40 - 45 ਦੇ ਕਰੀਬ ਫੌਜਦਾਰੀ ਮੁਕੱਦਮੇ ਦਰਜ਼ ਹਨ। ਪਰ ਗਵਾਹਾਂ ਨੂੰ ਡਰਾਉਣ ਧਮਕਾਉਣ ਕਾਰਨ ਉਹ ਤਕਰੀਬਨ ਸਾਰੇ ਮੁਕੱਦਮਿਆਂ ਵਿੱਚੋਂ ਬਰੀ ਹੋ ਚੁੱਕਾ ਹੈ। ਸਿਰਫ ਇੱਕ ਦੋ ਕੇਸਾਂ ਵਿੱਚ ਹੀ ਅੰਦਰ ਹੈ।

ਗੈਂਗਸਟਰਾਂ ਦੀ ਜ਼ਿੰਦਗੀ ਵੇਖਣ ਨੂੰ ਬਹੁਤ ਰੁਮਾਂਟਿਕ ਅਤੇ ਵਧੀਆ ਲੱਗਦੀ ਹੈ ਪਰ ਅਸਲ ਵਿੱਚ ਬਹੁਤ ਹੀ ਬੁਰੀ ਹੁੰਦੀ ਹੈ। ਹਰ ਵੇਲੇ ਪੁਲਿਸ ਦੀ ਗੋਲੀ ਦਾ ਡਰ ਸਤਾਉਂਦਾ ਰਹਿੰਦਾ ਹੈ। ਪੁਲਿਸ ਮੁਕਾਬਲੇ ਵਿੱਚ ਵਿੱਕੀ ਗਾਊਂਡਰ ਦੀ ਮੌਤ ਹੋਣ ਤੋਂ ਬਾਅਦ ਘੈਂਟ ਅਖਵਾਉਣ ਵਾਲੇ ਕਈ ਗੈਂਗਸਟਰਾਂ ਨੇ ਡਰਦੇ ਮਾਰੇ ਆਤਮ ਸਮਰਪਣ ਕਰ ਦਿੱਤਾ ਸੀ। ਜਵਾਨੀ ਵਿੱਚ ਵੈਸੇ ਵੀ ਆਦਮੀ ਨੂੰ ਲੜਨ ਖਹਿਣ ਦਾ ਬਹੁਤ ਚਾਅ ਹੁੰਦਾ ਹੈ। ਸਿਆਲ ਦੀਆਂ ਰਾਤਾਂ ਨੂੰ ਧੂਣੀਆਂ 'ਤੇ ਬੈਠ ਕੇ ਲੜਾਈ ਦੀਆਂ ਗੱਲਾਂ ਸੁਣਨੀਆਂ ਬਹੁਤ ਚੰਗੀਆਂ ਲੱਗਦੀਆਂ ਹਨ। ਅੰਗਰੇਜ਼ੀ ਦੀ ਇੱਕ ਕਹਾਵਤ ਹੈ ਕਿ ਜਿਸ ਨੇ ਕਦੇ ਜੰਗ ਵਿੱਚ ਭਾਗ ਨਹੀਂ ਲਿਆ, ਉਸ ਨੂੰ ਜੰਗ ਬਹੁਤ ਚੰਗੀ ਲੱਗਦੀ ਹੈ। ਨਵੇਂ ਰੰਗਰੂਟਾਂ ਨੂੰ ਫਸਾਉਣ ਲਈ ਗੈਂਗਸਟਰ ਹੁਣ ਸ਼ੋਸ਼ਲ ਮੀਡੀਆ ਦੀ ਵਰਤੋਂ ਵੀ ਕਰਨ ਲੱਗ ਪਏ ਹਨ। ਕਈ ਇਨਾਮੀ ਗੈਂਗਸਟਰਾਂ ਦੇ ਮਰਨ ਤੋਂ ਬਾਅਦ ਵੀ ਉਨ੍ਹਾਂ ਦੇ ਫੇਸਬੁੱਕ ਪੇਜ਼ ਚੱਲ ਰਹੇ ਹਨ ਜਿਨ੍ਹਾਂ 'ਚ ਉਨ੍ਹਾਂ ਦੀ ਉਸਤਤ ਦੀਆਂ ਪੋਸਟਾਂ ਪਾਈਆਂ ਜਾਂਦੀਆਂ ਹਨ। ਪਰ ਪੰਜਾਬ ਦੇ ਜਵਾਨਾਂ ਨੂੰ ਚਾਹੀਦਾ ਹੈ ਕਿ ਇੱਜ਼ਤ ਵਾਲੀ ਜ਼ਿੰਦਗੀ ਬਤੀਤ ਕਰਨ ਲਈ ਇਨ੍ਹਾਂ ਬਦਮਾਸ਼ਾਂ ਤੋਂ ਦੂਰ ਹੀ ਰਹਿਣ। ਦੋ ਚਾਰ ਗੈਂਗਸਟਰਾਂ ਨੂੰ ਛੱਡ ਕੇ ਬਾਕੀਆਂ ਦੇ ਪਰਿਵਾਰਾਂ ਦੀ ਸਥਿੱਤੀ ਬਹੁਤ ਹੀ ਬੁਰੀ ਹੈ। ਜੇ ਕਿਸੇ ਨੂੰ ਮੇਰੀ ਗੱਲ 'ਤੇ ਸ਼ੱਕ ਹੋਵੇ ਤਾਂ ਜਾ ਕੇ ਵਿੱਕੀ ਗਾਊਂਡਰ ਦੇ ਘਰ ਦੀ ਹਾਲਤ ਵੇਖ ਲਵੇ। ਉਹ ਦਿਨ ਦੂਰ ਨਹੀਂ ਜਦੋਂ ਅੱਤਵਾਦ ਵਾਂਗ ਪੰਜਾਬ ਵਿੱਚੋਂ ਗੈਂਗਸਟਰ ਕਲਚਰ ਵੀ ਖਤਮ ਹੋ ਜਾਵੇਗਾ।

**ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।**



**Edmonton**
Sukhdev Singh Dhanoa
780 700 5022,
780 599 2000
Email:
sukhdevdhanoa@gmail.com



**Regina**
Gurbinder Singh Gagowal
306 520 4313,
639 999 1000
Email:
gur.gago@gmail.com



**Saskatoon**
Rishi Joshi
639 742 1200
639 999 1000
Rishijoshi1990 @hotmail.com



**Winnipeg**
Lakha Sehajpal Daudhar
204 891 0031
431 733 3000
lakhadaudhar007@gmail.com



**Winnipeg**
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

## ਖ਼ਬਰ ਪੰਜਾਬ ਤੋਂ ਆਈ ਐ ਬਈ--

# ਇਤਰਾਜ਼ਯੋਗ ਟਿੱਪਣੀ ਲਈ ਰਾਘਵ ਚੱਢਾ ਨੂੰ ਭਾਜਪਾ ਦਾ ਕਾਨੂੰਨੀ ਨੋਟਿਸ

ਚੰਡੀਗੜ੍ਹ (ਪੰਜਾਬੀ ਅਖ਼ਬਾਰ ਬਿਊਰੋ)- ਆਮ ਆਦਮੀ ਪਾਰਟੀ ਦੇ ਕੌਮੀ ਬੁਲਾਰੇ ਅਤੇ ਰਾਜ ਸਭਾ ਸੰਸਦ ਮੈਂਬਰ ਰਾਘਵ ਚੱਢਾ ਵਲੋਂ ਭਾਰਤੀ ਜਨਤਾ ਪਾਰਟੀ ਨੂੰ ਭਾਰਤੀ ਜਹਿਲ ਪਾਰਟੀ ਅਤੇ ਭਾਜਪਾ ਵਰਕਰਾਂ ਨੂੰ ਗੁੰਡਾ ਕਹਿਣ 'ਤੇ ਕਾਨੂੰਨੀ ਨੋਟਿਸ ਭੇਜਿਆ ਗਿਆ ਹੈ। ਭਾਜਯੁਮੋ ਦੇ ਉੱਪ-ਪ੍ਰਧਾਨ ਅਸ਼ੋਕ ਸਰੀਨ ਹਿੱਕੀ ਨੇ ਰਾਘਵ ਚੱਢਾ ਨੂੰ ਈ-ਮੇਲ ਅਤੇ ਡਾਕ ਰਾਹੀਂ ਤਿੰਨ ਦਿਨਾਂ 'ਚ ਮੁਆਫ਼ੀ ਮੰਗਣ ਦਾ ਕਾਨੂੰਨੀ ਨੋਟਿਸ ਭੇਜਿਆ ਹੈ। ਮੁਆਫ਼ੀ ਨਾ ਮੰਗਣ 'ਤੇ ਅਪਰਾਧਕ ਧਾਰਾਵਾਂ 'ਚ ਮੁਕੱਦਮਾ ਦਾਖਲ ਕਰਨ ਦੀ ਚਿਤਾਵਨੀ ਦਿੱਤੀ ਹੈ।



ਭਾਜਪਾ ਯੁਵਾ ਨੇਤਾ ਅਸ਼ੋਕ ਸਰੀਨ ਹਿੱਕੀ ਨੇ ਕਿਹਾ ਕਿ ਭਾਜਪਾ ਵਰਕਰਾਂ ਦੁਆਰਾ ਜਨਤਾ ਦੇ ਸਾਹਮਣੇ ਸਬੂਤਾਂ ਸਮੇਤ ਆਮ ਆਦਮੀ ਪਾਰਟੀ ਦੀਆਂ ਖ਼ਾਮੀਆਂ, ਝੂਠ, ਫ਼ਰੇਬ ਜੱਗ ਜ਼ਾਹਿਰ ਕਰਨ ਕਰ ਕੇ ਆਪ ਨੇਤਾ ਬੌਖ਼ਲਾ ਗਏ ਹਨ। ਉਹ ਇਹ ਭੁੱਲ ਗਏ ਹਨ ਕਿ ਭਾਜਪਾ ਆਪਣੇ ਕਰੋੜਾਂ ਵਰਕਰਾਂ ਦੀ ਨਿਰਸਵਾਰਥ ਮਿਹਨਤ ਅਤੇ ਲਗਨ ਨਾਲ ਦੇਸ਼ ਅਤੇ ਦੁਨੀਆਂ ਦੀ ਸਭ ਤੋਂ ਵੱਡੀ ਸਿਆਸੀ ਪਾਰਟੀ ਬਣੀ ਹੈ। ਇਸ ਦੀ ਭਾਰਤ ਦੇ 11 ਸੂਬਿਆਂ 'ਚ ਪੂਰਨ ਬਹੁਮਤ ਸਮੇਤ 17 ਸੂਬਿਆਂ 'ਚ ਗਠਜੋੜ ਦੀ ਸਰਕਾਰ ਹੈ। ਇੰਨਾ ਹੀ ਨਹੀਂ ਦੇਸ਼ 'ਚ ਸਭ ਤੋਂ ਜ਼ਿਆਦਾ 1, 379 ਵਿਧਾਇਕ, 400 ਤੋਂ ਜ਼ਿਆਦਾ ਲੋਕ ਸਭਾ ਅਤੇ ਰਾਜ ਸਭਾ ਸੰਸਦ ਮੈਂਬਰ ਹਨ ਅਤੇ 10 ਕਰੋੜ ਤੋਂ ਜ਼ਿਆਦਾ ਵਰਕਰ ਜਿਨ੍ਹਾਂ 'ਚ ਕਰੀਬ 3.50 ਕਰੋੜ ਔਰਤਾਂ ਵੀ ਸ਼ਾਮਿਲ ਹਨ।

ਦੂਜੇ ਪਾਸੇ ਸਾਡੇ ਖ਼ਿਲਾਫ਼ ਝੂਠਾ ਪ੍ਰਚਾਰ ਕਨ ਵਾਲੇ ਚੱਢਾ ਭਾਜਪਾ 'ਤੇ ਦੋਸ਼ ਲਗਾਉਣ ਦੀ ਬਜਾਏ ਜਨਤਾ ਨੂੰ ਦੱਸਣ ਕਿ ਉਨ੍ਹਾਂ ਦੀ ਪਾਰਟੀ ਦੇ ਤਕਰੀਬਨ 13 ਵਿਧਾਇਕ, ਚੇਅਰਮੈਨਜ਼, ਕੌਂਸਰਲਾਂ ਸਮੇਤ ਭ੍ਰਿਸ਼ਟਾਚਾਰ ਕਰਨ ਦੇ ਚਲਦੇ ਜੇਲ੍ਹ ਅਤੇ ਕੌਂਸਲਰ ਤਾਹਿਰ ਹੁਸੈਨ ਸਮੇਤ ਕਈ ਵਰਕਰ ਦਿੱਲੀ 'ਚ ਦੰਗੇ ਕਰਵਾ ਕੇ 53 ਲੋਕਾਂ ਦੇ ਕਤਲ ਦੇ ਮਾਮਲੇ 'ਚ ਗ੍ਰਿਫ਼ਤਾਰ ਹਨ। ਸਿਰਫ਼ ਇੰਨਾ ਹੀ ਨਹੀਂ ਪੰਜਾਬ ਦੇ 92 'ਚੋਂ 53 ਦੇ ਕਰੀਬ ਵਿਧਾਇਕਾਂ 'ਤੇ ਅਪਰਾਧਕ ਮਾਮਲੇ ਦਰਜ ਹਨ। ਇਸ ਲਈ ਭਾਜਪਾ 'ਤੇ ਟਿਪਣੀ ਕਰਨ ਦੀ ਬਜਾਏ ਜਨਤਾ ਨੂੰ ਆਪਣੀ ਪਾਰਟੀ ਦੀ ਅਸਲੀਅਤ ਦੱਸੋ। ਜ਼ਿਕਰਯੋਗ ਹੈ ਕਿ ਰਾਘਵ ਚੱਢਾ ਨੇ ਦੋਸ਼ ਲਾਇਆ ਸੀ ਕਿ ਭਾਜਪਾ ਸ਼ਰਾਰਤੀ ਅਨਸਰਾਂ ਦੀ ਪਾਰਟੀ ਬਣ ਗਈ ਹੈ ਅਤੇ ਸ਼ਰਾਰਤੀ ਅਨਸਰਾਂ ਨੂੰ ਇਸ ਪਾਰਟੀ ਦੇ ਆਗੂਆਂ ਵਲੋਂ ਸਤਿਕਾਰ ਦਿੱਤਾ ਜਾਂਦਾ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਸੀ ਕਿ ਭਾਜਪਾ ਅਸਲ 'ਚ ਭਾਰਤ ਦੀ ਜਾਹਿਲ ਪਾਰਟੀ ਬਣ ਚੁੱਕੀ ਹੈ। ਸ਼ਰਾਰਤੀ ਅਨਸਰ ਅਤੇ ਅਪਰਾਧੀ ਭਾਜਪਾ 'ਚ ਸ਼ਾਮਿਲ ਹੋ ਰਹੇ ਹਨ। ਭਾਜਪਾ ਦੇ ਅਪਰਾਧੀ ਅਨਸਰ ਆਮ ਆਦਮੀ ਪਾਰਟੀ ਦੇ ਨੇਤਾਵਾਂ 'ਤੇ ਹਮਲਾ ਕਰਦੇ ਹਨ।

# ਪਤੀ ਨੇ ਪਤਨੀ ਨੂੰ ਭੂਕਣਾ ਮਾਰ ਕੇ ਦਿੱਤੀ ਦਰਦਨਾਕ ਮੌਤ

ਸ੍ਰੀ ਕੀਰਤਪੁਰ ਸਾਹਿਬ (ਪੰਜਾਬੀ ਅਖ਼ਬਾਰ ਬਿਊਰੋ)- ਗੁਰਦੁਆਰਾ ਪਤਾਲਪੁਰੀ ਸਾਹਿਬ ਲਿੰਕ ਸੜਕ 'ਤੇ ਇੱਕ ਕਿਰਾਏ ਦਾ ਮਕਾਨ ਲੈ ਕੇ ਰਹਿ ਰਹੇ ਇੱਕ ਪ੍ਰਵਾਸੀ ਵਿਅਕਤੀ ਵਲੋਂ ਆਪਣੀ ਪਤਨੀ ਦਾ ਸਿਰ 'ਚ ਲੋਹੇ ਦਾ ਭੂਕਣਾ ਮਾਰ ਕੇ ਬੇਰਿਹਮੀ ਨਾਲ ਕਤਲ ਕਰ ਦਿੱਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਸ੍ਰੀ ਕੀਰਤਪੁਰ ਸਾਹਿਬ ਦੇ ਥਾਣੇਦਾਰ ਸੁਮਿਤ ਮੋਰ ਨੇ ਦੱਸਿਆ ਕਿ ਪੁਲੀਸ ਨੂੰ ਸੰਤੋਸ਼ ਪਤਨੀ ਪਰਮਜੀਤ ਵਾਸੀ ਪਿੰਡ ਪਹਾੜਪੁਰ ਥਾਣਾ ਸ੍ਰੀ ਅਨੰਦਪੁਰ ਸਾਹਿਬ ਨੇ ਆਪਣੇ ਬਿਆਨਾਂ 'ਚ ਦੱਸਿਆ ਕਿ ਉਸ ਦੇ ਪੇਕੇ ਪਿੰਡ ਜਲਾਲਪੁਰ ਤਹਿ.ਕਾਦਰ ਚੌਂਕ ਜ਼ਿਲ੍ਹਾ ਬਿਦਾਇਉ ਉੱਤਰ ਪ੍ਰਦੇਸ਼ ਵਿਖੇ ਹਨ। ਕਰੀਬ ਸੱਤ ਸਾਲ ਤੋਂ ਮੇਰੇ ਮਾਤਾ-ਪਿਤਾ ਅਮਰ ਸਿੰਘ ਅਤੇ ਸੋਨਾ ਦੇਵੀ ਪਿੰਡ ਗੰਗੂਵਾਲ, ਲੱਗ ਮਜਾਰੀ ਅਤੇ ਮਜਾਰਾ ਵਿਖੇ ਮਕਾਨ ਕਿਰਾਏ 'ਤੇ ਲੈ ਕੇ ਰਹਿ ਰਹੇ ਸੀ।



ਉਸ ਨੇ ਦੱਸਿਆ ਕਿ ਉਹ ਪੰਜ ਭੈਣਾਂ ਅਤੇ ਇੱਕ ਭਰਾ ਹੈ। ਉਸ ਦੀ ਸਭ ਤੋਂ ਵੱਡੀ ਭੈਣ ਰੈਨੂੰ ਪਿੰਡ ਟਿੱਕਰੀ ਬਘੇਰੀ (ਹਿ.ਪ੍ਰ) ਦੇ ਦਲਵੀਰ ਸਿੰਘ ਨਾਲ ਵਿਆਹੀ ਹੋਈ ਹੈ। ਕਰੀਬ ਇੱਕ ਹਫ਼ਤਾ ਪਹਿਲਾਂ ਉਸ ਦੇ ਪਿਤਾ ਅਮਰ ਸਿੰਘ ਗੁਰਦੁਆਰਾ ਪਤਾਲਪੁਰੀ ਸਾਹਿਬ ਲਿੰਕ ਸੜਕ ਰੇਲਵੇ ਫ਼ਾਟਕ ਨਜ਼ਦੀਕ ਮਕਾਨ ਕਿਰਾਏ 'ਤੇ ਲੈ ਕੇ ਸਮੇਤ ਪਰਿਵਾਰ ਰਹਿ ਰਹੇ ਸਨ। ਉਹ ਪਿਛਲੇ ਸ਼ਨੀਵਾਰ ਆਪਣੇ ਮਾਤਾ-ਪਿਤਾ ਨੂੰ ਮਿਲਣ ਲਈ ਆਈ ਹੋਈ ਸੀ ਤਾਂ ਜਦੋਂ ਉਹ ਘਰ ਪੁੱਜੀ ਤਾਂ ਮੇਰੀ ਛੋਟੀ ਭੈਣ ਨੰਦਨੀ ਰੋ ਰਹੀ ਸੀ। ਉਸ ਨੂੰ ਦੱਸਿਆ ਕਿ ਤੜਕੇ ਵਕਤ ਕਰੀਬ 3 ਵਜੇ ਉਸ ਦੇ ਪਿਤਾ ਅਮਰ ਸਿੰਘ ਸ਼ਰਾਬ ਪੀ ਕੇ ਮਾਤਾ ਸੋਨੀ ਦੇਵੀ ਦੇ ਸਿਰ 'ਚ ਲੋਹੇ ਦੇ ਭੂਕਣੇ ਕਈ ਵਾਰ ਮਾਰੇ ਅਤੇ ਦੁਪਹਿਰ ਤੱਕ ਉਸ ਦਾ ਪਿਤਾ ਅਮਰ ਸਿੰਘ ਉਨ੍ਹਾਂ ਕੋਲ ਹੀ ਰਿਹਾ ਅਤੇ ਦੁਪਹਿਰ ਤੋਂ ਬਾਅਦ ਉਨ੍ਹਾਂ ਨੂੰ ਛੱਡ ਕੇ ਕਿਸੇ ਪਾਸੇ ਚਲਾ ਗਿਆ।

ਸੰਤੋਸ਼ ਨੇ ਦੱਸਿਆ ਕਿ ਜਦੋਂ ਉਸ ਨੇ ਆਪਣੀ ਮਾਤਾ ਸੋਨੀ ਦੇਵੀ ਨੂੰ ਜਾ ਕੇ ਵੇਖਿਆ ਤਾਂ ਉਸ ਦੇ ਸਿਰ 'ਚ ਸੱਟਾਂ ਲੱਗਣ ਕਾਰਨ ਉਸ ਦੀ ਮੌਤ ਹੋ ਚੁੱਕੀ ਸੀ। ਉਸ ਦੇ ਪਿਤਾ ਅਕਸਰ ਸ਼ਰਾਬ ਪੀ ਕੇ ਉਸ ਦੀ ਮਾਤਾ ਦੀ ਕੁੱਟਮਾਰ ਕਰਦੇ ਰਹਿੰਦੇ ਸਨ। ਇਸ ਦੌਰਾਨ ਉਸ ਨੂੰ ਪਤਾਲਪੁਰੀ ਦੁਕਾਨਾਂ ਨੇੜੇ ਬਲਵੀਰ ਸਿੰਘ ਨਾਮ ਦਾ ਵਿਅਕਤੀ ਮਿਲਿਆ ਜਿਸ ਨੂੰ ਉਸ ਨੇ ਇਸ ਘਟਨਾ ਬਾਰੇ ਦੱਸਿਆ ਅਤੇ ਉਹ ਉਸ ਨੂੰ ਨਾਲ ਲੈ ਕੇ ਪੁਲੀਸ ਸਟੇਸ਼ਨ ਕੀਰਤਪੁਰ ਸਾਹਿਬ ਪੁੱਜਾ।

ਪੁਲੀਸ ਨੇ ਸੰਤੋਸ਼ ਦੇ ਬਿਆਨਾਂ ਦੇ ਆਧਾਰ 'ਤੇ ਉਸ ਦੇ ਪਿਤਾ ਅਮਰ ਸਿੰਘ ਖ਼ਿਲਾਫ਼ ਕਤਲ ਦਾ ਮਾਮਲਾ ਦਰਜ ਕਰ ਕੇ ਲਾਸ਼ ਨੂੰ ਕਬਜ਼ੇ 'ਚ ਲੈ ਕੇ ਸਿਵਲ ਹਸਪਤਾਲ ਸ੍ਰੀ ਅਨੰਦਪੁਰ ਸਾਹਿਬ ਦੇ ਮੁਰਦਾ ਘਰ 'ਚ ਰਖਵਾ ਦਿੱਤਾ ਹੈ ਜਿੱਥੇ ਮ੍ਰਿਤਕ ਸੋਨਾ ਦੇਵੀ ਦਾ ਪੋਸਟਮੌਰਟਮ ਕਰਵਾ ਕੇ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ ਜਾਵੇਗੀ। ਪੁਲੀਸ ਨੇ ਅਮਰ ਸਿੰਘ ਦੀ ਭਾਲ 'ਚ ਆਲੇ -ਦੁਆਲੇ ਟੀਮਾਂ ਭੇਜੀਆਂ ਹਨ।

# ਐਸਜੀਪੀਸੀ ਸਾਕਾ ਸ੍ਰੀ ਪੰਜਾ ਸਾਹਿਬ ਦੇ 100 ਸਾਲ ਮੌਕੇ ਆਗੂ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਨੂੰ ਕਰੇਗੀ ਸਨਮਾਨਿਤ

ਅੰਮ੍ਰਿਤਸਰ: 30 ਅਕਤੂਬਰ 1922 ਨੂੰ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਪਾਕਿਸਤਾਨ ਵਿਖੇ ਵਾਪਰੇ ਸ਼ਹੀਦੀ ਸਾਕੇ ਦੇ 100 ਸਾਲਾ ਮੌਕੇ ਸ਼੍ਰੋਮਣੀ ਕਮੇਟੀ ਵਲੋਂ ਸਾਕੇ ਨਾਲ ਸਬੰਧਤ ਵੱਖ-ਵੱਖ ਪਹਿਲੂਆਂ ਸਬੰਧੀ ਖੋਜ ਕਾਰਜ ਕਰਵਾ ਕੇ ਸੰਗ੍ਰਹਿ ਤਿਆਰ ਕਰਨ ਦੇ ਨਾਲ-ਨਾਲ ਇਸ ਸ਼ਤਾਬਦੀ ਦੇ ਸਮਾਗਮਾਂ ਦੌਰਾਨ ਸਾਕੇ ਦੇ ਆਗੂ ਸ਼ਹੀਦ ਭਾਈ ਕਰਮ ਸਿੰਘ ਅਤੇ ਭਾਈ ਪ੍ਰਤਾਪ ਸਿੰਘ ਦੇ ਪਰਿਵਾਰਕ ਮੈਂਬਰਾਂ ਨੂੰ ਸਨਮਾਨਿਤ ਕੀਤਾ ਜਾਵੇਗਾ। ਇਹ ਫ਼ੈਸਲਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ 'ਚ ਸਿੱਖ ਇਤਿਹਾਸ ਰਿਸਰਚ ਬੋਰਡ ਦੀ ਇਥੇ ਹੋਈ ਇੱਕਤਰਤਾ ਦੌਰਾਨ ਲਿਆ ਗਿਆ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇੱਕਤਰਤਾ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਾਕਾ ਸ੍ਰੀ ਪੰਜਾ ਸਾਹਿਬ ਦੀ ਪਹਿਲੀ ਸ਼ਤਾਬਦੀ 30 ਅਕਤੂਬਰ 2022 ਨੂੰ ਮਨਾਈ ਜਾ ਰਹੀ ਹੈ ਜਿਸ ਨੂੰ ਲੈ ਕੇ ਭਾਰਤ ਅਤੇ ਪਾਕਿਸਤਾਨ ਵਿਖੇ ਸਮਾਗਮ ਕੀਤੇ ਜਾਣੇ ਹਨ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਚਾਹੁੰਦੀ ਹੈ ਕਿ ਸ਼ਰਧਾਲੂਆਂ ਦਾ ਇੱਕ ਵੱਡਾ ਜਥਾ ਪਾਕਿਸਤਾਨ ਵਿਖੇ ਹੋਣ ਵਾਲੇ ਸਮਾਗਮਾਂ 'ਚ ਸ਼ਾਮਿਲ ਹੋਵੇ ਜਿਸ ਲਈ ਸਰਕਾਰਾਂ ਨਾਲ ਲਿਖਾ ਪੜ੍ਹੀ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਸਾਕਾ ਸ੍ਰੀ ਪੰਜਾ ਸਾਹਿਬ ਤੋਂ ਪਹਿਲਾਂ ਗੁਰੂ ਕੇ ਬਾਗ਼ ਦੇ ਮੋਰਚੇ ਦੀ 100 ਸਾਲਾ ਸ਼ਤਾਬਦੀ ਵੀ 8 ਅਗਸਤ 2022 ਨੂੰ ਮਨਾਈ ਜਾਵੇਗੀ ਜਿਸ ਸਬੰਧੀ ਅੰਮ੍ਰਿਤਸਰ ਨੇੜਲੇ ਗੁਰਦੁਆਰਾ ਗੁਰੂ ਕੇ ਬਾਗ਼ ਘੁੱਕੇਵਾਲੀ ਵਿਖੇ ਸਮਾਗਮ ਹੋਣਗੇ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਦੱਸਿਆ ਕਿ ਇਸ ਸਾਲ ਦੇਸ਼ ਦੀ ਅਜ਼ਾਦੀ ਦੀ 75ਵੀਂ ਵਰ੍ਹੇਗੰਢ ਮੌਕੇ ਅਜ਼ਾਦੀ ਦੇ ਘੋਲ 'ਚ ਸਿੱਖਾਂ ਦੇ ਯੋਗਦਾਨ ਨੂੰ ਹਰ ਪੱਖ ਤੋਂ ਖੋਜ ਕੇ ਪ੍ਰਮਾਣਿਕ ਰੂਪ 'ਚ ਸਾਹਮਣੇ ਲਿਆਂਦਾ ਜਾਵੇਗਾ। ਉਨ੍ਹਾਂ ਕਿਹਾ ਕਿ ਆਜ਼ਾਦੀ ਦੇ ਸੰਘਰਸ਼ ਦੌਰਾਨ 80 ਫ਼ੀਸਦੀ ਤੋਂ ਵੱਧ ਕੁਰਬਾਨੀਆਂ ਸਿੱਖਾਂ ਨੇ ਦਿੱਤੀਆਂ ਹਨ, ਪਰ ਦੁੱਖ ਦੀ ਗੱਲ ਹੈ ਕਿ ਇਨ੍ਹਾਂ ਨੂੰ ਪ੍ਰਬਲ ਰੂਪ 'ਚ ਸਾਹਮਣੇ ਨਹੀਂ ਲਿਆਂਦਾ ਜਾਂਦਾ। ਸ਼੍ਰੋਮਣੀ ਕਮੇਟੀ ਨੇ ਫ਼ੈਸਲਾ ਕੀਤਾ ਹੈ ਕਿ ਦੇਸ਼ ਦੀ ਆਜ਼ਾਦੀ 'ਚ ਸਿੱਖਾਂ ਦੀ ਭੂਮਿਕਾ ਨੂੰ ਮੁਕੰਮਲ ਰੂਪ 'ਚ ਸਾਹਮਣੇ ਲਿਆਂਦਾ ਜਾਵੇ ਤਾਂ ਜੋ ਭਵਿੱਖ ਦੀਆਂ ਪੀੜ੍ਹੀਆਂ ਆਪਣੇ ਸ਼ਹੀਦਾਂ 'ਤੇ ਮਾਣ ਕਰ ਸਕਣ। ਉਨ੍ਹਾਂ ਇਹ ਵੀ ਕਿਹਾ ਕਿ ਵਰਤਮਾਨ ਸਮੇਂ ਤਕ ਦੇ ਸਿੱਖ ਇਤਿਹਾਸ ਦੇ ਵਰਕੇ ਸਾਹਮਣੇ ਲਿਆਉਣੇ ਵੀ ਬੇਹੱਦ ਜ਼ਰੂਰੀ ਹਨ ਜਿਸ ਦੇ ਸਬੰਧ 'ਚ ਸ਼੍ਰੋਮਣੀ ਕਮੇਟੀ ਕਾਰਜ ਕਰੇਗੀ।ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਅੰਡੇਮਾਨ ਦੀ ਸੈਲੂਲਰ ਜੇਲ੍ਹ, ਜਿਸ ਨੂੰ ਕਾਲੇਪਾਣੀ ਦੀ ਜ਼ੇਲ੍ਹ ਕਿਹਾ ਜਾਂਦਾ ਹੈ, 'ਚ ਤਸੀਹੇ ਭੁਗਤਣ ਵਾਲੇ ਸਿੱਖਾਂ ਦਾ ਸੰਗ੍ਰਹਿ ਵੀ ਜਲਦੀ ਹੀ ਸੰਗਤ ਦੇ ਹੱਥਾਂ 'ਚ ਭੇਜਿਆ ਜਾਵੇਗਾ। ਇਸ ਸਬੰਧ 'ਚ ਲਗਭਗ ਕਾਰਜ ਮੁਕੰਮਲ ਹੋ ਚੁੱਕਾ ਹੈ ਜਿਸ ਨੂੰ ਸਿੱਖ ਇਤਿਹਾਸ ਰਿਸਰਚ ਬੋਰਡ ਨੇ ਪ੍ਰਵਾਨਗੀ ਦੇ ਦਿੱਤੀ ਹੈ, ਪਰ ਇਸ ਨੂੰ ਮਾਹਿਰਾਂ ਪਾਸੋਂ ਇੱਕ ਵਾਰ ਹੋਰ ਘੋਖਣ ਮਗਰੋਂ ਪ੍ਰਕਾਸ਼ਿਤ ਕਰ ਦਿੱਤਾ ਜਾਵੇਗਾ। ਇਸ ਮੌਕੇ ਡਾ.ਬਲਵੰਤ ਸਿੰਘ ਢਿੱਲੋਂ, ਡਾ.ਪ੍ਰਭਜੋਤ ਕੌਰ, ਹਰਵਿੰਦਰ ਸਿੰਘ ਖ਼ਾਲਸਾ, ਅੰਤ੍ਰਿੰਗ ਕਮੇਟੀ ਮੈਂਬਰ ਜੋਧ ਸਿੰਘ ਸਮਰਾ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਮਨਜੀਤ ਸਿੰਘ, ਮੰਗਵਿੰਦਰ ਸਿੰਘ ਖਾਪੜਖੇੜੀ, ਬਾਵਾ ਸਿੰਘ ਗੁਮਾਨਪੁਰਾ, ਓਐਸਡੀ ਸਤਬੀਰ ਸਿੰਘ ਧਾਮੀ, ਵਧੀਕ ਸਕੱਤਰ ਪ੍ਰਤਾਪ ਸਿੰਘ, ਮੀਤ ਸਕੱਤਰ ਕੁਲਵਿੰਦਰ ਸਿੰਘ ਰਮਦਾਸ, ਡਾ.ਜੋਗੇਸ਼ਵਰ ਸਿੰਘ, ਬਗੀਚਾ ਸਿੰਘ, ਡਾ.ਰਾਜਵਿੰਦਰ ਸਿੰਘ ਜੋਗਾ, ਅਰਮਨਜੀਤ ਸਿੰਘ, ਸੁਪ੍ਰਿੰਟੈਂਡੈਂਟ ਮਲਕੀਤ ਸਿੰਘ ਬਹਿੜਵਾਲ, ਇੰਚਾਰਜ ਸ਼ਾਹਬਾਜ਼ ਸਿੰਘ, ਹਰਭਜਨ ਸਿੰਘ ਵਕਤਾ ਆਦਿ ਮੌਜੂਦ ਸਨ।



### 400 ਸਾਲਾ ਪ੍ਰਕਾਸ਼ ਪੁਰਬ ਸ਼ਤਾਬਦੀ ਦੇ ਸੰਪੂਰਨਤਾ ਸਮਾਗਮ ਹੋਣਗੇ ਯਾਦਗਾਰੀ

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 400 ਸਾਲਾ ਪ੍ਰਕਾਸ਼ ਪੁਰਬ ਸ਼ਤਾਬਦੀ ਦੇ ਸੰਪੂਰਨਤਾ ਸਮਾਗਮ ਖ਼ਾਲਸਈ ਜਾਹੋ ਜਲਾਲ ਨਾਲ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਨ੍ਹਾਂ ਸਮਾਗਮਾਂ ਨੂੰ ਯਾਦਗਾਰੀ ਬਣਾਉਣ ਲਈ ਸ਼੍ਰੋਮਣੀ ਕਮੇਟੀ ਵੱਖ-ਵੱਖ ਸਬ-ਕਮੇਟੀਆਂ ਗਠਿਤ ਕੀਤੀਆਂ ਗਈਆਂ ਹਨ ਅਤੇ ਪ੍ਰਬੰਧਾਂ ਸਬੰਧੀ ਅਧਿਕਾਰੀਆਂ ਦੀਆਂ ਡਿਊਟੀਆਂ ਵੀ ਲਗਾ ਦਿੱਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ 21 ਅਪ੍ਰੈਲ ਨੂੰ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਮੁੱਖ ਸਮਾਗਮ ਕੀਤਾ ਜਾਵੇਗਾ ਜਿਸ 'ਚ ਸਿੰਘ ਸਾਹਿਬਾਨ ਅਤੇ ਸਿੱਖ ਪੰਥ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਸ਼ਮੂਲੀਅਤ ਕਰਨਗੀਆਂ। ਇਸ ਸਮਾਗਮ ਦੌਰਾਨ ਪੰਥ ਦੇ ਪ੍ਰਸਿੱਧ ਰਾਗੀ, ਢਾਡੀ ਅਤੇ ਵਿਦਵਾਨ ਕਥਾ ਵਾਚਕ ਸੰਗਤ ਨਾਲ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਣਗੇ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ 20 ਅਪ੍ਰੈਲ ਨੂੰ ਸ਼ਾਮ ਤੋਂ ਲੈ ਕੇ ਦੇਰ ਰਾਤ ਤਕ ਗੁਰਦੁਆਰਾ ਪ੍ਰਕਾਸ਼ ਅਸਥਾਨ ਗੁਰੂ ਕੇ ਮਹਿਲ ਵਿਖੇ ਕੀਰਤਨ ਦਰਬਾਰ ਆਯੋਜਿਤ ਕੀਤਾ ਜਾਵੇਗਾ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਇਨ੍ਹਾਂ ਇਤਿਹਾਸਕ ਸਮਾਗਮਾਂ 'ਚ ਵੱਧ ਤੋਂ ਵੱਧ ਸ਼ਮੂਲੀਅਤ ਕਰਨ।

## ਰਾਜ ਸਭਾ ਤੋਂ ਮਿਲਣ ਵਾਲੀ ਤਨਖ਼ਾਹ ਕਿਸਾਨਾਂ ਦੀਆਂ ਧੀਆਂ ਦੀ ਸਿੱਖਿਆ 'ਤੇ ਕਰਾਂਗਾ ਖ਼ਰਚ - ਹਰਭਜਨ ਸਿੰਘ



ਚੰਡੀਗੜ੍ਹ(ਪੰਜਾਬੀ ਅਖ਼ਬਾਰ ਬਿਊਰੋ)- ਕ੍ਰਿਕਟਰ ਤੋਂ ਨੇਤਾ ਬਣੇ ਹਰਭਜਨ ਸਿੰਘ ਨੇ ਕਿਹਾ ਕਿ ਉਹ ਰਾਜ ਸਭਾ ਸੰਸਦ ਮੈਂਬਰ ਵਜੋਂ ਮਿਲਣ ਵਾਲੀ ਤਨਖ਼ਾਹ ਨੂੰ ਕਿਸਾਨਾਂ ਦੀਆਂ ਧੀਆਂ ਦੀ ਭਲਾਈ ਲਈ ਖ਼ਰਚ ਕਰਨਗੇ। ਜ਼ਿਕਰਯੋਗ ਹੈ ਕਿ ਹਰਭਜਨ ਨੂੰ ਪਿਛਲੇ ਮਹੀਨੇ ਪੰਜਾਬ ਤੋਂ ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਦੇ ਰੂਪ 'ਚ ਬਿਨਾਂ ਵਿਰੋਧ ਚੁਣਿਆ ਗਿਆ ਸੀ। ਉਨ੍ਹਾਂ ਟਵਿਟਰ 'ਤੇ ਜਾਣਕਾਰੀ ਸਾਂਝੀ ਕਰਦਿਆਂ ਲਿਖਿਆ ਕਿ ਉਹ ਆਪਣੇ ਦੇਸ਼ ਨੂੰ ਬਿਹਤਰ ਬਣਾਉਣ 'ਚ ਯੋਗਦਾਨ ਦਿੰਦਿਆਂ ਜੋ ਕੁੱਝ ਵੀ ਕਰ ਸਕਦੇ ਹਨ, ਕਰਨਗੇ।

ਜਲੰਧਰ ਦੇ ਜੰਮਪਲ ਹਰਭਜਨ (41) ਨੇ ਪਿਛਲੇ ਸਾਲ ਦਸੰਬਰ 'ਚ ਖੇਡ ਦੇ ਬਾਕੀ ਸਾਰੇ ਰੂਪਾਂ ਤੋਂ ਸੰਨਿਆਸ ਲੈ ਲਿਆ ਸੀ। ਉਹ IPL 'ਚ ਵੀ ਖੇਡਦੇ ਰਹੇ ਹਨ। ਜ਼ਿਕਰਯੋਗ ਹੈ ਕਿ ਨਾਮਜ਼ਦਗੀ ਕਾਗ਼ਜ਼ ਭਰਨ ਵੇਲੇ ਹਰਭਜਨ ਨੇ ਕਿਹਾ ਸੀ ਕਿ ਉਨ੍ਹਾਂ ਦਾ ਧਿਆਨ ਖੇਡਾਂ ਤੇ ਇਨ੍ਹਾਂ ਨਾਲ ਜੁੜੇ ਬੁਨਿਆਦੀ ਢਾਂਚੇ ਦੀ ਬਿਹਤਰੀ 'ਤੇ ਕੇਂਦ੍ਰਿਤ ਹੋਵੇਗਾ।

# ਅਸਲੇ ਦੇ ਕਾਰੋਬਾਰੀ ਫ਼ੇਸਬੁੱਕ ਰਾਹੀਂ ਵੇਚ ਰਹੇ ਨੇ ਹਥਿਆਰ

ਜਲੰਧਰ (ਪੰਜਾਬੀ ਅਖ਼ਬਾਰ ਬਿਊਰੋ)- ਪੰਜਾਬ 'ਚ ਲਗਾਤਾਰ ਹੋ ਰਹੇ ਕਤਲ ਅਤੇ ਗੋਲੀ ਕਾਂਡ ਪੁਲੀਸ ਲਈ ਸਿਰਦਰਦ ਬਣ ਰਹੇ ਹਨ। ਵਧੇਰੇ ਕਤਲਾਂ 'ਚ ਦੇਸੀ ਹਥਿਆਰ ਹੀ ਵਰਤੇ ਗਏ। ਪੰਜਾਬ 'ਚ ਦੇਸੀ ਹਥਿਆਰ ਵਧੇਰੇ ਉੱਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਤੋਂ ਆ ਰਹੇ ਹਨ। ਇਨ੍ਹਾਂ ਦੀ ਖਪਤ ਕੁੱਝ ਸਮੇਂ 'ਚ ਇੰਨੀ ਵੱਧ ਗਈ ਹੈ ਕਿ ਜਿਹੜਾ ਹਥਿਆਰ ਪਹਿਲਾਂ 15 ਤੋਂ 20 ਹਜ਼ਾਰ ਰੁਪਏ ਦਾ ਖ਼ਰੀਦ ਕੇ ਪੰਜਾਬ 'ਚ 25 ਤੋਂ 30 ਹਜ਼ਾਰ 'ਚ ਵੇਚਿਆ ਜਾਂਦਾ ਸੀ, ਉਸ ਦੀ ਖ਼ਰੀਦ ਹੁਣ 30 ਤੋਂ 35 ਹਜ਼ਾਰ ਰੁਪਏ ਹੋ ਗਈ ਹੈ। ਪੰਜਾਬ ਦੇ ਅੰਦਰ ਵਧੇਰੇ ਕ੍ਰਿਮੀਨਲ ਕੇਸਾਂ 'ਚ ਭਗੌੜੇ ਐਲਾਨੇ ਮੁਲਜ਼ਮ ਆਪਣਾ ਖ਼ਰਚਾ ਕੱਢਣ ਲਈ ਉੱਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਤੋਂ ਹਥਿਆਰ ਖ਼ਰੀਦ ਕੇ ਪੰਜਾਬ 'ਚ ਸਪਲਾਈ ਕਰ ਰਹੇ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਹਥਿਆਰ ਉਹ ਬੱਸਾਂ ਅਤੇ ਟਰੇਨਾਂ 'ਚ ਲਿਆਉਂਦੇ ਹਨ। ਜਿਉਂ ਹੀ ਹਥਿਆਰ ਪੰਜਾਬ 'ਚ ਆਉਂਦਾ ਹੈ ਤਾਂ ਵੱਖ-ਵੱਖ ਦੇਸੀ ਹਥਿਆਰਾਂ ਦੀਆਂ ਤਸਵੀਰਾਂ ਖਿੱਚ ਕੇ ਜਾਅਲੀ ਦਸਤਾਵੇਜ਼ ਤਿਆਰ ਕਰ ਕੇ ਫ਼ੇਸਬੁੱਕ 'ਤੇ ਪਾ ਦਿੱਤੀਆਂ ਜਾਂਦੀਆਂ ਹਨ, ਅਤੇ ਫ਼ੇਸਬੁੱਕ ਜ਼ਰੀਏ ਹੀ ਸਾਰੇ ਹਥਿਆਰ ਵੇਚ ਦਿੱਤੇ ਜਾਂਦੇ ਹਨ।



ਜਲੰਧਰ ਦੀ ਗੱਲ ਕਰੀਏ ਤਾਂ ਸ਼ਹਿਰ 'ਚ ਕੁੱਝ ਸਮੇਂ ਅੰਦਰ ਜਿੰਨੇ ਵੀ ਕਤਲ ਜਾਂ ਗੋਲੀਕਾਂਡ ਹੋਏ, ਉਨ੍ਹਾਂ ਸਾਰਿਆਂ 'ਚ ਦੇਸੀ ਹਥਿਆਰ ਹੀ ਵਰਤੇ ਗਏ। ਭਗੌੜਿਆਂ ਤੋਂ ਇਲਾਵਾ ਉੱਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਦੇ ਲੋਕ ਵੀ ਪੰਜਾਬ 'ਚ ਹਥਿਆਰ ਸਪਲਾਈ ਕਰਨ ਦਾ ਕੰਮ ਕਰ ਰਹੇ ਹਨ। ਲਗਭਗ ਡੇਢ ਸਾਲ ਪਹਿਲਾਂ ਸੀਆਈਏ ਸਟਾਫ਼-1 ਨੇ ਬਸਤੀ ਬਾਵਾ ਖੇਲ 'ਚ ਰਹਿੰਦੇ ਸੂਰਜ ਨੂੰ ਕਾਬੂ ਕੀਤਾ ਸੀ। ਪੁਲੀਸ ਨੇ ਉਸ ਦੀ ਚੇਨ ਬ੍ਰੇਕ ਕਰ ਕੇ ਕੁੱਲ 17 ਹਥਿਆਰ ਬਰਾਮਦ ਕੀਤੇ ਸਨ। ਸੂਰਜ ਜਲੰਧਰ ਹੀ ਨਹੀਂ ਸਗੋਂ ਗੁਰਦਾਸਪੁਰ, ਪਠਾਨਕੋਟ ਸਮੇਤ ਕਈ ਸ਼ਹਿਰਾਂ 'ਚ ਹਥਿਆਰ ਸਪਲਾਈ ਕਰ ਚੁੱਕਾ ਸੀ।

ਇਸੇ ਤਰ੍ਹਾਂ ਕਿਸ਼ਨਪੁਰਾ ਦੇ ਅਭੀ ਨਾਂ ਦੇ ਨੌਜਵਾਨ ਨੂੰ ਵੀ ਸੀਆਈਏ ਸਟਾਫ਼-1 ਨੇ ਗ੍ਰਿਫ਼ਤਾਰ ਕਰ ਕੇ ਉਸ ਕੋਲੋਂ ਦੇਸੀ ਹਥਿਆਰ ਬਰਾਮਦ ਕੀਤੇ ਸਨ। ਉਹ ਵੀ ਫ਼ੇਸਬੁੱਕ ਜ਼ਰੀਏ ਹੀ ਪੰਜਾਬ 'ਚ ਦੇਸੀ ਹਥਿਆਰ ਵੇਚਦਾ ਸੀ। ਸੀਆਈਏ ਸਟਾਫ਼ ਦੀ ਇਨਵੈਸਟੀਗੇਸ਼ਨ 'ਚ ਵੀ ਇਹੀ ਗੱਲ ਸਾਹਮਣੇ ਆਈ ਸੀ ਕਿ ਉਹ ਟਰੇਨਾਂ ਅਤੇ ਬੱਸਾਂ ਜ਼ਰੀਏ ਹੀ ਅਸਲਾ ਲਿਆਉਂਦੇ ਸਨ। ਉੱਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਤੋਂ ਆਸਾਨੀ ਨਾਲ ਔਟੋਮੈਟਿਕ ਸਮੇਤ ਹਰ ਤਰ੍ਹਾਂ ਦਾ ਦੇਸੀ ਹਥਿਆਰ ਮਿਲ ਜਾਂਦਾ ਹੈ।

### ਪਹਿਲੀ ਮੀਟਿੰਗ 'ਚ ਨਹੀਂ ਦਿੰਦੇ ਸਨ ਹਥਿਆਰ

ਸੂਰਜ ਅਤੇ ਅਭੀ ਕੋਲੋਂ ਜਦੋਂ ਪੁੱਛਗਿੱਛ ਕੀਤੀ ਗਈ ਤਾਂ ਪਤਾ ਲੱਗਾ ਕਿ ਉਨ੍ਹਾਂ ਕਦੀ ਵੀ ਪਹਿਲੀ ਮੀਟਿੰਗ 'ਚ ਡੀਲ ਨਹੀਂ ਕੀਤੀ। ਉਨ੍ਹਾਂ ਨੂੰ ਇਹ ਵੀ ਡਰ ਸੀ ਕਿ ਕਿਤੇ ਪੁਲੀਸ ਦਾ ਟਰੈਪ ਨਾ ਲੱਗਾ ਹੋਵੇ। ਇਸ ਲਈ ਉਹ ਪਹਿਲੀ ਮੀਟਿੰਗ 'ਚ ਗਾਹਕ ਨੂੰ ਵੇਚ ਕਰਦੇ ਸਨ ਅਤੇ ਉਸ ਤੋਂ ਬਾਅਦ ਉਨ੍ਹਾਂ ਦੀ ਪ੍ਰੋਫ਼ਾਈਲ ਵੇਖੀ ਜਾਂਦੀ ਸੀ। ਐਡਵਾਂਸ ਲੈਣ ਤੋਂ ਬਾਅਦ ਫ਼ਿਰ ਦੂਜੀ ਮੀਟਿੰਗ 'ਚ ਉਹ ਹਥਿਆਰ ਵੇਚ ਦਿੰਦੇ ਸਨ।

### ਪੰਜਾਬੀਆਂ ਨਾਲ ਦੋਸਤੀ ਵਧਾ ਕੇ ਸ਼ੁਰੂ ਕਰਦੇ ਹਨ ਦੇਸੀ ਹਥਿਆਰਾਂ ਦਾ ਕਾਰੋਬਾਰ

ਪੁਲੀਸ ਦੀ ਜਾਂਚ 'ਚ ਇਹ ਗੱਲ ਵੀ ਸਾਹਮਣੇ ਆਈ ਕਿ ਉੱਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਦੇ ਜਿਹੜੇ ਲੋਕ ਦੇਸੀ ਹਥਿਆਰ ਸਪਲਾਈ ਕਰਦੇ ਹਨ, ਉਹ ਪੰਜਾਬ 'ਚ ਕਾਫ਼ੀ ਲੰਮੇ ਸਮੇਂ ਤਕ ਰਹਿ ਚੁੱਕੇ ਹੁੰਦੇ ਹਨ। ਉਹ ਪਹਿਲਾਂ ਪੰਜਾਬੀਆਂ ਨਾਲ ਦੋਸਤੀ ਕਰਦੇ ਹਨ। ਦੋਸਤੀ ਉਹ ਸਿਰਫ਼ ਉਨ੍ਹਾਂ ਲੋਕਾਂ ਨਾਲ ਕਰਦੇ ਹਨ ਜਿਹੜੇ ਕ੍ਰਿਮੀਨਲ ਮਾਈਂਡ ਦੇ ਹੋਣ। ਉਸ ਤੋਂ ਬਾਅਦ ਉਨ੍ਹਾਂ ਦਾ ਸਹਾਰਾ ਲੈ ਕੇ ਵੀ ਹਥਿਆਰਾਂ ਦੀ ਸਪਲਾਈ ਕਰਦੇ ਹਨ। ਇਸ ਤੋਂ ਪਹਿਲਾਂ ਮੱਧ ਪ੍ਰਦੇਸ਼ ਦਾ ਜੰਗਲੀ ਨਾਂ ਦਾ ਅਸਲਾ ਸਮੱਗਲਰ ਕਾਫ਼ੀ ਮਸ਼ਹੂਰ ਹੁੰਦਾ ਸੀ। ਦੱਸਦੇ ਹਨ ਕਿ ਹੁਣ ਜੰਗਲੀ ਮਾਰਿਆ ਜਾ ਚੁੱਕਾ ਹੈ। ਜੰਗਲੀ ਕਾਫ਼ੀ ਸਮਾਂ ਪਹਿਲਾਂ ਪੰਜਾਬ 'ਚ ਦੇਸੀ ਪਿਸਤੌਲਾਂ ਲਿਆਉਂਦਾ ਸੀ ਅਤੇ ਗੈਂਗਸਟਰਾਂ ਨੂੰ ਹੀ ਸਪਲਾਈ ਕਰਦਾ ਸੀ।

### ਉੱਤਰ ਪ੍ਰਦੇਸ਼ 'ਚ ਮਿੰਨੀ ਪਾਕਿਸਤਾਨ ਦੇ ਨਾਂ ਨਾਲ ਮਸ਼ਹੂਰ ਪਿੰਡ ਤੋਂ ਹੁੰਦੀ ਹੈ ਸਪਲਾਈ

ਸੂਤਰਾਂ ਦੀ ਮੰਨੀਏ ਤਾਂ ਉੱਤਰ ਪ੍ਰਦੇਸ਼ 'ਚ ਸਥਿਤ ਇੱਕ ਪਿੰਡ ਨੂੰ ਨਾਜਾਇਜ਼ ਅਸਲਾ ਕਾਰੋਬਾਰੀ ਮਿੰਨੀ ਪਾਕਿਸਤਾਨ ਦਾ ਨਾਂ ਦੇ ਕੇ ਬੁਲਾਉਂਦੇ ਹਨ। ਇਸ ਦਾ ਕਾਰਨ ਇਹ ਹੈ ਕਿ ਉਥੋਂ ਹੀ ਸਭ ਤੋਂ ਜ਼ਿਆਦਾ ਦੇਸੀ ਹਥਿਆਰ ਤਿਆਰ ਕਰ ਕੇ ਕਿਸੇ ਨੂੰ ਵੀ ਵੇਚੇ ਜਾ ਸਕਦੇ ਹਨ। ਇਸ ਪਿੰਡ ਨੂੰ ਮਿੰਨੀ ਪਾਕਿਸਤਾਨ ਬੁਲਾਉਣ ਦੀ ਗੱਲ ਵੀ ਪੁਲੀਸ ਦੀ ਹੀ ਇਨਵੈਸਟੀਗੇਸ਼ਨ 'ਚ ਸਾਹਮਣੇ ਆਈ ਸੀ।

## ਏਜੰਟ ਦੇ ਧੋਖੇ ਦਾ ਸ਼ਿਕਾਰ ਨੇ ਕੀਤੀ ਖ਼ੁਦਕੁਸ਼ੀ

ਫ਼ਿਲੌਰ (ਪੰਜਾਬੀ ਅਖ਼ਬਾਰ ਬਿਊਰੋ)- ਵਿਦੇਸ਼ ਜਾ ਕੇ ਪੈਸਾ ਕਮਾਉਣ ਦੀ ਇੱਛਾ ਨਾਲ ਘਰੋਂ ਵਿਦੇਸ਼ ਨਿਕਲੇ ਪਿੰਡ ਕਤਪਾਲੋਂ ਦੇ ਵਿਅਕਤੀ ਜਗਤਾਰ ਸਿੰਘ ਦੀ ਲਾਸ਼ ਘਰ ਪਰਤੀ ਹੈ। ਜਗਤਾਰ ਸਿੰਘ ਉਰਫ਼ ਲਾਡੀ ਪੁੱਤਰ ਮੋਹਨ ਸਿੰਘ ਨੇ ਏਜੰਟ ਤੋਂ ਦੁਖੀ ਹੋ ਕੇ ਦੁਬਈ 'ਚ ਹੀ ਫ਼ਾਹਾ ਲੈ ਕੇ ਆਤਮਹੱਤਿਆ ਕਰ ਲਈ ਜਿਸ ਦੀ ਲਾਸ਼ ਭਾਰਤ ਲਿਆਂਦੀ ਗਈ ਹੈ। ਮ੍ਰਿਤਕ ਦੇ ਚਚੇਰੇ ਭਰਾ ਪਰਮਿੰਦਰ ਸਿੰਘ ਨੇ ਦੱਸਿਆ ਕਿ ਲਾਡੀ ਰੋਜ਼ੀ ਰੋਟੀ ਕਮਾਉਣ ਲਈ ਹੁਸ਼ਿਆਰਪੁਰ ਦੇ ਇੱਕ ਏਜੰਟ ਰਾਹੀਂ ਦੁਬਈ ਗਿਆ ਸੀ। ਉਕਤ ਏਜੰਟ ਨੇ ਲਾਡੀ ਨੂੰ ਇੱਕ ਲੱਖ 20 ਹਜ਼ਾਰ ਰੁਪਏ 'ਚ ਤਿੰਨ ਮਹੀਨਿਆਂ ਦੇ ਟੂਰਿਸਟ ਵੀਜ਼ੇ 'ਤੇ ਵਿਦੇਸ਼ ਭੇਜ ਦਿੱਤਾ ਸੀ। ਟੂਰਿਸਟ ਵੀਜ਼ਾ ਹੋਣ ਕਾਰਨ ਲਾਡੀ ਦੁਬਈ ਜਾਣ ਤੋਂ ਕਤਰਾਉਂਦਾ ਸੀ, ਪਰ ਏਜੰਟ ਵਲੋਂ ਦੁਬਈ ਜਾ ਕੇ ਵੀਜ਼ਾ ਵਧਾਉਣ ਦੇ ਦਿੱਤੇ ਭਰੋਸੇ ਕਾਰਨ ਲਾਡੀ ਤਿੰਨ ਮਹੀਨੇ ਪਹਿਲਾਂ ਦੁਬਈ ਚਲਾ ਗਿਆ।ਦੁਬਈ ਪਹੁੰਚਣ 'ਤੇ ਵੀ ਏਜੰਟ ਵਲੋਂ ਵੀਜ਼ਾ ਨਹੀਂ ਵਧਾਇਆ ਗਿਆ ਅਤੇ ਲਾਡੀ ਦੁਬਈ ਦੀਆਂ ਸੜਕਾਂ 'ਤੇ ਪਏ ਕੂੜੇਦਾਨਾਂ 'ਚੋਂ ਖਾਣਾ ਚੁੱਕ ਕੇ ਖਾਣ ਲਈ ਮਜਬੂਰ ਹੋ ਗਿਆ। ਅੰਤ ਲਾਡੀ ਨੇ ਏਜੰਟ ਤੋਂ ਦੁਖੀ ਹੋ ਕੇ ਦੁਬਈ ਦੀਆਂ ਸੜਕਾਂ 'ਤੇ ਹੀ ਫ਼ਾਂਸੀ ਲਗਾ ਕੇ ਆਤਮਹੱਤਿਆ ਕਰ ਲਈ। ਉਸ ਦੇ ਭਰਾ ਨੇ ਪੰਜਾਬ ਦੇ ਸਥਾਨਕ ਪੁਲੀਸ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਜੇਕਰ ਪੁਲੀਸ ਨੇ ਧਾਰਾ 302 ਅਤੇ 306 ਦੇ ਅਧੀਨ ਮੁਕੱਦਮਾ ਦਰਜ ਨਾ ਕੀਤਾ ਤਾਂ ਲਾਸ਼ ਨੂੰ ਸੜਕ 'ਤੇ ਰੱਖ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਡੀਐਸਪੀ ਹਰਨੀਲ ਸਿੰਘ ਨੇ ਦੱਸਿਆ ਕਿ ਪਰਿਵਾਰਕ ਮੈਂਬਰਾਂ ਦੇ ਬਿਆਨਾਂ 'ਤੇ ਕਾਰਵਾਈ ਕਰ ਦਿੱਤੀ ਜਾਵੇਗੀ।



# ਫ਼ਿਰ ਤੋਂ ਖੁੱਲ੍ਹੀ ਮੂਸੇਵਾਲਾ ਵਿਰੁੱਧ ਵਿਵਾਦਤ ਮਾਮਲੇ ਦੀ ਫ਼ਾਈਲ

ਬਰਨਾਲਾ(ਪੰਜਾਬੀ ਅਖ਼ਬਾਰ ਬਿਊਰੋ)- ਵਿਧਾਨ ਸਭਾ ਚੋਣਾਂ 'ਚ ਹਾਰ ਤੋਂ ਬਾਅਦ ਇੱਕ ਹੋਰ ਗੀਤ ਰਾਹੀਂ ਵਿਵਾਦਾਂ 'ਚ ਪ੍ਰਸਿੱਧ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀਆਂ ਮੁਸਕਲਾਂ 'ਚ ਫ਼ਿਰ ਤੋਂ ਵੱਧ ਗਈਆਂ ਹਨ। ਦੋ ਸਾਲ ਪਹਿਲਾਂ ਧਨੌਲਾ ਥਾਣਾ 'ਚ ਦਰਜ ਹੋਏ ਅਸਲਾ ਐਕਟ ਮਾਮਲੇ ਦੀ ਫ਼ਾਈਲ ਪੁਲੀਸ ਨੇ ਫ਼ਿਰ ਤੋਂ ਖੋਲ੍ਹ ਦਿੱਤੀ ਹੈ। ਦਰਅਸਲ ਥਾਣਾ ਧਨੌਲਾ ਵਿਖੇ 4 ਮਈ 2020 ਨੂੰ ਲੌਕਡਾਊਨ ਦਾ ਉਲੰਘਣ ਕਰਨ ਅਤੇ ਪਿੰਡ ਬਡਵਰ ਦੀ ਰਾਈਫ਼ਲ ਰੇਂਜ 'ਚ ਬਿਨਾਂ ਮਨਜ਼ੂਰੀ ਦੇ ਫ਼ਾਇਰਿੰਗ ਕਰਨ ਦੇ ਦੋਸ਼ 'ਚ ਸਿੱਧੂ ਮੂਸੇਵਾਲਾ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਸੀ। ਇਸ ਦੇ ਨਾਲ ਨਾਲ ਇਸ ਕੇਸ 'ਚ ਕਰਮ ਸਿੰਘ ਲਹਿਲ, ਇੰਦਰ ਸਿੰਘ ਗਰੇਵਾਲ, ਡੀਐਸਪੀ ਦੇ ਪੁੱਤਰ ਜਗਸੇਰ ਸਿੰਘ, ਥਾਣੇਦਾਰ ਬਲਕਾਰ ਸਿੰਘ, ਸਿਪਾਹੀ ਬਲਵੀਰ ਸਿੰਘ, ਸਿਪਾਹੀ ਹਰਵਿੰਦਰ ਸਿੰਘ, ਹੌਲਦਾਰ ਗੁਰਜਿੰਦਰ ਸਿੰਘ 'ਤੇ ਵੀ ਮਾਮਲਾ ਦਰਜ ਕੀਤਾ ਗਿਆ ਸੀ। ਇਹ ਮਾਮਲਾ ਇੱਕ ਵੀਡੀਓ ਵਾਇਰਲ ਹੋਣ 'ਤੇ ਦਰਜ ਕੀਤਾ ਗਿਆ ਸੀ। ਸਿੱਧੂ ਮੂਸੇਵਾਲੇ 'ਤੇ ਕੇਸ ਦਰਜ ਹੋਣ ਮਗਰੋਂ ਇਹ ਮਾਮਲਾ ਬਹੁਤ ਚਰਚਾ 'ਚ ਆਇਆ ਸੀ, ਪਰ ਸਿਆਸੀ ਸਹਿ ਕਾਰਣ ਉਸ ਸਮੇਂ ਪੁਲੀਸ ਉਸ ਨੂੰ ਗ੍ਰਿਫ਼ਤਾਰ ਨਹੀਂ ਕਰ ਸਕੀ ਇਸ ਦੌਰਾਨ ਸਿੱਧੂ ਮੂਸੇਵਾਲਾ ਨੇ ਕਾਂਗਰਸ ਦੀ ਟਿਕਟ ਤੋਂ ਮਾਨਸਾ ਹਲਕਾ ਵਿਧਾਨ ਸਭਾ ਤੋਂ ਚੋਣ ਲੜੀ ਸੀ, ਪਰ ਉਹ ਆਪ' ਦੇ ਉਮੀਦਵਾਰ ਤੋਂ ਚੋਣ ਹਾਰ ਗਿਆ ਸੀ, ਅਤੇ ਪੰਜਾਬ 'ਚ ਸਰਕਾਰ ਆਪ ਦੀ ਆ ਗਈ ਅਤੇ ਹੁਣ ਪੁਲੀਸ ਨੇ ਇਸ ਕੇਸ ਨੂੰ ਫ਼ਿਰ ਤੋਂ ਖੋਲ੍ਹ ਲਿਆ ਹੈ। ਇਸ ਸਬੰਧੀ ਜਦੋਂ ਐਸਪੀ (ਡੀ) ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਕੇਸ ਦੀ ਫ਼ਾਈਲ ਤਾਂ ਪਹਿਲਾਂ ਹੀ ਖੁੱਲ੍ਹੀ ਹੋਈ ਸੀ। ਹਰ ਮਹੀਨੇ ਇਸ ਮਾਮਲੇ ਦੀ ਰਿਪੋਰਟ ਉਚ ਅਧਿਕਾਰੀਆਂ ਨੂੰ ਭੇਜੀ ਜਾਂਦੀ ਹੈ। ਪੁਲੀਸ ਇਸ ਮਾਮਲੇ ਦੀ ਤੇਜ਼ੀ ਨਾਲ ਜਾਂਚ ਕਰ ਰਹੀ ਹੈ।



# ਗਲਾ ਵੱਢ ਕੇ ਸਤਲੁਜ ਦਰਿਆ 'ਚ ਸੁੱਟੀ ਔਰਤ ਦੀ ਲਾਸ਼

ਲੁਧਿਆਣਾ (ਪੰਜਾਬੀ ਅਖ਼ਬਾਰ ਬਿਊਰੋ)- ਸਥਾਨਕ ਕਸਬਾ ਲਾਡੋਵਾਲ ਤੋਂ ਦਿਲ ਕੰਬਾਊ ਵਾਰਦਾਤ ਸਾਹਮਣੇ ਆਈ ਜਿੱਥੇ ਸਤਲੁਜ ਦਰਿਆ 'ਚ ਸਵੇਰ 11 ਵਜੇ ਇੱਕ ਔਰਤ ਦੀ ਲਾਸ਼ ਪਾਣੀ 'ਚ ਤੈਰਦੀ ਹੋਈ ਦਿਖਾਈ ਦਿੱਤੀ। ਉਸ ਤੋਂ ਬਾਅਦ ਸਤਲੁਜ ਦਰਿਆ 'ਤੇ ਆਪਣੀਆਂ ਮੱਝਾਂ ਨੂੰ ਨਹਿਲਾ ਰਹੇ ਇੱਕ ਵਿਅਕਤੀ ਨੇ ਇਸ ਦੀ ਸੂਚਨਾ ਥਾਣਾ ਲਾਡੋਵਾਲ ਦੀ ਪੁਲੀਸ ਨੂੰ ਦਿੱਤੀ। ਸੂਚਨਾ ਮਿਲਦੇ ਹੀ ਥਾਣਾ ਲਾਡੋਵਾਲ ਦੀ ਸਹਾਇਕ ਮੁਖੀ ਐਸਆਈ ਮਨਪ੍ਰੀਤ ਕੌਰ ਸੈਦੀ ਤੁਰੰਤ ਮੌਕੇ 'ਤੇ ਪੁੱਜੀ ਜਿਨ੍ਹਾਂ ਨੇ ਸਤਲੁਜ ਦਰਿਆ 'ਚ ਪਾਣੀ 'ਚ ਤੈਅ ਰਹੀ ਔਰਤ ਦੀ ਲਾਸ਼ ਬਾਹਰ ਕੱਢੀ। ਇਸ ਦੌਰਾਨ ਪੁਲੀਸ ਨੇ ਮਹਿਲਾ ਦੀ ਲਾਸ਼ ਦੀ ਜਾਂਚ ਕਰਨੀ ਸ਼ੁਰੂ ਕੀਤੀ ਤਾਂ ਉਸ ਦੀ ਗਰਦਨ ਵੱਢੀ ਹੋਈ ਦੇਖੀ ਤਾਂ ਕਤਲ ਦਾ ਮਾਮਲਾ ਸਾਹਮਣੇ ਆਇਆ ਜਿਸ ਤੋਂ ਬਾਅਦ ਮੌਕੇ 'ਤੇ ਏਸੀਪੀ ਤਲਵਿੰਦਰ ਸਿੰਘ ਗਿੱਲ, ਸੀਆਈਏ, ਫ਼ੋਰੈਂਜ਼ਿਕ ਟੀਮ ਅਤੇ ਡੌਗ ਸਕੁਐਡ ਦੀਆਂ ਟੀਮਾਂ ਪੁੱਜ ਗਈਆਂ ਜਿਨ੍ਹਾਂ ਨੇ ਮ੍ਰਿਤਕ ਔਰਤ ਦੀ ਲਾਸ਼ ਦੀ ਜਾਂਚ ਸ਼ੁਰੂ ਕਰ ਦਿੱਤੀ।

ਪੁਲੀਸ ਨੇ ਮੌਕੇ 'ਤੇ ਇੱਕ ਚਾਕੂ ਵੀ ਬਰਾਮਦ ਕੀਤਾ ਜਿਸ ਨਾਲ ਔਰਤ ਦੀ ਗਰਦਨ ਵੱਢੀ ਗਈ ਹੋਣ ਦਾ ਸ਼ੱਕ ਜ਼ਾਹਿਰ ਕੀਤਾ ਜਾ ਰਿਹਾ ਹੈ। ਸਹਾਇਕ ਥਾਣਾ ਮੁੱਖੀ ਮਨਪ੍ਰੀਤ ਕੌਰ ਸੈਣੀ ਨੇ ਦੱਸਿਆ ਕਿ ਮੁਲਜ਼ਮਾਂ ਨੇ ਪਹਿਲਾਂ ਸਤਲੁਜ ਦਰਿਆ ਦੇ ਕੰਢੇ 'ਤੇ ਔਰਤ ਦਾ ਗਲਾ ਵੱਢਿਆ ਅਤੇ ਬਾਅਦ 'ਚ ਉਸ ਦੀ ਲਾਸ਼ ਪਾਣੀ ਦੇ ਅੰਦਰ ਸੁੱਟ ਦਿੱਤੀ ਹੋਵੇਗੀ। ਕਤਲ ਦੀ ਜਾਂਚ ਕਰਦੇ ਸਮੇਂ ਮੌਕੇ 'ਤੇ ਜ਼ਮੀਨ ਦੇ ਮਾਲਕ ਨੂੰ ਬੁਲਾਇਆ ਗਿਆ ਅਤੇ ਜ਼ਮੀਨ ਦੇ ਮਾਲਕ ਨੇ ਦੱਸਿਆ ਕਿ ਉਸ ਦੀ ਜ਼ਮੀਨ ਪਿੰਡ ਆਲੋਵਾਲ ਦੀ ਹੈ। ਉਸ ਤੋਂ ਬਾਅਦ ਪੁਲੀਸ ਨੂੰ ਪਤਾ ਲੱਗਾ ਹੈ ਕਿ ਪਿੰਡ ਆਲੋਵਾਲ ਥਾਣਾ ਫ਼ਿਲੌਰ ਅਧੀਨ ਹੈ ਜਿਸ ਦੌਰਾਨ ਇਸ ਦੀ ਸੂਚਨਾ ਫ਼ਿਲੌਰ ਪੁਲੀਸ ਨੂੰ ਦਿੱਤੀ ਗਈ।

ਸੂਚਨਾ ਮਿਲਣ ਤੋਂ ਬਾਅਦ ਥਾਣਾ ਫ਼ਿਲੌਰ ਦੇ ਮੁਖੀ ਇੰਸਪੈਕਟਰ ਬਲਵਿੰਦਰ ਸਿੰਘ ਆਪਣੀ ਟੀਮ ਨਾਲ ਪੁੱਜੇ ਅਤੇ ਉਸ ਤੋਂ ਬਾਅਦ ਥਾਣਾ ਫ਼ਿਲੌਰ ਪੁਲੀਸ ਆਪਣੀ ਹੱਦਬੰਦੀ 'ਚ ਉਲਝ ਗਈ। ਫ਼ਿਲੌਰ ਪੁਲੀਸ ਦਾ ਕਹਿਣਾ ਸੀ ਕਿ ਸਾਡੀ ਹੱਦ ਸਤਲੁਜ ਦਰਿਆ 'ਤੇ ਅੱਧੇ ਪੁਲ ਤਕ ਹੈ। ਇਹ ਲੁਧਿਆਣਾ ਦਾ ਇਲਾਕਾ ਹੈ। ਕਰੀਬ ਇੱਕ ਘੰਟੇ ਤਕ ਲੋਕਾਂ ਤੋਂ ਪੁੱਛਗਿੱਛ ਕਰਨ ਤੋਂ ਬਾਅਦ ਫ਼ਿਲੌਰ ਪੁਲੀਸ ਨੇ ਮ੍ਰਿਤਕ ਔਰਤ ਦੀ ਲਾਸ਼ ਨੂੰ ਆਪਣੇ ਕਬਜ਼ੇ 'ਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ। ਮ੍ਰਿਤਕ ਔਰਤ ਦੀ ਉਮਰ ਤਕਰੀਬਨ 25 ਸਾਲ ਦੇ ਆਸ-ਪਾਸ ਦੱਸੀ ਜਾ ਰਹੀ ਹੈ ਅਤੇ ਕਤਲ 10-12 ਘੰਟੇ ਪਹਿਲਾਂ ਹੋਇਆ ਲੱਗ ਰਿਹਾ ਹੈ। ਫ਼ਿਲੌਰ ਥਾਣਾ ਮੁਖੀ ਬਲਵਿੰਦਰ ਸਿੰਘ ਨੇ ਦੱਸਿਆ ਕਿ ਅਣਪਛਾਤੇ ਮੁਲਜ਼ਮਾਂ ਖ਼ਿਲਾਫ਼ ਕਤਲ ਦਾ ਕੇਸ ਦਰਜ ਕਰ ਲਿਆ ਹੈ ਅਤੇ ਮ੍ਰਿਤਕ ਔਰਤ ਦੀ ਪਛਾਣ ਲਈ ਆਸ-ਪਾਸ ਦੇ ਇਲਾਕਿਆਂ 'ਚ ਲੋਕਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

## ਖ਼ਬਰ ਪੰਜਾਬ ਤੋਂ ਆਈ ਐ ਬਈ--

# ਮਨੁੱਖੀ ਅਧਿਕਾਰਾਂ ਲਈ ਮੇਰੇ ਬੋਲਣ ਤੋਂ ਕੁੱਝ ਲੋਕਾਂ ਨੂੰ ਪ੍ਰੇਸ਼ਾਨੀ ਹੈ : ਤਨਮਨਜੀਤ ਸਿੰਘ ਢੇਸੀ

ਜਲੰਧਰ (ਪੰਜਾਬੀ ਅਖਬਾਰ ਬਿਊਰੋ)- ਹੁਣੇ ਜਿਹੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਬੈਠਕ ਕਰ ਕੇ ਵਿਰੋਧੀ ਧਿਰ ਦਾ ਨਿਸ਼ਾਨਾ ਬਣੇ ਇੰਗਲੈਂਡ ਦੇ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਕਿਹਾ ਹੈ ਕਿ ਉਹ ਹਮੇਸ਼ਾ ਮਨੁੱਖੀ ਅਧਿਕਾਰਾਂ ਲਈ ਬੋਲਦੇ ਰਹੇ ਹਨ ਅਤੇ ਅੱਗੇ ਵੀ ਬੋਲਦੇ ਰਹਿਣਗੇ। ਹੋ ਸਕਦਾ ਹੈ ਕਿ ਉਨ੍ਹਾਂ ਦਾ ਇਸ ਤਰ੍ਹਾਂ ਬੋਲਣਾ ਕੁਝ ਲੋਕਾਂ ਨੂੰ ਪਸੰਦ ਨਾ ਆ ਰਿਹਾ ਹੋਵੇ, ਜਿਸ ਕਾਰਨ ਉਹ ਉਨ੍ਹਾਂ ਖ਼ਿਲਾਫ਼ ਮੁੱਦਾ ਲੱਭ ਰਹੇ ਹਨ। ਵਿਸ਼ੇਸ਼ ਗੱਲਬਾਤ 'ਚ ਤਨਮਨਜੀਤ ਸਿੰਘ ਢੇਸੀ ਨੇ ਕਿਹਾ ਕਿ ਉਹ ਪੰਜਾਬ 'ਚ ਇਕ ਛੋਟੇ ਜਿਹੇ ਟੂਰ 'ਤੇ ਆਏ ਹਨ, ਜਿਸ ਦੌਰਾਨ ਉਨ੍ਹਾਂ ਦੀ ਕੋਸ਼ਿਸ਼ ਹੈ ਕਿ ਭਾਰਤ ਤੇ ਇੰਗਲੈਂਡ ਦਰਮਿਆਨ ਵਪਾਰ ਤੇ ਖੁਸ਼ਹਾਲੀ ਵਧੇ। ਇਸ ਦੇ ਲਈ ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੁਲਾਕਾਤ ਕੀਤੀ ਸੀ। ਉਨ੍ਹਾਂ ਕਿਹਾ ਕਿ ਪੰਜਾਬ ਤੋਂ ਬਹੁਤ ਸਾਰੇ ਲੋਕ ਇੰਗਲੈਂਡ 'ਚ ਰਹਿੰਦੇ ਹਨ ਪਰ ਉਨ੍ਹਾਂ ਦੀ ਜ਼ਮੀਨ-ਜਾਇਦਾਦ ਅਜੇ ਵੀ ਪੰਜਾਬ 'ਚ ਹੈ। ਉਹ ਲੋਕ ਅਕਸਰ ਪੰਜਾਬ 'ਚ ਜ਼ਮੀਨ-ਜਾਇਦਾਦਾਂ 'ਤੇ ਕਬਜ਼ਿਆਂ ਦੀਆਂ ਸ਼ਿਕਾਇਤਾਂ ਕਰਦੇ ਹਨ। ਸਥਾਨਕ ਪ੍ਰਸ਼ਾਸਨ ਉਨ੍ਹਾਂ ਦੀ ਗੱਲ ਨਹੀਂ ਸੁਣਦਾ ਅਤੇ ਉਨ੍ਹਾਂ ਨੂੰ ਧੱਕੇ ਖਾਣੇ ਪੈਂਦੇ ਹਨ। ਢੇਸੀ ਨੇ ਕਿਹਾ ਕਿ ਉਨ੍ਹਾਂ ਇਸ ਮਾਮਲੇ 'ਚ ਮੁੱਖ ਮੰਤਰੀ ਨੂੰ ਅਪੀਲ ਕੀਤੀ ਹੈ ਕਿ ਅਜਿਹੀ ਨੀਤੀ ਬਣਾਈ ਜਾਵੇ, ਜਿਸ ਨਾਲ ਬਾਹਰੋਂ ਆਉਣ ਵਾਲੇ ਲੋਕਾਂ ਨੂੰ ਪ੍ਰਸ਼ਾਸਕੀ ਦਫਤਰਾਂ 'ਚ ਆਪਣੇ ਕੰਮ ਕਰਵਾਉਣ ਲਈ ਧੱਕੇ ਨਾ ਖਾਣੇ ਪੈਣ। ਉਨ੍ਹਾਂ ਪੰਜਾਬ ਵਿਚ ਵਿਦੇਸ਼ੀ ਲੋਕਾਂ ਨੂੰ ਆਕਰਸ਼ਿਤ ਕਰਨ ਲਈ ਨੀਤੀਆਂ ਬਣਾਉਣ ਦੀ ਵੀ ਮਾਨ ਕੋਲ ਮੰਗ ਕੀਤੀ।



**ਅੰਨਦਾਤੇ 'ਤੇ ਲਾਠੀਚਾਰਜ ਮਨੁੱਖੀ ਅਧਿਕਾਰਾਂ ਦਾ ਘਾਣ**

ਕਿਸਾਨ ਅੰਦੋਲਨ ਦੌਰਾਨ ਢੇਸੀ ਦੇ ਕੁਝ ਬਿਆਨਾਂ 'ਤੇ ਕਾਫੀ ਚਰਚਾ ਚੱਲੀ ਸੀ। ਇਸ 'ਤੇ ਉਨ੍ਹਾਂ ਕਿਹਾ ਕਿ ਪੰਜਾਬ ਦਾ ਕਿਸਾਨ ਦੇਸ਼ ਲਈ ਅੰਨਦਾਤੇ ਦੀ ਭੂਮਿਕਾ ਨਿਭਾਉਂਦਾ ਰਿਹਾ ਹੈ ਪਰ ਦੁੱਖ ਹੁੰਦਾ ਹੈ ਕਿ ਅੰਨਦਾਤੇ ਨੂੰ ਹੀ ਅੱਤਵਾਦੀ ਜਾਂ ਦੇਸ਼ਧ੍ਰੋਹੀ ਕਿਹਾ ਜਾਣ ਲੱਗਾ ਸੀ। ਉਨ੍ਹਾਂ ਕਿਹਾ ਕਿ ਜਦੋਂ ਕਿਸਾਨਾਂ 'ਤੇ ਲਾਠੀਚਾਰਜ ਕੀਤਾ ਗਿਆ ਅਤੇ ਹੰਝੂ ਗੈਸ ਦੇ ਗੋਲੇ ਦਾਗੇ ਗਏ ਤਾਂ ਉਨ੍ਹਾਂ ਕਿਸਾਨਾਂ ਦੇ ਪੱਖ 'ਚ ਮਨੁੱਖੀ ਅਧਿਕਾਰਾਂ ਦੇ ਹੱਕ ਵਿਚ ਆਵਾਜ਼ ਉਠਾਈ ਸੀ। ਆਪਣੀ ਗੱਲ ਰੱਖਣ ਦਾ ਹੱਕ ਸਭ ਨੂੰ ਹੈ ਅਤੇ ਉਹ ਆਪਣੀ ਗੱਲ ਹਮੇਸ਼ਾ ਰੱਖਦੇ ਰਹਿੰਦੇ ਹਨ। ਢੇਸੀ ਨੇ ਕਿਹਾ ਕਿ ਉਨ੍ਹਾਂ ਉਸ ਵੇਲੇ ਪ੍ਰਧਾਨ ਮੰਤਰੀ ਨੂੰ ਵੀ ਚਿੱਠੀ ਲਿਖੀ ਸੀ ਅਤੇ ਇੰਗਲੈਂਡ 'ਚ ਉਸ ਵੇਲੇ ਇਕ ਪਟੀਸ਼ਨ ਵੀ ਚਲਾਈ ਗਈ ਸੀ, ਜਿਸ 'ਤੇ ਲਗਭਗ 1 ਲੱਖ ਤੋਂ ਵੱਧ ਲੋਕਾਂ ਨੇ ਹਸਤਾਖ਼ਰ ਕੀਤੇ ਸਨ। ਇਸ ਪਟੀਸ਼ਨ 'ਚ ਵੀ ਮਨੁੱਖੀ ਅਧਿਕਾਰਾਂ ਦੇ ਘਾਣ 'ਤੇ ਸਵਾਲ ਉਠਾਇਆ ਗਿਆ ਸੀ।

**ਇੰਗਲੈਂਡ-ਅੰਮ੍ਰਿਤਸਰ ਸਿੱਧੀ ਉਡਾਣ ਨਾਲ ਵਧੇਗਾ ਵਪਾਰ**

ਭਾਰਤ ਤੋਂ ਇੰਗਲੈਂਡ ਨੂੰ ਸਿੱਧੀ ਉਡਾਣ ਦੇ ਮੁੱਦੇ 'ਤੇ ਢੇਸੀ ਨੇ ਕਿਹਾ ਕਿ ਸਿੱਧੀ ਉਡਾਣ ਨਾ ਹੋਣ ਕਾਰਨ ਕਈ ਵਾਰ ਉੱਥੋਂ ਆਉਣ ਵਾਲੇ ਭਾਰਤੀ ਪ੍ਰੇਸ਼ਾਨੀਆਂ 'ਚ ਘਿਰ ਜਾਂਦੇ ਹਨ, ਜਿਸ ਕਾਰਨ ਉਹ ਲੋਕ ਭਾਰਤ ਆਉਣ ਤੋਂ ਝਿਜਕਦੇ ਹਨ। ਇਸ ਦਾ ਸਿੱਧਾ ਅਸਰ ਭਾਰਤ ਨੂੰ ਮਿਲਣ ਵਾਲੇ ਵਪਾਰ 'ਤੇ ਪੈਂਦਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਇਕ ਅਨਮੋਲ ਸਥਾਨ ਹੈ, ਜਿੱਥੇ ਰੋਜ਼ਾਨਾ ਹਜ਼ਾਰਾਂ ਲੋਕ ਨਤਮਸਤਕ ਹੁੰਦੇ ਹਨ। ਉਨ੍ਹਾਂ ਕਿਹਾ ਕਿ ਜੇ ਲੰਡਨ ਤੋਂ ਅੰਮ੍ਰਿਤਸਰ ਲਈ ਸਿੱਧੀ ਉਡਾਣ ਚਲਾਈ ਜਾਵੇ ਤਾਂ ਅੰਮ੍ਰਿਤਸਰ ਗੇਟਵੇ ਆਫ ਨਾਰਥ ਇੰਡੀਆ ਬਣ ਸਕਦਾ ਹੈ। ਹੁਣ ਤਕ ਲੋਕਾਂ ਨੂੰ ਵਾਇਆ ਦਿੱਲੀ ਜਾਂ ਕਈ ਹੋਰ ਦੇਸ਼ਾਂ ਤੋਂ ਹੋ ਕੇ ਆਉਣਾ ਪੈਂਦਾ ਹੈ, ਜਿਸ ਕਾਰਨ ਉਨ੍ਹਾਂ ਨੂੰ ਪ੍ਰੇਸ਼ਾਨੀ ਵੀ ਹੁੰਦੀ ਹੈ। ਸਿੱਧੀ ਉਡਾਣ ਨਾਲ ਭਾਰਤ ਤੇ ਇੰਗਲੈਂਡ ਦਰਮਿਆਨ ਵਪਾਰ 'ਤੇ ਵੀ ਬਿਹਤਰ ਅਸਰ ਪਵੇਗਾ।

**ਵਿਦੇਸ਼ ਜਾਣ ਵਾਲੇ ਵਿਦਿਆਰਥੀਆਂ ਨੂੰ ਨਸੀਹਤ-**

ਭਾਰਤ ਤੋਂ ਵਿਦੇਸ਼ ਜਾਣ ਵਾਲੇ ਵਿਦਿਆਰਥੀਆਂ ਬਾਰੇ ਢੇਸੀ ਨੇ ਕਿਹਾ ਕਿ ਉਂਝ ਤਾਂ ਪੰਜਾਬ 'ਚ ਸਿੱਖਿਆ ਦਾ ਪੱਧਰ ਹੋਰ ਉੱਚਾ ਚੁੱਕਿਆ ਜਾਣਾ ਚਾਹੀਦਾ ਹੈ ਪਰ ਜਿਹੜੇ ਲੋਕ ਇੰਗਲੈਂਡ ਆ ਕੇ ਪੜ੍ਹਨਾ ਵੀ ਚਾਹੁੰਦੇ ਹਨ, ਉਹ ਗਲਤ ਲੋਕਾਂ ਦੇ ਝਾਂਸੇ 'ਚ ਨਾ ਆਉਣ। ਉਨ੍ਹਾਂ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਇੰਗਲੈਂਡ ਆਉਣ ਤੋਂ ਪਹਿਲਾਂ ਆਪਣੇ ਕਾਗਜ਼ਾਤ ਪੂਰੇ ਰੱਖਣ ਤਾਂ ਜੋ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਦਿੱਕਤ ਨਾ ਹੋਵੇ। ਅਕਸਰ ਕਾਗਜ਼ ਪੂਰੇ ਨਾ ਹੋਣ ਕਾਰਨ ਕਈ ਵਿਦਿਆਰਥੀਆਂ ਨੂੰ ਇੱਧਰ-ਉੱਧਰ ਭਟਕਣਾ ਪੈਂਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਪੰਜਾਬ ਦੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਚੰਗੀ ਕਿਸਮ ਦੀ ਫਸਲ ਬੀਜਣ ਤਾਂ ਜੋ ਵਿਦੇਸ਼ੀ ਬਾਜ਼ਾਰਾਂ 'ਚ ਉਨ੍ਹਾਂ ਦੀ ਫ਼ਸਲ ਨੂੰ ਚੰਗੀ ਕੀਮਤ ਮਿਲ ਸਕੇ।

**ਸਿੱਖ ਵਰਗ 'ਤੇ ਬੰਦ ਹੋਣ ਨਸਲੀ ਹਮਲੇ**

ਸਿੱਖ ਵਰਗ 'ਤੇ ਪਿਛਲੇ ਕੁਝ ਸਮੇਂ ਤੋਂ ਨਸਲੀ ਹਮਲੇ ਹੋਣ ਦੇ ਮਾਮਲੇ 'ਤੇ ਢੇਸੀ ਨੇ ਕਿਹਾ ਕਿ ਪਿਛਲੇ ਕੁਝ ਸਾਲਾਂ ਤੋਂ ਵਿਦੇਸ਼ਾਂ ਵਿਚ ਇਹ ਸਿਲਸਿਲਾ ਵਧਿਆ ਹੈ। ਉਨ੍ਹਾਂ ਇਹ ਮੁੱਦਾ ਸੰਸਦ 'ਚ ਵੀ ਉਠਾਇਆ ਸੀ। ਖਾਸ ਤੌਰ 'ਤੇ ਅਮਰੀਕਾ ਵਿਚ ਸਿੱਖਾਂ ਨਾਲ ਬੁਰਾ ਸਲੂਕ ਹੋ ਰਿਹਾ ਸੀ, ਇੱਥੋਂ ਤਕ ਕਿ ਉਨ੍ਹਾਂ ਨੂੰ ਗੋਲੀ ਵੀ ਮਾਰ ਦਿੱਤੀ ਗਈ। ਉਨ੍ਹਾਂ ਕਿਹਾ ਕਿ ਸਿੱਖ ਭਾਈਚਾਰੇ ਨੇ ਜਿੱਥੇ ਭਾਰਤ ਦੀ ਆਜ਼ਾਦੀ ਲਈ ਸ਼ਹਾਦਤਾਂ ਦਿੱਤੀਆਂ ਹਨ, ਉੱਥੇ ਹੀ ਯੂਰਪ ਨੂੰ ਹਿਟਲਰ ਤੋਂ ਬਚਾਉਣ ਲਈ ਵੀ ਸਿੱਖਾਂ ਨੇ ਬਲੀਦਾਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਨਸਲੀ ਹਮਲਿਆਂ ਨੂੰ ਰੋਕਣ ਲਈ ਸਿੱਖ ਭਾਈਚਾਰੇ ਵੱਲੋਂ ਦਿੱਤੇ ਗਏ ਬਲੀਦਾਨਾਂ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨਾ ਜ਼ਰੂਰੀ ਹੈ। ਭਾਰਤ 'ਚ ਸਕੂਲਾਂ ਵਿਚ ਦਸਤਾਰ ਜਾਂ ਹਿਜਾਬ 'ਤੇ ਰੋਕ 'ਤੇ ਵੀ ਉਨ੍ਹਾਂ ਇਤਰਾਜ਼ ਜ਼ਾਹਿਰ ਕੀਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਸਭ ਤੋਂ ਉੱਪਰ ਉੱਠ ਕੇ ਦੇਸ਼ ਦੀ ਤਰੱਕੀ ਵੱਲ ਧਿਆਨ ਦੇਣਾ ਜ਼ਰੂਰੀ ਹੈ।

# ਪ੍ਰਕਾਸ਼ ਪੁਰਬ ਸਬੰਧੀ ਸ੍ਰੀ ਹਰਿਮੰਦਰ ਸਾਹਿਬ ਦਾ ਪਵਿੱਤਰ ਜਲ ਲੈ ਕੇ ਹਰਿਆਣਾ ਪੁੱਜਾ ਸੂਬਾ ਸਰਕਾਰ ਦਾ ਦਲ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400ਵੇਂ ਪ੍ਰਕਾਸ਼ ਪੁਰਬ ਦੇ ਸਿਲਸਿਲੇ 'ਚ ਅੰਮ੍ਰਿਤਸਰ ਤੋਂ ਸ੍ਰੀ ਹਰਿਮੰਦਰ ਸਾਹਿਬ ਦਾ ਪਵਿੱਤਰ ਜਲ ਹਰਿਆਣਾ ਲਿਆਂਦਾ ਗਿਆ ਹੈ। ਖੇਡ ਮੰਤਰੀ ਸੰਦੀਪ ਸਿੰਘ ਦੀ ਅਗਵਾਈ 'ਚ ਅੰਮ੍ਰਿਤਸਰ ਪਹੁੰਚਿਆ ਦਲ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਇਆ ਅਤੇ ਫਿਰ ਪਾਣੀਪਤ 'ਚ ਆਯੋਜਿਤ ਪ੍ਰਕਾਸ਼ ਪੁਰਬ ਦੇ ਪ੍ਰੋਗਰਾਮ ਦਾ ਸੱਦਾ ਸ੍ਰੀ ਦਰਬਾਰ ਸਾਹਿਬ 'ਚ ਦਿੱਤਾ। ਇਸ ਦੌਰਾਨ ਕਰਨਾਲ ਦੇ ਐੱਮ.ਪੀ. ਸੰਜੇ ਭਾਟੀਆ ਅਤੇ ਮੁੱਖ ਮੰਤਰੀ ਦੇ ਅਡੀਸ਼ਨਲ ਚੀਫ ਸੈਕਟਰੀ ਡਾ. ਅਮਿਤ ਅਗਰਵਾਲ ਵੀ ਨਾਲ ਸਨ। ਖੇਡ ਮੰਤਰੀ ਸੰਦੀਪ ਸਿੰਘ ਨੇ ਕਿਹਾ ਕਿ 24 ਅਪ੍ਰੈਲ ਨੂੰ ਪਾਣੀਪਤ ਦੇ ਸੈਕਟਰ-13,17 ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 400ਵਾਂ ਪ੍ਰਕਾਸ਼ ਪੁਰਬ ਧੂਮਧਾਮ ਨਾਲ ਮਨਾਇਆ ਜਾਵੇਗਾ। ਇਸੇ ਪ੍ਰੋਗਰਾਮ ਨੂੰ ਲੈ ਕੇ ਅੰਮ੍ਰਿਤਸਰ ਦੇ ਸ੍ਰੀ ਹਰਿਮੰਦਰ ਸਾਹਿਬ ਦਾ ਪਵਿੱਤਰ ਜਲ ਲੈਣ ਲਈ ਹਰਿਆਣਾ ਸਰਕਾਰ ਦਾ ਦਲ ਪਹੁੰਚਿਆ ਹੈ। ਇਹ ਉਨ੍ਹਾਂ ਲਈ ਭਾਗਾਂ ਵਾਲੀ ਗੱਲ ਹੈ ਕਿ ਉਨ੍ਹਾਂ ਨੂੰ ਇਸ ਪਵਿੱਤਰ ਜਲ ਨੂੰ ਲਿਜਾਣ ਦਾ ਮੌਕਾ ਮਿਲ ਰਿਹਾ ਹੈ। ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਦੀ ਅਗਵਾਈ 'ਚ ਸੂਬਾ ਸਰਕਾਰ ਸਾਰੇ ਧਰਮਾਂ ਦੇ ਗੁਰੂਆਂ ਦੇ ਜਨਮ ਤੇ ਸ਼ਹੀਦੀ ਦਿਹਾੜੇ ਧੂਮਧਾਮ ਨਾਲ ਮਨਾਉਂਦੀ ਰਹੀ ਹੈ। ਇਸੇ ਸਿਲਸਿਲੇ 'ਚ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 400ਵਾਂ ਪ੍ਰਕਾਸ਼ ਪੁਰਬ ਮਨਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਦੇ ਮੁੱਖ ਮੰਤਰੀ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਵੀ ਇਸ ਪ੍ਰੋਗਰਾਮ ਦਾ ਸੱਦਾ ਭੇਜਿਆ ਜਾਵੇਗਾ। ਕਰਨਾਲ ਦੇ ਐੱਮ. ਪੀ. ਸੰਜੇ ਭਾਟੀਆ ਨੇ ਕਿਹਾ,"ਇਹ ਮੇਰੇ ਲਈ ਭਾਗਾਂ ਵਾਲੀ ਗੱਲ ਹੈ ਕਿ ਅੱਜ ਅਸੀਂ ਹਰਿਆਣਾ ਸਰਕਾਰ ਵੱਲੋਂ ਪੂਰੇ ਪੰਜਾਬ ਦੀ ਸੰਗਤ ਨੂੰ ਇਸ ਪਾਵਨ ਪੁਰਬ ਦਾ ਸੱਦਾ ਦੇਣ ਲਈ ਸ੍ਰੀ ਦਰਬਾਰ ਸਾਹਿਬ ਆਏ ਹਾਂ। ਪਾਣੀਪਤ ਵਿਚ ਪ੍ਰਕਾਸ਼ ਪੁਰਬ 'ਤੇ ਪਹੁੰਚਣ ਵਾਲੀ ਸੰਗਤ ਨੂੰ ਸ੍ਰੀ ਦਰਬਾਰ ਸਾਹਿਬ ਤੋਂ ਲਿਜਾਇਆ ਜਾਣ ਵਾਲਾ ਪਵਿੱਤਰ ਜਲ ਵੀ ਦਿੱਤਾ ਜਾਵੇਗਾ।



# ਪੰਜਾਬ 'ਚ ਕਾਂਗਰਸ ਨੂੰ ਲੱਗ ਸਕਦੈ ਵੱਡਾ ਝਟਕਾ ਸੁਨੀਲ ਜਾਖੜ ਪਾਰਟੀ ਨੂੰ ਕਹਿ ਸਕਦੇ ਨੇ ਅਲਵਿਦਾ !

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਪੰਜਾਬ ਵਿੱਚ ਕਾਂਗਰਸ ਨੂੰ ਜਲਦ ਹੀ ਵੱਡਾ ਝਟਕਾ ਲੱਗ ਸਕਦਾ ਹੈ। ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਪਾਰਟੀ ਨੂੰ ਅਲਵਿਦਾ ਕਹਿ ਸਕਦੇ ਹਨ। ਕਾਂਗਰਸ ਦੀ ਅਨੁਸ਼ਾਸਨੀ ਕਮੇਟੀ ਵੱਲੋਂ ਜਾਰੀ ਕਾਰਨ ਦੱਸੋ ਨੋਟਿਸ ਦਾ ਸੁਨੀਲ ਜਾਖੜ ਨੇ ਕੋਈ ਜਵਾਬ ਨਹੀਂ ਦਿੱਤਾ ਹੈ। ਸੁਨੀਲ ਜਾਖੜ ਦੇ ਅਗਲੇ ਸਿਆਸੀ ਸਫ਼ਰ ਨੂੰ ਲੈ ਕੇ ਚਰਚਾਵਾਂ ਤੇਜ਼ ਹੋ ਗਈਆਂ ਹਨ। ਸਵਾਲ ਇਹ ਉੱਠਦਾ ਹੈ ਕਿ ਕੀ ਜਾਖੜ ਭਾਜਪਾ, ਆਮ ਆਦਮੀ ਪਾਰਟੀ ਜਾਂ ਕਿਸੇ ਹੋਰ ਪਾਰਟੀ ਵਿੱਚ ਸ਼ਾਮਲ ਹੋਣਗੇ ਜਾਂ ਫ਼ਿਲਹਾਲ ਸਿਆਸੀ ਗਤੀਵਿਧੀਆਂ ਤੋਂ ਦੂਰ ਰਹਿਣਗੇ। ਦੱਸ ਦੇਈਏ ਕਿ ਜਾਖੜ ਨੇ ਕਾਂਗਰਸ ਵੱਲੋਂ ਜਾਰੀ ਨੋਟਿਸ ਦਾ ਸੋਮਵਾਰ ਤੱਕ ਜਵਾਬ ਦੇਣਾ ਸੀ ਪਰ ਉਨ੍ਹਾਂ ਨੇ ਨਾ ਤਾਂ ਕੋਈ ਜਵਾਬ ਦਿੱਤਾ ਅਤੇ ਨਾ ਹੀ ਸਾਹਮਣੇ ਆ ਕੇ ਕੋਈ ਪ੍ਰਤੀਕਿਰਿਆ ਦਿੱਤੀ ਹੈ। ਮੰਨਿਆ ਜਾ ਰਿਹਾ ਹੈ ਕਿ ਜਾਖੜ ਪਾਰਟੀ ਦੇ ਰੁਖ ਤੋਂ ਇੰਨੇ ਨਿਰਾਸ਼ ਹਨ ਕਿ ਉਹ ਕਾਂਗਰਸ ਨੂੰ ਅਲਵਿਦਾ ਕਹਿ ਸਕਦੇ ਹਨ। ਮੰਨਿਆ ਜਾ ਰਿਹਾ ਹੈ ਕਿ ਆਉਣ ਵਾਲੇ ਇੱਕ-ਦੋ ਦਿਨਾਂ ਵਿੱਚ ਜਾਖੜ ਆਪਣੀ ਸਥਿਤੀ ਸਪੱਸ਼ਟ ਕਰਨਗੇ। ਇਸ ਦੇ ਨਾਲ ਹੀ ਜਾਖੜ ਵੱਲੋਂ ਜਵਾਬ ਨਾ ਦਿੱਤੇ ਜਾਣ ਕਾਰਨ ਕਾਂਗਰਸ ਪਾਰਟੀ ਦੀਆਂ ਮੁਸ਼ਕਲਾਂ ਵੀ ਵਧ ਗਈਆਂ ਹਨ। ਜਾਂ ਤਾਂ ਕਾਂਗਰਸ ਸੁਨੀਲ ਜਾਖੜ ਨੂੰ ਦੁਬਾਰਾ ਨੋਟਿਸ ਜਾਰੀ ਕਰੇਗੀ ਜਾਂ ਅਨੁਸ਼ਾਸਨੀ ਕਾਰਵਾਈ ਕਰਕੇ ਉਨ੍ਹਾਂ ਨੂੰ ਸਸਪੈਂਡ ਕਰੇਗੀ। ਜ਼ਿਕਰਯੋਗ ਹੈ ਕਿ ਕਾਂਗਰਸ ਦੇ ਸੂਬਾ ਇੰਚਾਰਜ ਹਰੀਸ਼ ਚੌਧਰੀ ਦੀ ਸ਼ਿਕਾਇਤ 'ਤੇ ਕਾਂਗਰਸ ਦੀ ਅਨੁਸ਼ਾਸਨੀ ਕਮੇਟੀ ਨੇ ਸੁਨੀਲ ਜਾਖੜ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਸੀ। 11 ਅਪ੍ਰੈਲ ਨੂੰ ਜਾਰੀ ਨੋਟਿਸ ਵਿੱਚ ਕਿਹਾ ਗਿਆ ਹੈ ਕਿ ਉਨ੍ਹਾਂ ਨੇ ਪਾਰਟੀ ਦੇ ਲੀਡਰ ਦੇ ਖਿਲਾਫ਼ ਅਪਮਾਨਜਨਕ ਸ਼ਬਦਾਵਲੀ ਦੀ ਵਰਤੋਂ ਕੀਤੀ ਅਤੇ ਪੰਜਾਬ ਵਿੱਚ ਵਿਧਾਇਕ ਦਲ ਦਾ ਆਗੂ ਚੁਣਦੇ ਸਮੇਂ ਫਿਰਕੂ ਮਾਨਸਿਕਤਾ ਅਪਣਾਈ। ਇਸ 'ਤੇ ਪਾਰਟੀ ਨੇ ਉਨ੍ਹਾਂ ਨੂੰ 7 ਦਿਨਾਂ ਵਿੱਚ ਜਵਾਬ ਦੇਣ ਲਈ ਕਿਹਾ ਸੀ।



# ਜਿਲ੍ਹਾ ਐਨ ਜੀ ਓ ਕੋਆਰਡੀਨੇਸ਼ਨ ਕਮੇਟੀ ਨੇ ਮੋਗਾ ਦੇ ਵਿਧਾਇਕ ਅਮਨ ਅਰੋੜਾ ਨਾਲ ਸ਼ਹਿਰ ਦੀਆਂ ਸਮੱਸਿਆਵਾਂ ਸਬੰਧੀ ਕੀਤੀ ਮੀਟਿੰਗ

ਮੋਗਾ (ਪੰਜਾਬੀ ਅਖਬਾਰ ਬਿਊਰੋ) : ਮੋਗਾ ਜਿਲ੍ਹੇ ਦੀਆਂ ਵੱਖ ਵੱਖ ਸਮਾਜ ਸੇਵੀ ਗਤੀਵਿਧੀਆਂ ਵਿੱਚ ਸਰਗਰਮ 80 ਦੇ ਕਰੀਬ ਸੰਸਥਾਵਾਂ ਦੀ ਏਕਤਾ ਤੇ ਆਧਾਰਿਤ ਜਿਲ੍ਹਾ ਐਨ ਜੀ ਓ ਕੋਆਰਡੀਨੇਸ਼ਨ ਕਮੇਟੀ ਮੋਗਾ ਵੱਲੋਂ ਅੱਜ ਜਿਲ੍ਹਾ ਕੋਆਰਡੀਨੇਟਰ ਦਰਸ਼ਨ ਸਿੰਘ ਵਿਰਦੀ ਦੀ ਅਗਵਾਈ ਵਿੱਚ ਹੋਟਲ ਨੂਰ ਮਹਿਲ ਸੰਨੀ ਟਾਵਰ ਮੋਗਾ ਵਿਖੇ ਮੋਗਾ ਦੀ ਵਿਧਾਇਕਾ ਡਾ ਅਮਨਦੀਪ ਕੌਰ ਅਰੋੜਾ ਨਾਲ ਸ਼ਹਿਰ ਦੀਆਂ ਸਮੱਸਿਆਵਾਂ ਸਬੰਧੀ ਮੀਟਿੰਗ ਕੀਤੀ। ਮੀਟਿੰਗ ਦੌਰਾਨ ਕਮੇਟੀ ਮੈਂਬਰਾਂ ਵੱਲੋਂ ਸ਼ਹਿਰ ਦੀਆਂ 20 ਪ੍ਰਮੁੱਖ ਸਮੱਸਿਆਵਾਂ, ਸਿਵਲ ਹਸਪਤਾਲ ਮੋਗਾ ਨਾਲ ਸਬੰਧਤ 11 ਮੁੱਖ ਸਮੱਸਿਆਵਾਂ ਅਤੇ ਮਿੰਨੀ ਸਕੱਤਰੇਤ ਮੋਗਾ ਨਾਲ ਸਬੰਧਤ 5 ਪ੍ਰਮੁੱਖ ਸਮੱਸਿਆਵਾਂ ਲਿਖਤੀ ਰੂਪ ਵਿੱਚ ਉਨ੍ਹਾਂ ਨੂੰ ਸੌਂਪੀਆਂ ਅਤੇ ਨਾਲ ਹੀ ਉਨ੍ਹਾਂ ਦੇ ਹੱਲ ਸਬੰਧੀ ਸੁਝਾਅ ਵੀ ਦਿੱਤੇ। ਇਸ ਮੌਕੇ ਐਨ ਜੀ ? ਕੋਆਰਡੀਨੇਸ਼ਨ ਕਮੇਟੀ ਦੇ ਚੇਅਰਮੈਨ ਮਹਿੰਦਰ ਪਾਲ ਲੂੰਬਾ ਨੇ ਦੱਸਿਆ ਕਿ ਇਨ੍ਹਾਂ ਵਿੱਚ ਜਿਆਦਾਤਰ ਸਮੱਸਿਆਵਾਂ ਬਿਨਾਂ ਕਿਸੇ ਬੱਜਟ ਤੋਂ ਥੋੜ੍ਹੇ ਬਹੁਤ ਪ੍ਰਸਾਸ਼ਨਿਕ ਫੇਰਬਦਲ ਅਤੇ ਇੱਛਾ ਸ਼ਕਤੀ ਨਾਲ ਹੀ ਅਗਲੇ ਇੱਕ ਹਫਤੇ ਦੌਰਾਨ ਹੱਲ ਕੀਤੀਆਂ ਜਾ ਸਕਦੀਆਂ ਹਨ, ਕੁੱਝ ਸਮੱਸਿਆਵਾਂ ਨੂੰ ਹੱਲ ਕਰਨ ਲਈ ਥੋੜ੍ਹੇ ਬੱਜਟ ਦੀ ਜਰੂਰਤ ਪਵੇਗੀ ਤੇ ਕੁੱਝ ਸਮੱਸਿਆਵਾਂ ਵੱਡੇ ਬੱਜਟ ਨਾਲ ਹੱਲ ਹੋਣ ਵਾਲੀਆਂ ਹਨ। ਇਸ ਤੋਂ ਇਲਾਵਾ ਕਮੇਟੀ ਵੱਲੋਂ ਹੋਰ ਵਿਭਾਗਾਂ ਨਾਲ ਸਬੰਧਤ ਸਮੱਸਿਆਵਾਂ ਦੀ ਵੀ ਸੂਚੀ ਤਿਆਰ ਕੀਤੀ ਜਾ ਰਹੀ ਹੈ, ਜਿਨ੍ਹਾਂ ਦੇ ਹੱਲ ਲਈ ਐਨ ਜੀ ? ਸੰਸਥਾਵਾਂ ਪ੍ਰਸਾਸ਼ਨ ਅਤੇ ਸਰਕਾਰ ਨੂੰ ਹਰ ਸੰਭਵ ਸਹਿਯੋਗ ਦੇਣ ਲਈ ਤਿਆਰ ਹਨ। ਉਨ੍ਹਾਂ ਵਿਧਾਇਕਾ ਅਮਨ ਅਰੋੜਾ ਜੀ ਤੋਂ ਮੰਗ ਕੀਤੀ ਕਿ ਡਿਪਟੀ ਕਮਿਸ਼ਨਰ ਮੋਗਾ ਦੀ ਹਾਜਰੀ ਵਿੱਚ ਸਾਰੇ ਵਿਭਾਗਾਂ ਦੇ ਮੁਖੀਆਂ ਨਾਲ ਇੱਕ ਪੈਨਲ ਮੀਟਿੰਗ ਰੱਖੀ ਜਾਵੇ, ਜਿਸ ਵਿੱਚ ਮੋਗਾ ਜਿਲ੍ਹੇ ਦੇ ਚਾਰੇ ਚੁਣੇ ਗਏ ਵਿਧਾਇਕ ਵੀ ਸ਼ਾਮਲ ਹੋਣ ਅਤੇ ਜਿਲ੍ਹੇ ਭਰ ਦੀਆਂ ਸਮਾਜ ਸੇਵੀ ਸੰਸਥਾਵਾਂ ਦਾ ਵੀ ਇੱਕ ਇੱਕ ਨੁਮਾਇੰਦਾ ਸ਼ਾਮਲ ਹੋਵੇ ਤਾਂ ਅਸੀਂ ਪੂਰੇ ਪੰਜਾਬ ਵਿੱਚੋਂ ਮੋਗਾ ਜਿਲ੍ਹੇ ਅੰਦਰ ਇੱਕ ਮਿਸਾਲ ਪੈਦਾ ਕਰ ਸਕਦੇ ਹਾਂ, ਜਿਸ ਨਾਲ ਆਮ ਲੋਕਾਂ ਦੀਆਂ ਸਮੱਸਿਆਵਾਂ ਹੱਲ ਹੋਣਗੀਆਂ ਅਤੇ ਸਰਕਾਰ ਵੱਲੋਂ ਲੋਕਾਂ ਨੂੰ ਬਿਹਤਰ ਸਹੂਲਤਾਂ ਦੇਣ ਦਾ ਵਾਅਦਾ ਵੀ ਪੂਰਾ ਹੋਵੇਗਾ। ਇਸ ਮੌਕੇ ਸੰਸਥਾ ਦੇ ਪ੍ਰਧਾਨ ਗੁਰਸੇਵਕ ਸਿੰਘ ਸੰਨਿਆਸੀ ਅਤੇ ਚੀਫ ਪੈਟਰਨ ਦਵਿੰਦਰਪਾਲ ਸਿੰਘ ਰਿੰਪੀ ਨੇ ਕੋਆਰਡੀਨੇਸ਼ਨ ਕਮੇਟੀ ਵਿੱਚ ਅੱਜ ਸ਼ਾਮਲ ਹੋਈਆਂ ਔਰਤ ਸਮਾਜ ਸੇਵਿਕਾਵਾਂ ਅਤੇ ਵਿਧਾਇਕ ਅਮਨਦੀਪ ਅਰੋੜਾ ਜੀ ਦਾ ਮੀਟਿੰਗ ਵਿੱਚ ਪਹੁੰਚਣ ਲਈ ਧੰਨਵਾਦ ਕੀਤਾ ਅਤੇ ਆਪਣੇ ਵੱਲੋਂ ਹਰ ਸੰਭਵ ਸਹਿਯੋਗ ਦੀ ਪੇਸ਼ਕਸ਼ ਕੀਤੀ। ਇਸ ਮੌਕੇ ਵਿਧਾਇਕ ਡਾ ਅਮਨਦੀਪ ਅਰੋੜਾ ਨੇ ਸਮਾਜ ਸੇਵੀ ਸੰਸਥਾਵਾਂ ਨੂੰ ਕੋਆਰਡੀਨੇਸ਼ਨ ਕਮੇਟੀ ਦਾ ਗਠਨ ਕਰਨ ਲਈ ਵਧਾਈ ਦਿੰਦਿਆਂ ਕਿਹਾ ਕਿ ਇਹ ਕਦਮ ਬਹੁਤ ਹੀ ਸ਼ਲਾਘਾਯੋਗ ਹੈ ਤੇ ਸਾਡੀ ਸਰਕਾਰ ਵੱਲੋਂ ਅਤੇ ਪ੍ਰਸਾਸ਼ਨ ਵੱਲੋਂ ਐਨ ਜੀ ? ਸੰਸਥਾਵਾਂ ਨੂੰ ਨਾਲ ਲੈ ਕੇ ਚੱਲਣ ਦੀ ਪੂਰੀ ਕੋਸ਼ਿਸ਼ ਰਹੇਗੀ। ਉਹਨਾਂ ਉਮੀਦ ਪ੍ਰਗਟ ਕੀਤੀ ਕਿ ਇਸ ਨਾਲ ਅਸੀਂ ਸੱਚਮੁੱਚ ਉਨ੍ਹਾਂ ਲੋਕਾਂ ਤੱਕ ਪਹੁੰਚ ਬਣਾ ਸਕਾਂਗੇ ਜਿਨ੍ਹਾਂ ਨੂੰ ਸਰਕਾਰ ਦੀਆਂ ਭਲਾਈ ਸਕੀਮਾਂ ਦੀ ਵਾਕਈ ਜਰੂਰਤ ਹੈ। ਉਨ੍ਹਾਂ ਜਲਦ ਹੀ ਜਿਲ੍ਹਾ ਪ੍ਰਸਾਸ਼ਨ ਨਾਲ ਪੈਨਲ ਮੀਟਿੰਗ ਕਰਵਾਉਣ ਦਾ ਭਰੋਸਾ ਦਿੱਤਾ। ਇਸ ਮੀਟਿੰਗ ਉਪਰੰਤ ਸਰਬਸੰਮਤੀ ਨਾਲ ਅਨੂ ਗੁਲਾਟੀ ਨੂੰ ਸੰਸਥਾ ਦਾ ਮੀਤ ਪ੍ਰਧਾਨ, ਡਾ ਵਰਿੰਦਰ ਕੌਰ ਅਤੇ ਪ੍ਰਿਥੀਪਾਲ ਸਿੰਘ ਢਿੱਲੋਂ ਨੂੰ ਪੈਟਰਨ, ਮੈਡਮ ਬੇਅੰਤ ਕੌਰ ਗਿੱਲ, ਭਾਵਨਾ ਬਾਂਸਲ, ਭਵਦੀਪ ਕੋਹਲੀ, ਪ੍ਰੋਮਿਲਾ ਮੈਨਰਾਏ ਅਤੇ ਅਮਨ ਗਿੱਲ ਨੂੰ ਸੰਸਥਾ ਦੇ ਸਲਾਹਕਾਰ ਨਿਯੁਕਤ ਕੀਤਾ ਗਿਆ। ਦਵਿੰਦਰਜੀਤ ਸਿੰਘ ਗਿੱਲ ਨੂੰ ਸੁਖਦੇਵ ਸਿੰਘ ਬਰਾੜ ਜੀ ਦੇ ਵਿਦੇਸ਼ ਜਾਣ ਕਾਰਨ ਉਨ੍ਹਾਂ ਦੀ ਜਗ੍ਹਾ ਪੇਂਡੂ ਕਲੱਬਾਂ ਦਾ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ। ਇਸ ਮੌਕੇ ਇਹ ਫੈਸਲਾ ਕੀਤਾ ਗਿਆ ਕਿ ਵੀਰਵਾਰ ਨੂੰ ਦੁਪਹਿਰ 12 ਵਜੇ ਡਿਪਟੀ ਕਮਿਸ਼ਨਰ ਮੋਗਾ ਨੂੰ ਮਿਲ ਕੇ ਇਹ ਮੰਗ ਪੱਤਰ ਉਨ੍ਹਾਂ ਨੂੰ ਵੀ ਦਿੱਤਾ ਜਾਵੇਗਾ ਅਤੇ 24 ਅਪ੍ਰੈਲ ਦਿਨ ਸ਼ਨੀਵਾਰ ਨੂੰ ਸੰਸਥਾ ਦੀ ਵੱਡੀ ਮੀਟਿੰਗ ਸ਼ਾਮ 4 ਵਜੇ ਸਰਬੱਤ ਦਾ ਭਲਾ ਦਫਤਰ ਬਸਤੀ ਗੋਬਿੰਦਗੜ੍ਹ ਮੋਗਾ ਵਿਖੇ ਕੀਤੀ ਜਾਵੇਗੀ। ਇਸ ਮੌਕੇ ਉਕਤ ਤੋਂ ਇਲਾਵਾ ਸਕੱਤਰ ਅਮਰਜੀਤ ਸਿੰਘ ਜੱਸਲ ਅਤੇ ਨਰਿੰਦਰਪਾਲ ਸਿੰਘ ਸਹਾਰਨ, ਇਸਤਰੀ ਕੋਆਰਡੀਨੇਟਰ ਪ੍ਰੋਮਿਲਾ ਕੁਮਾਰੀ, ਚੀਫ ਪੈਟਰਨ ਹਰਜਿੰਦਰ ਚੁਗਾਵਾਂ, ਕੈਸ਼ੀਅਰ ਕ੍ਰਿਸ਼ਨ ਸੂਦ, ਪ੍ਰੈਸ ਸਕੱਤਰ ਭਵਨਦੀਪ ਪੁਰਬਾ, ਸ਼ੋਸ਼ਲ ਮੀਡੀਆ ਇੰਚਾਰਜ ਪਰਮਜੋਤ ਸਿੰਘ ਅਤੇ ਕੁਲਦੀਪ ਸਿੰਘ ਕਲਸੀ, ਡਾ ਸਰਬਜੀਤ ਕੌਰ ਬਰਾੜ, ਮੀਨਾ ਸ਼ਰਮਾ, ਜਸਪ੍ਰੀਤ ਕੌਰ ਢਿੱਲੋਂ, ਅਨਮੋਲ ਸ਼ਰਮਾ, ਮੋਨਿਕਾ ਗੁਲਾਟੀ, ਗੀਤਿਕਾ ਗਰੋਵਰ, ਨੀਤੂ ਚੋਪੜਾ, ਨੇਹਾ ਸ਼ਰਮਾ, ਸ਼ਾਲਿਨੀ, ਗੁਰਜੀਤ ਕੌਰ, ਮਨਪ੍ਰੀਤ ਕੌਰ, ਪ੍ਰਿਤਪਾਲ ਸਿੰਘ, ਦਵਿੰਦਰਜੀਤ ਗਿੱਲ, ਐਡ ਬਲਰਾਜ ਗੁਪਤਾ, ਵੀ ਪੀ ਸੇਠੀ, ਪ੍ਰੀਤੀ ਮਿੱਤਲ, ਮੀਨੂੰ ਮਰਵਾਹਾ, ਪ੍ਰਵੀਨ ਖੁੰਗਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਔਰਤ ਸੰਸਥਾਵਾਂ ਦੇ ਨੁਮਾਇੰਦੇ ਹਾਜਰ ਸਨ।



# ਯੂਕੇ ਦੇ ਸੰਸਦ ਮੈਂਬਰ ਤਨਮਨਜੀਤ ਢੇਸੀ ਨੇ ਮੁੱਖ ਐਨਆਰਆਈ ਮੁੱਦਿਆਂ 'ਤੇ ਚਰਚਾ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਕੀਤੀ ਮੁਲਾਕਾਤ



ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਬਰਤਾਨੀਆਂ ਦੇ ਸਲੋਹ ਤੋਂ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਉਨ੍ਹਾਂ ਦੀ ਸਰਕਾਰੀ ਰਿਹਾਇਸ ਚੰਡੀਗੜ੍ਹ ਵਿਖੇ ਮੁਲਾਕਾਤ ਕੀਤੀ ਅਤੇ ਗੈਰ-ਪ੍ਰਵਾਸੀ ਭਾਰਤੀਆਂ ਨਾਲ ਸਬੰਧਤ ਕਈ ਮੁੱਦਿਆਂ 'ਤੇ ਚਰਚਾ ਕੀਤੀ। ਘੰਟਾ ਭਰ ਚੱਲੀ ਮੀਟਿੰਗ ਦੌਰਾਨ ਰਾਜ ਸਭਾ ਮੈਂਬਰ ਰਾਘਵ ਚੱਢਾ, ਡਾ: ਇੰਦਰਬੀਰ ਸਿੰਘ ਨਿੱਝਰ ਵਿਧਾਇਕ ਅੰਮ੍ਰਿਤਸਰ ਦੱਖਣੀ ਅਤੇ ਢੇਸੀ ਦੇ ਪਿਤਾ ਜਸਪਾਲ ਸਿੰਘ ਢੇਸੀ ਵੀ ਹਾਜਰ ਸਨ।

ਢੇਸੀ ਨੇ ਕਿਹਾ ਕਿ ਉਹ ਪੰਜਾਬ ਦੇ ਮੁੱਖ ਮੰਤਰੀ ਦੇ ਬਹੁਤ ਧੰਨਵਾਦੀ ਹਾਨ ਜਿਸ ਨੇ ਗਰਮਜੋਸ਼ੀ ਨਾਲ ਮੇਰਾ ਸੁਆਗਤ ਕੀਤਾ। ਢੇਸੀ ਨੇ ਕਿਹਾ ਕਿ ਅਸੀਂ ਮੁਲਾਕਾਤ ਦੌਰਾਨ ਪੰਜਾਬੀ ਭਾਈਚਾਰੇ ਦੀ ਬਿਹਤਰੀ ਵਾਲੇ ਅਹਿਮ ਮਾਮਲਿਆਂ ਬਾਰੇ ਲੰਬੇ ਸਮਾਂ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ ਜਿਸ ਵਿੱਚ ਐਨਆਰਆਈਜ ਦੇ ਜਮੀਨੀ ਵਿਵਾਦ ਸਬੰਧੀ ਕੇਸਾਂ, ਬਲੈਕਲਿਸਟ ਕੀਤੇ ਵਿਅਕਤੀਆਂ ਅਤੇ ਲੰਬੇ ਸਮੇਂ ਤੋਂ ਸਿਆਸੀ ਕੈਦੀਆਂ ਅਤੇ ਪ੍ਰਵਾਸੀ ਭਾਰਤੀਆਂ ਨੂੰ ਸਿੱਧੇ ਨਿਵੇਸ ਲਈ ਆਕਰਸਤ ਕਰਨ ਬਾਰੇ ਬਿਹਤਰ ਕਾਨੂੰਨ ਅਤੇ ਨੀਤੀਆਂ ਬਣਾਉਣਾ ਸਾਮਲ ਹਨ। ਯੂਕੇ ਦੇ ਸੰਸਦ ਮੈਂਬਰ ਨੇ ਅੱਗੇ ਕਿਹਾ ਕਿ ਉਨਾਂ ਪੰਜਾਬ ਨਾਲ ਵਧੇਰੇ ਸੰਪਰਕ ਲਈ ਕਾਰਗੋ, ਵਪਾਰ ਅਤੇ ਸੈਰ-ਸਪਾਟੇ ਨੂੰ ਵਧਾਉਣ ਦੇ ਮਹੱਤਵ 'ਤੇ ਵੀ ਚਰਚਾ ਕੀਤੀ ਹੈ, ਖਾਸ ਕਰਕੇ ਲੰਦਨ, ਬਰਮਿੰਘਮ ਅਤੇ ਵਿਦੇਸਾਂ ਦੇ ਹੋਰ ਸਹਿਰਾਂ ਤੋਂ ਅੰਮ੍ਰਿਤਸਰ ਅਤੇ ਚੰਡੀਗੜ੍ਹ ਦੋਵਾਂ ਸ਼ਹਿਰਾਂ ਲਈ ਰੋਜਾਨਾ ਸਿੱਧੀਆਂ ਉਡਾਣਾਂ ਚਾਲੂ ਕਰਵਾਉਣਾ ਸ਼ਾਮਲ ਹੈ।

ਢੇਸੀ ਨੇ ਦੱਸਿਆ ਕਿ ਪੰਜਾਬੀ ਭਾਈਚਾਰੇ ਸਪੱਸਟ ਤੌਰ 'ਤੇ ਆਪਣੀ ਵਿਰਾਸਤੀ ਧਰਤੀ ਨੂੰ ਵੱਧਦਾ-ਫੁੱਲਦਾ ਦੇਖਣਾ ਚਾਹੁੰਦਾ ਹੈ ਅਤੇ ਇਸ ਵਿੱਚ ਯੋਗਦਾਨ ਵੀ ਪਾਉਣਾ ਚਾਹੁੰਦਾ ਹੈ। ਉਨਾਂ ਕਿਹਾ ਕਿ ਮੁੱਖ ਮੰਤਰੀ ਨੇ ਆਪਣੇ ਵਿਦੇਸ ਦੌਰਿਆਂ ਤੋਂ ਪ੍ਰਾਪਤ ਹੋਏ ਵਿਆਪਕ ਗਿਆਨ ਦੇ ਮੱਦੇਨਜਰ ਭਰੋਸਾ ਦਿਵਾਇਆ ਕਿ ਉਹ ਇਹਨਾਂ ਮੁੱਦਿਆਂ ਨੂੰ ਹੱਲ ਕਰਨ ਲਈ ਆਪਣੀ ਪੂਰੀ ਕੋਸ਼ਿਸ਼ ਕਰਨਗੇ, ਜਿਸ ਨਾਲ ਬਿਨਾਂ ਸ਼ੱਕ ਦੁਵੱਲੇ ਸਹਿਯੋਗ ਸਦਕਾ ਪੰਜਾਬ ਦੀ ਹੋਰ ਤਰੱਕੀ ਹੋਵੇਗੀ।






# ਵੱਡੇ ਕੌਤਕ ਕਰ ਗਈਆਂ ਇਹ ਨੇਟਿਵ ਧੀਆਂ



ਜਗਦੇਵ ਸਿੱਧੂ

ਹਰੇਕ ਸਭਿਅਤਾ ਅਤੇ ਹਰੇਕ ਕੌਮ ਅੰਦਰ ਅਜਿਹੀਆਂ ਤਕੜੇ ਜਿਗਰੇ ਵਾਲੀਆਂ ਔਰਤਾਂ ਹੋਈਆਂ ਹਨ ਜਿਨ੍ਹਾਂ ਦੇ ਬਹਾਦਰੀ ਵਾਲੇ ਕਾਰਨਾਮੇ ਸੁਣ ਕੇ ਹੈਰਾਨ ਰਹਿ ਜਾਈਦਾ ਹੈ। ਉਨ੍ਹਾਂ ਦੀ ਤੀਖਣ ਸੂਝ ਬੂਝ, ਸਿਆਣਪ, ਦਲੇਰੀ ਅਤੇ ਸ਼ਕਤੀ ਉਨ੍ਹਾਂ ਨੂੰ ਇਤਿਹਾਸ ਵਿਚ ਸ਼ਾਨਾਮੱਤਾ ਥਾਂ ਦਿਵਾਉਂਦੀ ਹੈ। ਕੈਨੇਡਾ ਅੰਦਰ ਮੁੱਦਤਾਂ ਤੋਂ ਵਸਦੇ ਮੂਲ ਨਿਵਾਸੀਆਂ ਦਾ ਕੋਈ ਲਿਖਿਤ ਇਤਿਹਾਸ ਨਹੀਂ ਹੈ ਜਿਸ ਕਰ ਕੇ ਸਾਨੂੰ ਅਜੇਹੇ ਕਾਰਨਾਮਿਆਂ ਦਾ ਕੋਈ ਅਤਾ-ਪਤਾ ਨਹੀਂ ਪਰ ਯੂਰਪੀਅਨ ਲੋਕਾਂ ਦੇ ਆਉਣ ਤੋਂ ਬਾਦ ਦੀਆਂ ਪ੍ਰਮੁੱਖ ਕਹਾਣੀਆਂ ਜ਼ਰੂਰ ਮੌਜੂਦਗੀ ਦਰਜ ਕਰਾਉਂਦੀਆਂ ਹਨ। ਹਡਜ਼ਨਜ਼ ਬੇਅ ਕੰਪਨੀ ਦੇ ਵਪਾਰ-ਕਾਲ ਜਾਂ ਕਾਰਜ-ਕਾਲ ਸਮੇਂ ਕੁਛ ਦਲੇਰ ਮੂਲ ਨਿਵਾਸੀ ਔਰਤਾਂ ਦੀ ਅਸਾਧਾਰਨ ਯੋਗਤਾ ਅਤੇ ਬਹਾਦਰੀ ਦੀਆਂ ਮਿਸਾਲਾਂ ਹਨ ਜਿਨ੍ਹਾਂ ਨੇ ਅਤੀ ਮੁਸ਼ਕਲ ਘੜੀ ਵੇਲੇ ਉਹ ਅਦਭੁਤ ਕਾਰਾ ਕਰ ਵਿਖਾਇਆ ਜੋ ਉਸ ਸਮੇਂ ਕੋਈ ਮਰਦ ਨਹੀਂ ਕਰ ਸਕਿਆ।

ਅਲਬਰਟਾ ਸੂਬੇ ਦੇ ਸੈਲਾਨੀ ਕੇਂਦਰ ਕੋਲ ਬੈਂਫ ਦੀਆਂ ਪਹਾੜੀਆਂ ਦੀ ਬੁੱਕਲ ਵਿਚ ਇੱਕ ਹਰੇ ਪਾਣੀਆਂ ਦੇ ਝਉਲੇ ਵਾਲੀ ਝੀਲ ਹੈ ਜਿਹੜੀ ਲੇਕ ਮਿਨੀਬਾਂਕਾ ਦੇ ਨਾਂ ਨਾਲ ਜਾਣੀ ਜਾਂਦੀ ਹੈ। ਜਦੋਂ ਉਨ੍ਹੀਂਵੀਂ ਸਦੀ ਦੇ ਪਹਿਲੇ ਅੱਧ ਵਿਚ ਹਡਜ਼ਨਜ਼ ਬੇਅ ਕੰਪਨੀ ਦਾ ਗਵਰਨਰ ਜਾਰਜ ਸਿੰਪਸਨ ਸੀ, ਉਸ ਵੇਲੇ ਦੀ ਇਸ ਝੀਲ ਨਾਲ ਸੰਬੰਧਤ ਕਹਾਣੀ ਹੈ ਜਿਸ ਦਾ ਜ਼ਿਕਰ ਮੂਲਨਿਵਾਸੀ ਔਰਤਾਂ ਬੜੇ ਫ਼ਖ਼ਰ ਨਾਲ ਕਰਦੀਆਂ ਹਨ। ਉਸ ਸਮੇਂ ਕਰੀਅ ਕਬੀਲੇ ਦਾ ਇੱਕ ਨੌਜਵਾਨ ਜੋੜਾ (ਪਤੀ-ਪਤਨੀ) ਇਸ ਝੀਲ ਤੇ ਵਿਚਰ ਰਹੇ ਸਨ। ਉਹ ਇਸ ਝੀਲ ਬਾਰੇ ਕਈ ਤਰ੍ਹਾਂ ਦੀ ਜਾਣਕਾਰੀ ਹਾਸਲ ਕਰਨ ਵਿਚ ਮਗਨ ਸਨ ਜਦੋਂ ਅਚਾਨਕ ਉਨ੍ਹਾਂ ਨੇ ਵੇਖਿਆ ਕਿ ਪੰਜ ਘੁੜਸਵਾਰ ਹਥਿਆਰਬੰਦ ਲੜਾਕੇ ਉਨ੍ਹਾਂ ਦਾ ਪਿੱਛਾ ਕਰ ਰਹੇ ਸਨ। ਉਹ ਪੰਜੇ ਜਣੇ ਦਰਖ਼ਤਾਂ ਦੀ ਓਟ ਲੈ ਕੇ ਸਾਰੇ ਪਾਸਿਓਂ ਉਸ ਦੰਪਤੀ ਜੋੜੇ ਵੱਲ ਵਧ ਰਹੇ ਸਨ। ਉਨ੍ਹਾਂ ਨੂੰ ਵੇਖ ਕੇ ਮਰਦ ਘਬਰਾ ਗਿਆ। ਉਹ ਆਪਣੀ ਮਾੜੀ ਕਿਸਮਤ ਨੂੰ ਕੋਸਣ ਲੱਗਾ ਕਿ ਹੁਣ ਕੀ ਬਣੇਗਾ। ਉਸ ਦੀ ਹਿੰਮਤ ਜਵਾਬ ਦੇ ਗਈ। ਉਸ ਨੇ ਆਪਣੀ ਪਤਨੀ ਨੂੰ ਕਿਹਾ ਕਿ ਉਨ੍ਹਾਂ ਨੇ ਹੁਣ ਮਰ ਤਾਂ ਜਾਣਾ ਹੀ ਹੈ, ਕਿਉਂ ਨਾ ਬਿਨਾ ਮੁਕਾਬਲਾ ਕੀਤੇ ਸਭ ਕੁਛ ਕਿਸਮਤ ਤੇ ਛੱਡ ਦੇਈਏ, ਜੋ ਹੋਣਾ ਹੈ ਸੋ ਹੋਣ ਦੇਈਏ। ਉਸ ਗ਼ੈਰਤਮੰਦ ਔਰਤ ਨੇ ਬੜੀ ਹੈਰਾਨੀ ਨਾਲ ਵੇਖਿਆ ਤੇ ਕਿਹਾ ਕਿ ਕਿਉਂਕਿ ਉਨ੍ਹਾਂ ਕੋਲ ਇਹੋ ਇੱਕੋ ਜੀਵਨ ਹੈ, ਇਸ ਦੀ ਰੱਖਿਆ ਕਰਨ ਖ਼ਾਤਰ ਉਹ ਆਖਰੀ ਸਾਹਾਂ ਤੀਕ ਲੜਨਗੇ, ਭਾਵੇਂ ਹਾਲਾਤ ਕਿੰਨੇ ਵੀ ਦੁਸ਼ਵਾਰ ਹੋਣ। ਆਪਾਂ ਨੌਜਵਾਨ ਹਾਂ, ਕਿਸੇ ਤਰਸ ਦੇ ਪਾਤਰ ਨਹੀਂ ਹਾਂ, ਆਪਣੇ ਦਿਲ ਏਨੇ ਛੋਟੇ ਤੇ ਕਮਜ਼ੋਰ ਨਹੀਂ ਕਿ ਡਰ ਜਾਈਏ ਜਾਂ ਘਬਰਾ ਜਾਈਏ, ਸਗੋਂ ਅਜਿਹੇ ਮੌਕੇ ਦਲੇਰੀ ਤੋਂ ਕੰਮ ਲੈਣਾ ਸਾਡਾ ਫ਼ਰਜ਼ ਹੈ। ਇਹ ਕਹਿ ਕੇ ਉਸ ਔਰਤ ਨੇ ਮੌਕਾ ਸੰਭਾਲਿਆ। ਉਸ ਨੇ ਬੰਦੂਕ ਉਠਾਈ, ਨਿਸ਼ਾਨਾ ਬੰਨ੍ਹਿਆਂ ਤੇ ਘੋੜਾ ਨੱਪ ਦਿੱਤਾ। ਨਿਸ਼ਾਨਾ ਸਹੀ ਥਾਂ ਤੇ ਲੱਗਿਆ ਤੇ ਮੂਹਰਲਾ ਧਾੜਵੀ ਸਵਾਰ ਘੋੜੇ ਤੋਂ ਜ਼ਮੀਨ ਤੇ ਮੂਧੇ ਮੂੰਹ ਆ ਡਿੱਗਿਆ। ਹੁਣ ਮਰਦ ਨੂੰ ਵੀ ਹੌਸਲਾ ਪੈ ਗਿਆ, ਉਸ ਨੇ ਹਿੰਮਤ ਕਰ ਕੇ ਆਪਣੀ ਕਮਾਣ ਸੰਭਾਲੀ ਤੇ ਤੜਾਕ- ਤੜਾਕ ਤੀਰ ਛੱਡਣੇ ਸ਼ੁਰੂ ਕਰ ਦਿੱਤੇ। ਤੀਰਾਂ ਦੀ ਮਾਰ ਨੇ ਦੋ ਹੋਰ ਘੁੜਸਵਾਰਾਂ ਨੂੰ ਲੋਟਣੀਆਂ ਖਵਾ ਦਿੱਤੀਆਂ, ਉਹ ਧੜੱਮ ਕਰ ਕੇ ਜ਼ਮੀਨ ਤੇ ਆ ਡਿੱਗੇ। ਹੁਣ ਦੋ ਘੁੜਸਵਾਰ ਰਹਿ ਗਏ ਸਨ ਜੋ ਉਨ੍ਹਾਂ ਵੱਲ ਮੌਤ ਦਾ ਰੂਪ ਧਾਰ ਕੇ ਪੂਰੇ ਰੋਹ ਵਿਚ ਆ ਰਹੇ ਸਨ। ਇਨ੍ਹਾਂ ਵਿੱਚੋਂ ਇੱਕ ਲੜਾਕਾ ਘੋੜੇ ਤੋਂ ਥਪਾਕੀ ਮਾਰ ਕੇ ਫੁਰਤੀ ਨਾਲ ਉਤਰਿਆ। ਉਸ ਨੇ ਔਰਤ ਤੋਂ ਬਦਲਾ ਲੈਣ ਲਈ ਉਸ ਉੱਤੇ ਚਾਕੂ ਨਾਲ ਵਾਰ ਉੱਘਰਿਆ ਹੀ ਸੀ ਕਿ ਅੜ੍ਹਕ ਗਿਆ। ਔਰਤ ਅੱਖ ਝਪਕਦੇ ਸਾਰ ਬਿਜਲੀ ਦੀ ਤੇਜ਼ੀ ਨਾਲ ਉਸ ਲੜ੍ਹਕਦੇ ਦੁਸ਼ਮਣ ਤੇ ਸ਼ੇਰਨੀ ਵਾਂਗ ਝਪਕੀ ਅਤੇ ਆਪਣਾ ਚਾਕੂ ਉਸ ਦੀ ਛਾਤੀ ਵਿਚ ਖੋਭ ਦਿੱਤਾ। ਏਨੇ ਨੂੰ ਪੰਜਵੇਂ ਦੁਸ਼ਮਣ ਨੇ ਆਪਣੀ ਬੰਦੂਕ ਦਾ ਨਿਸ਼ਾਨਾ ਸੇਧ ਕੇ ਮਰਦ ਵੱਲ ਗੋਲੀ ਦਾਗ ਦਿੱਤੀ ਜਿਹੜੀ ਉਸਦੀ ਬਾਂਹ ਵਿਚ ਲੱਗੀ। ਜਦੋਂ ਉਸ ਘੁੜਸਵਾਰ ਨੇ ਵੇਖਿਆ ਕਿ ਜਾਨ ਖ਼ਤਰੇ ਵਿਚ ਹੈ ਅਤੇ ਉਹ ਇਕੱਲਾ ਰਹਿ ਗਿਆ ਹੈ ਤਾਂ ਮੌਤ ਨੂੰ ਸਿਰ ਤੇ ਆਈ ਵੇਖ ਆਪਣੇ ਚਾਰੇ ਸਾਥੀਆਂ ਨੂੰ ਛੱਡ ਕੇ ਘੋੜਾ ਭਜਾ ਕੇ ਨੌ ਦੋ ਗਿਆਰਾਂ ਹੋ ਗਿਆ। ਜਿਸ ਦੰਪਤੀ ਜੋੜੇ ਨੂੰ ਕੁੱਝ ਹੀ ਪਲ ਪਹਿਲਾਂ ਆਪਣੀ ਮੌਤ ਨਿਸ਼ਚਿਤ ਦਿਸ ਰਹੀ ਸੀ, ਉਨ੍ਹਾਂ ਦੇ ਸਾਹ ਵਿਚ ਸਾਹ ਆਇਆ। ਦੋਵਾਂ ਨੇ ਚਾਰੇ ਦੁਸ਼ਮਣਾ ਦੇ ਕੀਮਤੀ ਹਥਿਆਰ ਅਤੇ ਘੋੜੇ ਕਬਜ਼ੇ ਵਿਚ ਕਰ ਲਏ।

ਇਹ ਤਾਂ ਆਪਣੀ ਕਿਸਮ ਦੀ ਇੱਕ ਵਾਰਦਾਤ ਹੈ, ਮੂਲਨਿਵਾਸੀ ਔਰਤਾਂ ਦੇ ਅੱਤ ਦੀਆਂ ਮੁਸ਼ਕਲ ਹਾਲਤਾਂ ਅੰਦਰ ਹਾਜ਼ਰ ਜਵਾਬ ਤੇ ਦਲੇਰੀ ਭਰੇ ਪ੍ਰਤੀਕਰਮ ਦੀਆਂ ਅਨੇਕਾਂ ਕਹਾਣੀਆਂ ਹਨ। ਇਸ ਬਹਾਦਰ ਨਾਰੀ ਨੇ ਲਾ-ਜਵਾਬ ਸ਼ਕਤੀ ਨਾਲ ਆਪਣੀ ਵੀ ਰੱਖਿਆ ਕੀਤੀ ਅਤੇ ਆਪਣੇ ਜੀਵਨ ਸਾਥੀ ਨੂੰ ਵੀ ਮੌਤ ਦੇ ਮੂੰਹੋਂ ਬਚਾਇਆ। ਇਨ੍ਹਾਂ ਮੂਲਨਿਵਾਸੀਆਂ ਦਾ ਇਤਿਹਾਸ ਸਤੀ ਸਵਿੱਤਰੀਆਂ ਦੀਆਂ ਕਹਾਣੀਆਂ ਨੂੰ ਸਮੋਈ ਬੈਠਾ ਹੈ।

ਇੱਕ ਹੋਰ ਮੂਲਨਿਵਾਸੀ ਔਰਤ ਨੇ ਆਪਣੇ ਗੋਰੇ ਪਤੀ ਨੂੰ ਆਪਣੇ ਮੂਲ ਦੇ ਲੋਕਾਂ ਤੋਂ ਜਿਸ ਹੁਸ਼ਿਆਰੀ ਨਾਲ ਮੌਤ ਦੇ ਮੂੰਹੋਂ ਬਚਾਇਆ, ਉਹ ਵੀ ਕਾਬਲੇ-ਜ਼ਿਕਰ ਹੈ। ਇਹ ਵੀ ਲਗਭਗ ਉਸੇ ਸਮੇਂ ਦੀ ਵਾਰਤਾ ਹੈ ਜੋ ਉਪ੍ਰੋਕਤ ਕਹਾਣੀ ਦਾ ਹੈ। ਕੰਪਨੀ ਦੇ ਮੁੱਖ ਵਪਾਰੀ (ਚੀਫ਼ ਟਰੇਡਰ) ਵਿਲੀਅਮ ਕੋਨੌਲੀ ਨੇ ਕਰੀਅ ਕਬੀਲੇ ਦੀ ਲੜਕੀ ਸੁਜ਼ਾਨ (ਕਰੀਅ ਜ਼ਬਾਨ ਵਿਚ ਨਾਮ ਪੀਯੋ ਨੀਪੀ) ਨਾਲ ਸ਼ਾਦੀ ਕਰਵਾਈ। ਉਨ੍ਹਾਂ ਦੀ ਧੀ ਦਾ ਨਾਂ ਸੀ ਅਮੇਲੀਆ ਕੋਨੌਲੀ। ਉਸ ਵੇਲੇ ਹਡਜ਼ਨਜ਼ ਬੇਅ ਕੰਪਨੀ ਵਿਚ ਜੇਮਜ਼ ਡਗਲਸ ਨਾਂ ਦਾ ਇੱਕ ਕਲਰਕ ਕੰਮ ਕਰਦਾ ਸੀ। ਜਿਵੇਂ ਉਦੋਂ ਆਮ ਰਿਵਾਜ ਸੀ, ਗੋਰੇ ਲੋਕ ਮੂਲਨਿਵਾਸੀ ਜਾਂ ਬੇਰੜੀ ਨਸਲ ਦੀਆਂ ਕੁੜੀਆਂ ਨਾਲ ਸ਼ਾਦੀ ਕਰਵਾ ਲੈਂਦੇ ਸਨ। ਜੇਮਜ਼ ਡਗਲਸ ਨੇ 1828 ਵਿਚ ਅਮੇਲੀਆ ਨਾਲ ਇੱਥੋਂ ਦੇ ਰਸਮ-ਰਿਵਾਜ ਮੁਤਾਬਕ ਸ਼ਾਦੀ ਕਰਵਾ ਲਈ। ਅਮੇਲੀਆ ਉਦੋਂ 16 ਸਾਲ ਦੀ ਸੀ। ਮਗਰੋਂ 1837 ਵਿਚ ਉਨ੍ਹਾਂ ਨੇ ਫੋਰਟ ਵੈਨਕੂਵਰ ਵਿਖੇ ਈਸਾਈ ਧਰਮ ਦੀਆਂ ਰਹੁ-ਰੀਤਾਂ ਮੁਤਾਬਕ ਵੀ ਸ਼ਾਦੀ ਕਰਵਾਈ ਕਿਉਂਕਿ ਇੱਥੋਂ ਦੇ ਰਿਵਾਜ ਮੁਤਾਬਕ ਹੋਈ ਸ਼ਾਦੀ ਨੂੰ ਈਸਾਈ ਪਾਦਰੀ ਮਾਨਤਾ ਨਹੀਂ ਦਿੰਦੇ ਸਨ। ਇਹ ਕੱਟੜਤਾ ਇਨ੍ਹਾਂ ਲੋਕਾਂ ਤੇ ਜਬਰੀ ਧਰਮ ਠੋਸਣ ਦਾ ਕਰੂਰ ਵਰਤਾਰਾ ਸੀ। ਇਸ ਸ਼ਾਦੀ ਦੇ ਵਿਰੋਧ ਵਿਚ ਅਮੇਲੀਆ ਦੇ ਪਿਤਾ ਵਿਲੀਅਮ ਨੇ ਅਮੇਲੀਆ ਦੀ ਮਾਂ ਸੁਜ਼ਾਨ ਨੂੰ ਤਿਆਗ ਦਿੱਤਾ। ਜਿਸ ਤਰ੍ਹਾਂ ਦੀ ਸ਼ਾਦੀ ਵਿਲੀਅਮ ਨੇ ਆਪ ਕਰਵਾਈ ਸੀ ਉਸੇ ਤਰ੍ਹਾਂ ਦੀ ਸ਼ਾਦੀ ਧੀ ਅਮੇਲੀਆ ਨੇ ਕਰਵਾਈ ਤਾਂ ਸੁਜ਼ਾਨ ਨੂੰ ਪਾਸੇ ਕਰ ਦਿੱਤਾ। ਇਸ ਤੋਂ ਪਤਾ ਲਗਦਾ ਹੈ ਕਿ ਮੂਲਨਿਵਾਸੀ ਔਰਤਾਂ ਨੂੰ ਆਪਣੀ ਮਰਜ਼ੀ ਨਾਲ ਅਪਣਾ ਕੇ ਜਾਂ ਰਖੇਲਾਂ ਬਣਾ ਕੇ ਜਦੋਂ ਜੀਅ ਚਾਹੇ ਛੱਡ ਦਿੱਤਾ ਜਾਂਦਾ ਸੀ। ਗੋਰੇ ਲੋਕਾਂ ਦੁਆਰਾ ਇੱਥੋਂ ਦੀਆਂ ਧੀਆਂ ਨਾਲ ਸਬੰਧ ਬਨਾਉਣਾ ਜਾਂ ਉਨ੍ਹਾਂ ਨਾਲ ਸ਼ਾਦੀ ਕਰਵਾਉਣਾ ਤੇ ਬੱਚੇ ਪੈਦਾ ਕਰ ਕੇ ਜਦੋਂ ਜੀਅ ਚਾਹੇ ਛੱਡ ਕੇ ਪਾਸੇ ਹੋ ਜਾਣਾ ਜਿਵੇਂ ਬੱਚਿਆਂ ਦੀ ਖੇਡ ਬਣਾ ਰੱਖਿਆ ਸੀ। ਇਹ ਅਨੈਤਿਕ ਵਰਤਾਰਾ ਇੱਕ ਵੱਖਰੇ ਬਿਰਤਾਂਤ ਦੀ ਮੰਗ ਕਰਦਾ ਹੈ।

ਜੇਮਜ਼ ਡਗਲਸ ਤਰੱਕੀ ਕਰ ਕੇ ਕੰਪਨੀ ਦਾ ਮੁੱਖ ਵਪਾਰੀ (ਚੀਫ਼ ਟਰੇਡਰ) ਬਣ ਗਿਆ ਅਤੇ ਫੇਰ ਫੋਰਟ ਵੈਨਕੂਵਰ ਦਾ ਚੀਫ਼ ਫੈਕਟਰ ਬਣਿਆ। ਉਸ ਨੇ 40 ਸਾਲ ਦੀ ਉਮਰ ਵਿਚ 1843 ਵਿਚ ਫੋਰਟ ਕੈਮੋਸਨ ਬਣਵਾਇਆ ਜੋ ਮਗਰੋਂ ਫੋਰਟ ਵਿਕਟੋਰੀਆ ਦੇ ਨਾਂ ਨਾਲ ਜਾਣਿਆ ਗਿਆ। ਉਹ 1849 ਵਿਚ ਇਸੇ ਫੋਰਟ ਵਿਕਟੋਰੀਆ ਵਿਖੇ ਚਲਾ ਗਿਆ। ਉਨ੍ਹਾਂ ਦੀ ਸ਼ਾਦੀ ਉਮਰ ਭਰ ਨਿਭੀ ਜਿਸ ਦੌਰਾਨ ਉਨ੍ਹਾਂ ਦੇ ਦਸ ਬੱਚੇ ਪੈਦਾ ਹੋਏ ਜਿਨ੍ਹਾਂ ਵਿੱਚੋਂ ਛੇ ਬੱਚੇ ਹੀ ਬਾਲਗ ਹੋਣ ਦੀ ਉਮਰ ਟੱਪੇ। 1828 ਵਿਚ ਜ਼ੁਲਥ ਕੌਨੋਲੀ ਨਾਂ ਦੇ ਵਿਅੱਕਤੀ ਦੀ ਭਾਲ ਕੀਤੀ ਜਾ ਰਹੀ ਸੀ। ਸ਼ੱਕ ਸੀ ਕਿ ਉਸ ਨੇ ਪੰਜ ਸਾਲ ਪਹਿਲਾਂ ਇੱਕ ਔਰਤ ਦੇ ਝਗੜੇ ਵਿਚ ਕੰਪਨੀ ਦੇ ਦੋ ਵਪਾਰੀਆਂ ਦਾ ਕਤਲ ਕੀਤਾ ਸੀ। ਪਤਾ ਲੱਗਿਆ ਕਿ ਉਹ ਭਗੌੜਾ ਆਦਮੀ ਅਪਰ ਫ਼ਰੇਜ਼ਰ ਰਿਵਰ ਦੇ ਸਥਾਨ ਵਿਖੇ ਕਿਸੇ ਟਿਕਾਣੇ ਤੇ ਲੁਕਿਆ ਹੋਇਆ ਸੀ। ਉਸ ਦੀ ਟੋਹ ਲਾਉਣ ਲਈ ਡਗਲਸ ਕੁਛ ਆਦਮੀਆਂ ਨੂੰ ਨਾਲ ਲੈ ਕੇ ਫੋਰਟ ਜੇਮਜ਼ ਤੋਂ ਚਲ ਪਿਆ। ਉਨ੍ਹਾਂ ਨੇ ਇਹ ਬੇਵਕੂਫ਼ੀ ਕੀਤੀ ਕਿ ਕਬੀਲੇ ਦੇ ਨਿਯਮਾਂ ਤੋਂ ਅਨਜਾਣ ਹੁੰਦੇ ਹੋਏ ਕਬੀਲੇ ਦੇ ਮੁਖੀਆ ਕਵਾਹ ਦੇ ਘਰ ਅੰਦਰ ਜਾ ਦਾਖਲ ਹੋਏ। ਮੁਖੀਏ ਦਾ ਏਨਾ ਸਤਿਕਾਰ ਕੀਤਾ ਜਾਂਦਾ ਸੀ ਕਿ ਉਸ ਦੀ ਆਗਿਆ ਤੋਂ ਬਿਨਾ ਕੋਈ ਉਸ ਦੇ ਘਰ ਅੰਦਰ ਵੜਨ ਦੀ ਹਿੰਮਤ ਨਹੀਂ ਸੀ ਕਰਦਾ। ਮੁਖੀਏ ਦਾ ਘਰ ਸ਼ਰਧਾ ਵਜੋਂ ਪਵਿੱਤਰ ਸਮਝਿਆ ਜਾਂਦਾ ਸੀ। ਕਵਾਹ ਉਸ ਵੇਲੇ ਬਹੁਤ ਸਤਿਕਾਰਤ ਤੇ ਕਹਿੰਦਾ-ਕਹਾਉਂਦਾ ਮੁਖੀਆ ਸੀ। ਜਿਸ ਵੇਲੇ ਇਹ ਵਾਕਿਆ ਹੋਇਆ ਉਹ ਕਿਤੇ ਹੋਰ ਗਿਆ ਹੋਇਆ ਸੀ। ਉਸ ਦੇ ਘਰ ਵਿਚ ਲੁਕੇ ਹੋਏ ਜ਼ੁਲਥ ਨੇ ਆਪਣੇ ਬਚਾਅ ਖ਼ਾਤਰ ਗੁੱਥਮ-ਗੁੱਥਾ ਹੁੰਦਿਆਂ ਡਗਲਸ ਦੇ ਤੀਰ ਕੱਢ ਮਾਰਿਆ ਪਰ ਖੁੰਝ ਗਿਆ। ਗੁੱਸੇ ਵਿਚ ਆ ਕੇ ਡਗਲਸ ਨੇ ਉਸ ਨੂੰ ਫੜ ਲਿਆ ਅਤੇ ਹੁਕਮ ਕੀਤਾ ਕਿ ਉਸ ਨੂੰ ਲਾਗੇ ਹੀ ਦਰਖਤ ਤੇ ਲਟਕਾ ਕੇ ਫਾਹੇ ਲਾ ਦਿੱਤਾ ਜਾਵੇ। ਅਜਿਹਾ ਹੀ ਕੀਤਾ ਗਿਆ। ਜ਼ੁਲਥ ਦੀ ਮ੍ਰਿਤਕ ਦੇਹ ਨੂੰ ਬਘਿਆੜਾਂ ਦੇ ਖਾਣ ਲਈ ਛੱਡ ਦਿੱਤਾ। ਇਸ ਮਗਰੋਂ ਉਹ ਨਿਸ਼ਚਿੰਤ ਹੋ ਕੇ ਫੋਰਟ ਜੇਮਜ਼ ਪਰਤ ਗਏ।

ਜਦੋਂ ਕੁਛ ਦਿਨਾਂ ਬਾਦ ਕਵਾਹ ਨੂੰ ਇਸ ਸਾਰੀ ਘਟਨਾ ਦਾ ਪਤਾ ਲੱਗਿਆ ਤਾਂ ਉਸ ਦਾ ਖ਼ੂਨ ਖੌਲ ਉੱਠਿਆ। ਉਸ ਦੇ ਨਿਯਮਾਂ ਅਤੇ ਕਬੀਲੇ ਦੇ ਰਹੁ-ਰੀਤਾਂ ਮੁਤਾਬਕ ਇਹ ਸਰਾਸਰ ਬੇਇਨਸਾਫ਼ੀ ਅਤੇ ਧੱਕੇਸ਼ਾਹੀ ਦਾ ਮਾਮਲਾ ਸੀ। ਉਹ ਆਪਣੇ ਵਫ਼ਾਦਾਰ ਲੜਾਕੂਆਂ ਨੂੰ ਨਾਲ ਲੈ ਕੇ ਫੋਰਟ ਆ ਧਮਕਿਆ। ਉਹ ਸਾਰੇ ਜਣੇ ਗੇਟ ਦੇ ਅੰਦਰ ਧੁਸ ਗਏ ਅਤੇ ਉੱਥੇ ਜਿਹੜੇ ਹਾਜ਼ਰ ਵਪਾਰੀਆਂ ਨੇ ਰੋਕਣ ਦੀ ਕੋਸ਼ਿਸ਼ ਕੀਤੀ, ਉਨ੍ਹਾਂ ਤੇ ਕਾਬੂ ਪਾ ਲਿਆ। ਕਵਾਹ ਦੇ ਭਤੀਜੇ ਨੇ ਡਗਲਸ ਨੂੰ ਧੌਣ ਤੋਂ ਜਾ ਫੜਿਆ ਅਤੇ ਮਾਰਨ ਲਈ ਚਾਕੂ ਤਾਣ ਲਿਆ। ਘਾਤਕ ਵਾਰ ਕਰਨ ਤੋਂ ਪਹਿਲਾਂ ਕਵਾਹ ਦੇ ਹੁਕਮ ਦੀ ਉਡੀਕ ਕਰਨ ਲੱਗਿਆ। ਡਗਲਸ ਦੀ ਖ਼ੁਸ਼ਕਿਸਮਤੀ ਨੂੰ ਅਮੇਲੀਆ ਉਸ ਕਬੀਲੇ ਦੇ ਵਤੀਰੇ ਅਤੇ ਪ੍ਰੰਪਰਾ ਤੋਂ ਭਲੀ ਭਾਂਤ ਜਾਣੂ ਸੀ। ਉਹ ਮੌਕੇ ਤੇ ਹਾਜ਼ਰ ਸੀ। ਉਹ ਬੜੀ ਫੁਰਤੀ ਨਾਲ ਸਟੋਰ ਵਿਚ ਗਈ ਅਤੇ ਕੁਛ ਵਸਤੂਆਂ ਲੈਕੇ ਵਾਪਸ ਆਈ। ਆਉਣ ਸਾਰ ਉਸ ਨੇ ਤੰਬਾਕੂ, ਕੱਪੜੇ ਤੇ ਹੋਰ ਚੀਜ਼ਾਂ ਕਵਾਹ ਦੇ ਪੈਰਾਂ ਵਿਚ ਵਗਾਹ ਕੇ ਮਾਰਨੀਆਂ ਸ਼ੁਰੂ ਕਰ ਦਿੱਤੀਆ। ਮੂਲਨਵਾਸੀ ਕਬੀਲਿਆਂ ਦਾ ਰਿਵਾਜ ਇਹ ਹੁੰਦਾ ਸੀ ਕਿ ਖ਼ੂਨ ਦੀ ਕੀਮਤ ਜਾਂ ਕਰਜ਼ਾ ਇਨ੍ਹਾਂ ਵਸਤਾਂ ਦੀ ਸ਼ਕਲ ਵਿਚ ਚੁਕਾਇਆ ਜਾਣਾ ਹੁੰਦਾ ਸੀ, ਜੋ ਮਾਰੇ ਗਏ ਆਦਮੀ ਦੇ ਪਰਿਵਾਰ ਨੂੰ ਦੇਣੀਆਂ ਹੁੰਦੀਆਂ ਸਨ। ਜਦੋਂ ਇਨ੍ਹਾਂ ਵਸਤਾਂ ਦਾ ਤਕੜਾ ਢੇਰ ਲੱਗ ਗਿਆ ਤਾਂ ਕਵਾਹ ਨੇ ਆਪਣੇ ਲੜਾਕੂਆਂ ਨੂੰ ਹੁਕਮ ਦਿੱਤਾ ਕਿ ਉਹ ਉਸ ਔਰਤ ਦੇ ਦੁਸ਼ਟ ਪਤੀ ਨੂੰ ਛੱਡ ਦੇਣ। ਇਸ ਤਰ੍ਹਾਂ ਅਮੇਲੀਆ ਨੇ ਹਾਜ਼ਰ-ਜਵਾਬੀ, ਸਿਆਣਪ ਅਤੇ ਦਲੇਰੀ ਦਾ ਸਬੂਤ ਦੇ ਕੇ ਆਪਣੇ ਪਤੀ ਨੂੰ ਜੀਵਨ ਦਾਨ ਦਿੱਤਾ।

ਉਸ ਸਥਾਨ ਉੱਤੇ, ਜਿੱਥੇ ਕਵਾਹ ਨੂੰ ਮਰਨ ਮਗਰੋਂ ਦਫ਼ਨਾਇਆ ਗਿਆ, ਇਹ ਸ਼ਿਲਾਲੇਖ ਅਜੇ ਵੀ ਮੌਜੂਦ ਹੈ, ਜਿਹੜਾ ਇਸ ਘਟਨਾ ਦੀ ਗਵਾਹੀ ਭਰ ਰਿਹਾ ਹੈ। ਇਸ ਉੱਤੇ ਉਕਰਿਆ ਹੋਇਆ ਹੈ ਇੱਥੇ ਮਹਾਨ ਚੀਫ਼ ਕਵਾਹ ਦੀ ਦੇਹੀ ਪਈ ਹੈ, ਜਿਹੜਾ 1755 ਦੇ ਲਾਗੇ ਜੰਮਿਆਂ ਅਤੇ 1840 ਦੀ ਬਹਾਰ ਰੁੱਤੇ ਮਰਿਆ। ਇੱਕ ਸਮੇਂ ਉਸ ਦੇ ਹੱਥਾਂ ਵਿਚ (ਭਵਿੱਖ ਦੇ ਸਰ) ਜੇਮਜ਼ ਡਗਲਸ ਦੀ ਜਾਨ ਸੀ ਪਰ ਉਹ ਏਨਾ ਮਹਾਨ ਸੀ ਕਿ ਉਸ ਨੂੰ ਮਾਰਨ ਤੋਂ ਗੁਰੇਜ਼ ਕਰ ਗਿਆ।


ਜਦੋਂ ਬਰਤਾਨੀਆਂ ਨੇ 1849 ਵਿਚ ਵੈਨਕੂਵਰ ਟਾਪੂ ਨਾਂ ਦੀ ਸ਼ਾਹੀ ਬਸਤੀ ਸਥਾਪਤ ਕੀਤੀ ਅਤੇ ਦਸ ਸਾਲ ਵਾਸਤੇ ਕੰਪਨੀ ਨੂੰ ਠੇਕੇ ਤੇ ਦੇ ਦਿੱਤੀ ਤਾਂ ਇਹੋ ਜੇਮਜ਼ ਡਗਲਸ ਇਸ ਦਾ ਗਵਰਨਰ ਬਣਿਆ। ਉਸ ਨੇ 1850 ਵਿਚ ਚੌਦਾਂ ਜ਼ਮੀਨੀ ਖ਼ਰੀਦੋ-ਫ਼ਰੋਖ਼ਤ ਦੇ ਬੈ-ਨਾਮਿਆਂ ਨੂੰ ਸਿਰੇ ਚੜ੍ਹਾਇਆ ਜਿਨ੍ਹਾਂ ਮੁਤਾਬਕ ਤਟੀ ਸਾਲਿਸ਼ ਕਬੀਲਿਆਂ ਦੀਆਂ ਜ਼ਮੀਨਾਂ ਤੇ ਕਾਗਜ਼ਾਂ ਵਿਚ ਮਾਲਕੀ ਅਖਤਿਆਰ ਕਰ ਲਈ। ਇਹ ਕਬੀਲੇ ਸਨ- ਸੌਗ੍ਹੀਜ਼, ਸੂਕ, ਸਾਨਿਚ, ਕਲਾਨਮ ਅਤੇ ਨਨਾਈਮੋ। ਹੁਣ ਇਨ੍ਹਾਂ ਲੋਕਾਂ ਕੋਲ ਸਿਰਫ਼ ਉਸੇ ਜ਼ਮੀਨ ਦਾ ਹੱਕ ਰਹਿ ਗਿਆ ਸੀ ਜਿਹੜੀ ਉਨ੍ਹਾਂ ਦੇ ਪਿੰਡਾਂ ਦੇ ਆਸ ਪਾਸ ਸੀ।

ਜੇਮਜ਼ ਡਗਲਸ 74 ਸਾਲ ਦੀ ਉਮਰ ਭੋਗ ਕੇ 1877 ਵਿਚ ਮਰ ਗਿਆ। ਅਮੇਲੀਆ ਦਾ 1890 ਵਿਚ ਵਿਕਟੋਰੀਆ ਵਿਖੇ ਦੇਹਾਂਤ ਹੋਇਆ। ਉਨ੍ਹਾਂ ਦੀ ਧੀ ਮਾਰਥਾ ਡਗਲਸ ਹੈਰਿਸ ਨੇ ਆਪਣੀ ਮਾਂ ਤੋਂ ਆਪਣੇ ਕਰੀ ਲੋਕਾਂ ਦੀਆਂ ਕਹਾਣੀਆਂ ਤੇ ਲੋਕ-ਕਥਾਵਾਂ ਸੁਣੀਆਂ ਸਨ। ਉਸ ਨੇ ਆਪਣੀ ਮਾਂ ਦੇ ਜੱਦੀ ਕਰੀਅ ਕਬੀਲੇ ਦੇ ਲੋਕਾਂ ਨਾਲ ਚੰਗਾ ਰਾਬਤਾ ਰੱਖਿਆ। ਮਾਰਥਾ ਬ੍ਰਿਟਿਸ਼ ਕੋਲੰਬੀਆ ਦੀ ਪਹਿਲੀ ਮਹਿਲਾ ਲੇਖਕ ਬਣੀ ਜਿਸ ਨੇ ਆਪਣੀਆਂ ਲਿਖਤਾਂ ਨੂੰ ਛਪਵਾਇਆ। ਉਸ ਦੀ ਪੁਸਤਕ ਕੋਵੀਚਨ ਇੰਡੀਅਨਜ਼ ਦਾ ਇਤਿਹਾਸ ਅਤੇ ਲੋਕਗੀਤ ( History and Folklore of the Cowichan Indians ) 1901 ਵਿਚ ਛਪੀ।

ਇੱਕ ਹੋਰ ਵਾਕਿਆ ਹੈ ਜਦੋਂ ਇੱਕ ਮੂਲਨਿਵਾਸੀ ਮੁਟਿਆਰ ਨੇ ਆਪਣੇ ਪ੍ਰੇਮੀ ਨੂੰ ਖ਼ਤਰੇ ਵਿੱਚੋਂ ਕੱਢਿਆ। ਐਡਵਰਡ ਅਮਫਰੇਵਿਲ ਨਾਂ ਦੇ ਵਪਾਰੀ ਨੇ ਇੱਕ ਕਰੀਅ ਔਰਤ ਨੂੰ ਰਖੇਲ ਵਜੋਂ ਰੱਖਿਆ ਸੀ। ਉਨ੍ਹਾਂ ਦੀ ਧੀ ਦਾ ਨਾਂ ਸੀ ਲੀਸੈਟ ਅਮਫਰੇਵਿਲ। ਲੀਸੈਟ ਦੇ ਤਿੰਨ ਬੱਚੇ ਸਨ ਪਰ ਉਸ ਦਾ ਤਲਾਕ ਹੋ ਗਿਆ ਸੀ। ਉਸ ਦੀ ਅੱਖ ਹੁਣ ਕੰਪਨੀ ਦੇ ਜੌਹਨ ਰੋਆਂਡ ਨਾਂ ਦੇ ਕਰਮਚਾਰੀ ਉੱਤੇ ਸੀ। ਉਹ ਉਸ ਨੂੰ ਦਿਲੋਂ ਪਿਆਰ ਕਰਦੀ ਸੀ। ਇੱਕ ਦਿਨ ਜੌਹਨ ਕਿਤੇ ਕਸੂਤਾ ਫਸ ਗਿਆ। ਉਸ ਸ਼ਾਮ ਉਸ ਦਾ ਘੋੜਾ ਬਿਨਸਵਾਰ ਵਾਪਸ ਫੋਰਟ ਵਿਖੇ ਆ ਗਿਆ, ਬਿਕੁਲ ਉਵੇਂ ਜਿਵੇਂ ਮਿਰਜ਼ੇ ਦੀ ਬੱਕੀ ਖਾਲੀ ਦਾਨਾਬਾਦ ਪਹੁੰਚੀ ਸੀ ਤੇ ਵੇਖ ਕੇ ਮਿਰਜ਼ੇ ਦੀ ਭੈਣ ਨੇ ਚੀਕਾਂ ਮਾਰੀਆਂ ਸਨ-

ਖਾਲੀ ਘੋੜੀ ਹਿਣਕਦੀ, ਉੱਤੇ ਨੀ ਦੀਂਹਦਾ ਵੀਰ। ਲੀਸੈਟ ਦਾ ਮੱਥਾ ਠਣਕਿਆ। ਉਹ ਆਪਣੇ ਘੋੜੇ ਤੇ ਸਵਾਰ ਹੋ ਕੇ ਜੰਗਲਾਂ ਨੂੰ ਚਲ ਪਈ। ਇੱਕ ਸੁੰਨੀ ਥਾਂ ਤੇ ਜੌਹਨ ਮਿਲ ਗਿਆ ਜੋ ਉਸ ਵੇਲੇ ਲੱਤ ਟੁੱਟਣ ਕਰ ਕੇ ਪੀੜ ਨਾਲ ਕਰਾਹ ਰਿਹਾ ਸੀ। ਜੇ ਲੀਸੈਟ ਮੌਕੇ ਤੇ ਨਾ ਪਹੁੰਚਦੀ ਤਾਂ ਬਿਨਾ ਸਹਾਰੇ ਤੋਂ ਜੌਹਨ ਦੀ ਜਾਨ ਨੂੰ ਜੰਗਲੀ ਜਾਨਵਰਾਂ ਤੋਂ ਖ਼ਤਰਾ ਸੀ। ਲੀਸੈਟ ਨੇ ਉਸ ਨੂੰ ਸੰਭਾਲਿਆ, ਵਾਪਸ ਲਿਆਂਦਾ, ਤੀਮਾਰਦਾਰੀ ਕੀਤੀ ਤੇ ਤੰਦਰੁਸਤ ਕਰ ਲਿਆ। ਉਹ ਦੋਵੇਂ ਪਿਆਰ ਦੇ ਬੰਧਨ ਵਿਚ ਪਰੋਏ ਗਏ ਤੇ ਸ਼ਾਦੀ ਕਰਵਾ ਲਈ। ਰੋਆਂਡ ਨੇ ਲੀਸੈਟ ਦੇ ਤਿੰਨੇ ਬੱਚਿਆਂ ਨੂੰ ਵੀ ਅਪਣਾ ਲਿਆ। ਉਸ ਨੂੰ ਕਬੀਲੇ ਦੇ ਰਿਵਾਜ ਅਨੁਸਾਰ ਕਈ ਘੋੜੇ ਦਾਜ ਵਜੋਂ ਮਿਲੇ। ਉਨ੍ਹਾਂ ਦੇ ਚਾਰ ਬੱਚੇ ਹੋਏ। ਰੋਆਂਡ ਫੋਰਟ ਐਡਮੰਟਨ ਦਾ ਚੀਫ਼ ਫੈਕਟਰ ਬਣਿਆ। ਉਹ ਲੀਸੈਟ ਨੂੰ ਆਪਣੀ ਪੁਰਾਣੀ ਪ੍ਰੇਮਿਕਾ ਕਹਿੰਦਾ ਸੀ ਅਤੇ ਆਪਣੇ ਸੱਤ ਬੱਚਿਆਂ ਦੀ ਮਾਂ ਕਹਿ ਕੇ ਬੁਲਾਉਂਦਾ ਸੀ। ਉਹ ਅਗਲੇ 39 ਸਾਲ ਇਕੱਠੇ ਰਹੇ। 1849 ਵਿਚ ਬੁੱਢ-ਸੁਹਾਗਣ ਲੀਸੈਟ ਦੀ ਮੌਤ ਹੋ ਗਈ।

# ਪੰਜਾਬ ਯੂਨੀਵਰਸਿਟੀ ਵੱਲੋਂ 'ਸਿਮਰ ਚਕਰ' ਨੂੰ ਦੋ ਲੱਖ ਦਾ ਇਨਾਮ



ਪ੍ਰਿੰ. ਸਰਵਣ ਸਿੰਘ



ਅਰਜਨਾ ਅਵਾਰਡੀ ਮੁੱਕੇਬਾਜ਼ ਸਿਮਰਨਜੀਤ ਕੌਰ ਬਾਠ ਨੂੰ ਪੰਜਾਬ ਯੂਨੀਵਰਸਿਟੀ ਨੇ ਦੋ ਲੱਖ ਰੁਪਏ ਦੇ ਇਨਾਮ ਨਾਲ ਸਨਮਾਨਿਆ ਹੈ। ਉਹ ਪਿੰਡ ਚਕਰ ਦੀ ਧੀ ਹੈ ਜਿਸ ਦਾ ਨਿੱਕ ਨੇਮ 'ਸਿਮਰ ਚਕਰ' ਹੈ। ਸਿਮਰ ਮੇਰੇ ਜਮਾਤੀ ਮਹਿੰਦਰ ਸਿੰਘ ਸੈਕਟਰੀ ਦੀ ਪੋਤਰੀ ਹੈ। ਮਹਿੰਦਰ ਮਾਰਕਸੀ ਲੇਖਕ ਸੀ ਤੇ ਪਿੰਡ ਦੀ ਸਹਿਕਾਰੀ ਸਭਾ ਦਾ ਸੈਕਟਰੀ। ਉਸ ਦਾ ਪਹਿਲਾ ਨਾਵਲ 'ਕੱਲਰ ਦੇ ਕੰਵਲ' ਸੀ ਤੇ ਦੂਜਾ 'ਸੂਰਾ ਸੋ ਪਹਿਚਾਨੀਏ'। ਉਸ ਦੀ ਪੋਤਰੀ ਸੱਚਮੁੱਚ ਕੱਲਰ ਦਾ ਕੰਵਲ ਸਾਬਤ ਹੋ ਰਹੀ ਹੈ। ਮਹਿੰਦਰ ਸਿੰਘ ਨੂੰ ਦਹਿਸ਼ਤੀ ਦੌਰ ਵਿਚ ਦਹਿਸ਼ਤਗਰਦਾਂ ਨੇ ਏਕੇ 47 ਦਾ ਬ੍ਰੱਸਟ ਮਾਰ ਕੇ ਮਾਰ ਕਰ ਦਿੱਤਾ ਸੀ। ਉਸ ਦਿਨ ਮੈਂ ਉਹਦੇ ਨਾਲ ਨਹੀਂ ਸਾਂ। ਨਾਲ ਹੁੰਦਾ ਤਾਂ ਸੰਭਵ ਸੀ ਉਹ ਬਚ ਜਾਂਦਾ ਜਾਂ ਮੈਂ ਵੀ ਉਹਦੇ ਨਾਲ ਹੀ ਤੁਰ ਜਾਂਦਾ। ਵੇਰਵਾ ਮੇਰੀ ਸਵੈਜੀਵਨੀ 'ਹਸੰਦਿਆਂ ਖੇਲੰਦਿਆਂ' ਵਿਚ ਦਰਜ ਹੈ। ਅੱਜ ਮੈਂ ਸੋਚਦਾਂ, ਮਹਿੰਦਰ ਜਿਊਂਦਾ ਹੁੰਦਾ ਤਾਂ ਉਹ ਆਪਣੇ ਸੁਪਨਿਆਂ ਨੂੰ ਸਾਕਾਰ ਹੁੰਦੇ ਵੇਖਦਾ। ਹੁਣ ਤਾਂ ਸਿਮਰਨਜੀਤ ਦਾ ਪਿਤਾ ਕਮਲਜੀਤ ਵੀ ਜੱਗ 'ਤੇ ਨਹੀਂ ਰਿਹਾ। ਸਿਮਰਨ ਨੇ ਇੰਡੋਨੇਸ਼ੀਆ ਵਿਚ ਹੋਏ 23ਵੇਂ ਪ੍ਰੈਜ਼ੀਡੈਂਟ ਕੱਪ ਇੰਟਰਨੈਸ਼ਨਲ ਬੌਕਸਿੰਗ ਟੂਰਨਾਮੈਂਟ ਵਿਚੋਂ ਗੋਲਡ ਮੈਡਲ ਜਿੱਤਿਆ ਸੀ। ਕੋਵਿਡ-19 ਦੀ ਮਾਰ ਕਾਰਨ ਉਹ ਟੋਕੀਓ ਓਲੰਪਿਕ-2021 ਵਿਚੋਂ ਮੈਡਲ ਨਹੀਂ ਸੀ ਜਿੱਤ ਸਕੀ।

ਹੁਣ ਉਹਦਾ ਨਿਸ਼ਾਨਾ ਪੈਰਿਸ ਉਲੰਪਿਕ ਖੇਡਾਂ-2024 ਦਾ ਗੋਲਡ ਮੈਡਲ ਜਿੱਤਣਾ ਹੈ। ਪੰਜਾਬ ਦੀ ਮੈਰੀਕਾਮ ਕਹੀ ਜਾਂਦੀ ਸਿਮਰ ਚਕਰ ਨੇ 2018 ਵਿਚ ਵਿਸ਼ਵ ਬੌਕਸਿੰਗ ਚੈਂਪੀਅਨਸ਼ਿਪ 'ਚੋਂ ਕਾਸੀ ਦਾ ਮੈਡਲ ਜਿੱਤ ਕੇ ਜਲਵਾ ਵਿਖਾਇਆ ਸੀ। 2019 ਵਿਚ ਏਸ਼ੀਆ ਬੌਕਸਿੰਗ ਚੈਂਪੀਅਨਸ਼ਿਪ ਵਿਚੋਂ ਚਾਂਦੀ ਦਾ ਤਗ਼ਮਾ ਜਿੱਤਿਆ। ਇਸ ਤੋਂ ਪਹਿਲਾਂ ਮਨਦੀਪ ਕੌਰ ਸੰਧੂ ਨੇ ਤੈਪਈ ਵਿਚ ਜੂਨੀਅਰ ਵਰਲਡ ਚੈਂਪੀਅਨ ਬਣ ਕੇ ਪਿੰਡ ਚਕਰ ਚਰਚਾ ਵਿਚ ਲਿਆਂਦਾ ਸੀ। ਦੋਹੇਂ ਲੜਕੀਆਂ ਸਪੋਰਟਸ ਅਕੈਡਮੀ ਚਕਰ ਦੀ ਦੇਣ ਹਨ। ਇਹ ਪਹਿਲੀ ਵਾਰ ਹੋਇਆ ਕਿ ਪੰਜਾਬ ਦੀ ਕੋਈ ਲੜਕੀ ਵਿਸ਼ਵ ਵੋਮਿਨ ਬਾਕਸਿੰਗ ਚੈਂਪੀਅਨਸਿ ?ਪ ਦੇ ਜਿੱਤ ਮੰਚ 'ਤੇ ਚੜ੍ਹਨ ਵਿਚ ਕਾਮਯਾਬ ਹੋਈ। ਸਿਮਰ ਚਕਰ ਪਿੰਡ ਦੇ ਸਰਕਾਰੀ ਸਕੂ ?ਲ ਵਿਚ ਪੜ੍ਹੀ, ਪਿੰਡ ਦੀ ਸਪੋਰਟਸ ਅਕੈਡਮੀ 'ਚ ਤਰਾਸ਼ੀ ਕੁੜੀ ਦਾ ਵਿਸ਼ਵ ਦੀਆਂ ਉਪਰਲੀਆਂ ਚਾਰ ਮੁੱਕੇਬਾਜ਼ਾਂ ਵਿਚ ਆ ਖੜ੍ਹਨਾ ਵੱਡੀ ਪ੍ਰਾਪਤੀ ਸੀ। ਹੁਣ ਉਹ ਪੰਜਾਬ ਯੂਨੀਵਰਸਿਟੀ ਨਾਲ ਸੰਬੰਧਿਤ ਦਸਮੇਸ਼ ਕਾਲਜ ਬਾਦਲ ਦੀ ਵਿਦਿਆਰਥਣ ਹੈ। ਪੜ੍ਹਾਈ ਵਿਚ ਹੁਸਿ ?ਆਰ ਇਸ ਪੇਂਡੂ ਲੜਕੀ ਤੋਂ ਓਲੰਪਿਕ ਖੇਡਾਂ-2024 ਵਿਚ ਵੱਡੀ ਪ੍ਰਾਪਤੀ ਕਰਨ ਦੀ ਆਸ ਹੈ। ਵੇਖਦੇ ਹਾਂ, ਸਰਕਾਰੀ ਇਮਦਾਦ ਤੋਂ ਬਿਨਾਂ ਚੱਲ ਰਹੀ ਸਪੋਰਟਸ ਅਕੈਡਮੀ ਚਕਰ ਨੂੰ ਪੰਜਾਬ ਤੇ ਕੇਂਦਰ ਦੀਆਂ ਸਰਕਾਰਾਂ ਕਿਹੋ ਜਿਹੀ 'ਸਰਪ੍ਰਸਤੀ' ਦਿੰਦੀਆਂ ਹਨ? ਭਾਰਤ ਸਰਕਾਰ 'ਸਾਈ' ਦਾ ਕੋਚਿੰਗ ਸੈਂਟਰ ਬਣਾਉਂਦੀ ਹੈ ਜਾਂ ਪੰਜਾਬ ਸਰਕਾਰ ਸਪੋਰਟਸ ਵਿਭਾਗ ਦਾ ਕੋਚਿੰਗ ਕੇਂਦਰ? ਚਕਰ ਦਾ ਮਸੀਹਾ ਸਵਰਗੀ ਅਜਮੇਰ ਸਿੰਘ ਸਿੱਧੂ ਜ਼ਿੰਦਾ ਹੁੰਦਾ ਤਾਂ ਬੇਹੱਦ ਖ਼ੁਸ਼ ਹੁੰਦਾ! ਓਲੰਪੀਅਨ ਤੇ ਅਰਜਨਾ ਅਵਾਰਡ ਜੇਤੂ ਸਿਮਰ ਚਕਰ ਤੋਂ ਪਤਾ ਨਹੀਂ ਕੀ ਕੁਛ ਵਾਰਦਾ? ਹੁਣ ਉਸ ਦਾ ਜੌੜਾ ਭਰਾ ਬਲਦੇਵ ਸਿੰਘ ਸਿੱਧੂ ਆਪਣੇ ਭਰਾ ਦੇ ਸੁਪਨਿਆਂ ਨੂੰ ਸਾਕਾਰ ਕਰਨ ਲੱਗਾ ਹੋਇਐ। ਸਪੋਰਟਸ ਅਕੈਡਮੀ ਦਾ ਬੂਟਾ ਡਾ. ਬਲਵੰਤ ਸਿੰਘ ਸੰਧੂ ਨੇ 2006 ਵਿਚ ਲਾਇਆ ਸੀ ਜੋ ਬਰੋਟਾ ਬਣ ਚੁੱਕੈ। ਉਹ ਹੁਣ ਕਲਗੀਧਰ ਕਾਲਜ ਕਮਾਲਪੁਰੇ ਦਾ ਪ੍ਰਿੰਸੀਪਲ ਹੈ। ਸੰਤ ਬਲਬੀਰ ਸਿੰਘ ਸੀਚੇਵਾਲ, ਦੇਵਿੰਦਰ ਸਿੰਘ ਐਸ. ਪੀ., ਬੌਕਸਿੰਗ ਕੋਚ ਗੁਰਬਖ਼ਸ਼ ਸਿੰਘ ਸੰਧੂ, ਪਿੰਡ ਵਾਸੀ ਤੇ ਪਰਵਾਸੀ 'ਚਕਰ' ਨੂੰ ਦੇਸ਼ ਦਾ ਮਾਡਲ ਪਿੰਡ ਬਣਾਉਣ ਲੱਗੇ ਹੋਏ ਹਨ। ਪੰਜਾਬ ਦੇ ਜਿਨ੍ਹਾਂ ਪਿੰਡਾਂ ਵਿਚ ਚਾਨਣਾਂ ਦਾ ਛੱਟਾ ਦਿੱਤਾ ਜਾ ਰਿਹੈ ਉਹਨਾਂ ਦੀ ਰੀਸ ਕਰਨੀ ਚਾਹੀਦੀ ਹੈ। ਸਿਮਰਨ ਧੀਏ! ਕੁਝ ਵੀ ਹੋਵੇ, ਤੂੰ ਉਦੋਂ ਤਕ ਆਪਣਾ ਸੰਘਰਸ਼ ਜਾਰੀ ਰੱਖੀ ਜਦੋਂ ਤਕ ਆਪਣੀ ਮੰਜਿਲ 'ਤੇ ਨਹੀਂ ਪਹੁੰਚਦੀ ਤੇ ਓਲੰਪਿਕ ਖੇਡਾਂ ਦਾ ਗੋਲਡ ਮੈਡਲ ਨਹੀਂ ਜਿੱਤਦੀ! ਪੰਜਾਬ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਵਿਸ਼ਵ ਚੈਂਪੀਅਨਸਿਪ 'ਚੋ ਮੈਡਲ ਜਿੱਤਣ ਅਤੇ ਓਲੰਪਿਕ ਖੇਡਾਂ 'ਚੋਂ ਮੈਡਲ ਜਿੱਤਣ ਦੀ ਸੰਭਾਵਨਾ ਰੱਖਣ ਵਾਲੀ ਗਰੀਬ ਕਿਸਾਨ ਘਰ ਦੀ ਲੜਕੀ ਨੂੰ ਚੱਜ ਦੀ ਨੌਕਰੀ ਦੇ ਕੇ ਪੰਜਾਬ ਵਿਚ ਰੱਖ ਲਵੇ, ਨਹੀਂ ਤਾਂ ਉਸ ਨੂੰ ਮਜਬੂਰੀ ਵੱਸ ਹਰਿਆਣੇ ਵੱਲ ਜਾਂ ਕਿਸੇ ਹੋਰ ਸੂਬੇ ਵੱਲ ਜਾਣਾ ਪਵੇਗਾ। ਚਕਰ ਅਕੈਡਮੀ ਦੇ ਪ੍ਰੋਗਰਾਮ ਅਨੁਸਾਰ ਰੋਜ਼ਾਨਾ ਦੋ ਸੌ ਤੋਂ ਵੱਧ ਬੱਚੇ ਬੱਚੀਆਂ ਨੂੰ ਕਸਰਤਾਂ ਕਰਾਉਣਾ ਤੇ ਤਿੰਨ ਖੇਡਾਂ ਮੁੱਕੇਬਾਜ਼ੀ, ਫੁੱਟਬਾਲ ਤੇ ਕਬੱਡੀ ਦੀ ਟ੍ਰੇਨਿੰਗ ਦੇਣਾ ਹੈ। ਖੇਡਾਂ ਦਾ ਸਮਾਨ, ਟ੍ਰੈਕ ਸੂਟ, ਰਨਿੰਗ ਸ਼ੂਅ, ਲੋੜੀਂਦੀ ਰੈਫਰੈਸ਼ਮੈਂਟ, ਕੋਚਿੰਗ ਤੇ ਖੇਡ ਮੁਕਾਬਲਿਆਂ ਵਿਚ ਲਿਜਾਣ ਦੇ ਪ੍ਰਬੰਧ ਅਕੈਡਮੀ ਵੱਲੋਂ ਕੀਤੇ ਜਾਂਦੇ ਹਨ। ਵਿਸ਼ੇਸ਼ ਗੱਲ ਇਹ ਕਿ ਲੜਕੀਆਂ ਲੜਕਿਆਂ ਵਾਂਗ ਹੀ ਖੇਡਾਂ ਵਿਚ ਭਾਗ ਲੈਂਦੀਆਂ ਹਨ। ਨੈਸ਼ਨਲ ਤੇ ਇੰਟਰਨੈਸ਼ਨਲ ਪੱਧਰ 'ਤੇ ਮੈਡਲ ਜਿੱਤਣ ਵਾਲੀਆਂ ਚਕਰ ਦੀਆਂ ਧੀਆਂ ਸਿਮਰਨਜੀਤ, ਮਨਦੀਪ, ਸ਼ਵਿੰਦਰ, ਪ੍ਰਮਿੰਦਰ, ਅਮਨਦੀਪ, ਮਨਪ੍ਰੀਤ, ਮੁਸਕਾਨ ਤੇ ਹਰਪ੍ਰੀਤ ਹੋਰੀਂ ਬੜੀਆਂ ਹੋਣਹਾਰ ਬੌਕਸਰ ਹਨ। ਤੀਹ ਤੋਂ ਵੱਧ ਮੈਡਲ ਜਿੱਤੇ ਹਨ ਉਨ੍ਹਾਂ ਨੇ। ਉਹ ਤੀਜੀ ਚੌਥੀ ਜਮਾਤ 'ਚ ਪੜ੍ਹਦਿਆਂ ਹੀ ਪਿੰਡ ਦੀ ਅਕੈਡਮੀ ਵਿਚ ਟ੍ਰੇਨਿੰਗ ਲੈਣ ਲੱਗ ਪਈਆਂ ਸਨ। ਚਕਰ ਦੀ ਸਪੋਰਟਸ ਅਕੈਡਮੀ ਹੋਰਨਾਂ ਖੇਡ ਅਕੈਡਮੀਆਂ ਲਈ ਮਾਡਲ ਕਹੀ ਜਾ ਸਕਦੀ ਹੈ। ਐਨ ਆਰ ਆਈ ਖੇਡ ਪ੍ਰਮੋਟਰਾਂ ਨੂੰ ਚਾਹੀਦਾ ਹੈ ਕਿ ਉਹ ਨਿਰੇ ਕਬੱਡੀ ਟੂਰਨਾਮੈਂਟ ਕਰਾਈ ਜਾਣ ਦੀ ਥਾਂ ਅਜਿਹੀਆਂ ਖੇਡ ਅਕੈਡਮੀਆਂ ਵੀ ਚਲਾਉਣ। ਪੰਜਾਬ ਦਾ ਖੇਡ ਵਿਭਾਗ ਵੀ ਐਸੀਆਂ ਅਕੈਡਮੀਆਂ ਦਾ ਸਾਥ ਦੇਵੇ। ਅੰਤਰਰਾਸ਼ਟਰੀ ਪੱਧਰ 'ਤੇ ਮੈਡਲ ਜਿੱਤਣ ਵਾਲੇ ਪੰਜਾਬ ਦੇ ਖਿਡਾਰੀਆਂ ਦਾ ਉਵੇਂ ਹੀ ਮਾਨ ਸਨਮਾਨ ਕਰੇ ਜਿਵੇਂ ਹਰਿਆਣੇ ਦੇ ਖਿਡਾਰੀਆਂ ਦਾ ਕੀਤਾ ਜਾ ਰਿਹੈ। ਪੰਜਾਬ ਸਰਕਾਰ ਖੇਡਾਂ ਦਾ ਬਜਟ ਵੀ ਹਰਿਆਣੇ ਤੋਂ ਵੱਧ ਨਹੀਂ ਤਾਂ ਉਹਦੇ ਜਿੰਨਾ ਤਾਂ ਕਰੇ!


ਖੇਤਾਂ ਦੇ ਵਿੱਚ ਕੰਮ ਕਰਨ ਲਈ ਵਰਕਰਾਂ ਦੀ ਲੋੜ
ਐਬਸਫੋਰਡ ਵਿਖੇ ਖੇਤਾਂ ਦੇ ਵਿੱਚ ਕੰਮ ਕਰਨ ਲਈ ਖੇਤੀਬਾੜੀ ਦੇ ਸ਼ੌਕੀਨਾਂ ਲਈ ਵਧੀਆ ਡਾਲਰ ਕਮਾਉਣ ਦਾ ਮੌਕਾ ਹੈ ।
GL ਫਾਰਮ ਅਤੇ ਨਰਸਰੀ ਵਾਸਤੇ ਬੀ ਸੀ
ਐਬਸਫੋਰਡ ਵਿੱਚ ਵਰਕਰਾਂ ਦੀ ਜਰੂਰਤ ਹੈ ।
ਹੋਰ ਜਾਣਕਾਰੀ ਲਈ ਫੋਨ ਕਰੋ।
Call: 604 308 3513, 604 825 2536



ਟਰੱਕ ਡਰਾਈਵਰਾਂ ਲਈ ਖੁਸ਼ਖ਼ਬਰੀ
ਕੰਮ ਤੋਂ ਬਾਦ ਆਪਣੇ ਟਰੱਕ ਨੂੰ ਰਾਤ ਸਮੇਂ ਕਿਸੇ ਸੁਰੱਖਿਅਤ ਯਾਰਡ ਵਿੱਚ ਹੀ ਪਾਰਕ ਕਰਨਾ ਚਾਹੁੰਦੇ ਹੋ।
ਰੇਟ ਵੀ ਸਸਤਾ ਹੋਵੇ
ਤੁਹਾਡੇ ਕੰਮ ਸੁਰੂ ਕਰਨ ਵਾਲੇ ਏਰੀਆ ਦੇ ਨੇੜੇ ਹੋਵੇ
ਗਰੈਵਲ ਟਰੱਕ 125 ਡਾਲਰ
ਟਰੈਕਟਰ 100 ਡਾਲਰ
ਫਲੀਟ ਲਈ ਚੰਗੇ ਰੇਟ
ਮਿਲ ਸਕਦੇ ਹਨ ਅਸੀਂ ਵਾਅਦਾ ਕਰਦੇ
ਹਾਂ ਜਦੋਂ ਤੁਸੀਂ ਸਾਨੂੰ ਕਾਲ ਕਰੋਂਗੇ ਤਾਂ **ਕੈਲਗਰੀ** ਵਿੱਚ
ਤੁਹਾਡੇ ਟਰੱਕ ਨੂੰ ਸੁਰੱਖਿਅਤ ਪਾਰਕਿੰਗ ਮਿਲ ਜਾਵੇਗੀ
ਈਸਟਹਿੱਲ ਸਟੋਰੇਜ ਹੁਣ ਖੁੱਲ ਗਿਆ ਹੈ
ਕਾਲ ਕਰੋ: ਜੌਹਨ 403 618 3076
EAST HILLS STORAGE



ਜੇ ਕੌਸਕੋ ਸਟੋਰ ਵਿੱਚੋਂ ਦੁੱਧ ਵਾਲੀਆਂ ਕੈਨੀਆਂ, ਪੈਪਸੀ, ਕੋਕ, ਜੂਸ, ਲਿਕਰ ਲੈਣ ਚੱਲੇ ਹੋ ਤਾਂ
ਪਹਿਲਾਂ ਘਰ ਪਈਆਂ ਖਾਲੀ ਕੈਨੀਆਂ ਅਤੇ ਜੂਸ ਵਾਲੇ ਡੱਬੇ ਵੀ ਗੱਡੀ ਵਿੱਚ ਰੱਖ ਲਓ
ਕਿਉਂਕਿ ਬੋਤਲ ਡਿਪੂ ਹੁਣ ਕੈਲਗਰੀ ਵਿੱਚ ਸਟੋਨੀ ਟਰੇਲ ਤੋਂ
17 ਐਵਨਿਊ ਚੈਸਟਰਮੀਅਰ ਵੱਲ ਨਿਕਲਦਿਆਂ ਹੀ
ਕੌਸਕੋ ਸਟੋਰ ਦੇ ਬਿਲਕੁੱਲ ਸਾਹਮਣੇ ਹੀ ਖੁੱਲ ਗਿਆ।

ਇਹਨਾਂ ਨੂੰ ਸੁਪਰਵਾਈਜਰ/ਬੋਤਲ ਸੌਰਟਰ
ਵਰਕਰਾਂ ਦੀ ਵੀ ਲੋੜ ਹੈ
ਪੰਜਾਬੀ ਬੋਲਣ ਵਾਲਾ ਸਟਾਫ
East Hill Bottle Depot Ltd.
Call: 403 975 0128
55 East Hill Blvd (Front of new Costco at 17 ave SE.) Calgary(AB)



NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
All Type of Frames!
Unbeatable Price!
"Online" prices in store!
Complete Eyewear, Contact lenses and Sunglasses!
For more info call:
Sandeep Pandher
MANAGER
at 403-999-2500





# ਸੱਚ ਬੋਲਦਾ ਇਸ਼ਕ, ਪੂਰਾ ਤੋਲਦਾ ਇਸ਼ਕ ਪਰ ਮੌਤ ਵਾਲੀ ਤੱਕੜੀ ਚ ਪਾ ਅੜਿਆ।

ਸੰਗੀਤਕਾਰ ਚਰਨਜੀਤ ਆਹੂਜਾ ਸਾਹਿਬ ਦੀ ਆਪਣੇ ਸ਼ਾਗਿਰਦ ਬਲਦੇਵ ਮਸਤਾਨਾ ਰਾਹੀਂ ਇੰਗਲੈਂਡ ਹੀ ਵਸਦੇ ਗੀਤਕਾਰ ਮਹਿੰਦਰ ਸਿੰਘ ਖੈਰੇ ਨਾਲ ਮੁਲਾਕਾਤ ਹੋਈ ਸੀ। ਖੈਰੇ ਦੇ ਦੋ ਕੁ ਗੀਤ ਇੰਗਲੈਂਡ ਵਸਦੇ ਗਾਇਕ ਏ ਐਸ ਕੰਗ ਦੀ ਆਵਾਜ਼ ਵਿੱਚ ਰਿਕਾਰਡ ਵੀ ਹੋਏ। ਇੰਗਲੈਂਡ ਫੇਰੀ ਸਮੇਂ ਜਦੋਂ ਆਹੂਜਾ ਤੇ ਮਾਣਕ ਇਕੱਠੇ ਗਏ ਤਾਂ ਬਲਦੇਵ ਮਸਤਾਨਾ ਦੀ ਮੌਜੂਦਗੀ ਵਿੱਚ ਖੈਰੇ ਨੇ ਚਰਨਜੀਤ ਆਹੂਜਾ ਨੂੰ ਆਪਣੇ ਗੀਤ ਦਿਖਾਏ। ਚਰਨਜੀਤ ਨੂੰ ਇੱਕ ਗੀਤ ਬਹੁਤ ਪਸੰਦ ਆਇਆ ਤੇ ਉਹ ਉਸਨੇ ਕਾਗਜ਼ ਤੇ ਲਿਖਾ ਲਿਆ। ਅਗਲੀ ਆਥਣ ਜਦੋਂ ਮਾਣਕ ਨਾਲ ਇਸ ਗੀਤ ਦੀ ਗੱਲ ਚੱਲੀ ਤਾਂ ਮਾਣਕ ਨੂੰ ਗੀਤ ਪਸੰਦ ਨਾ ਆਇਆ । ਆਪਣੇ ਮਲਵਈ ਸੁਭਾਅ ਮੁਤਾਬਿਕ ਉਸਨੇ ਆਹੂਜਾ ਸਾਹਿਬ ਨੂੰ ਕਿਹਾ ਇਹ ਕਿਹੜਾ ਗੀਤ ਐ । ਚਰਨਜੀਤ ਆਹੂਜਾ ਕਹਿੰਦੇ ਇਹਨੂੰ ਬਣ ਲੈਣ ਦੇ ਫੇਰ ਦੇਖੀਂ ।ਆਹੂਜਾ ਸਾਹਿਬ ਦੇ ਗੱਲ ਧੁਰ ਅੰਦਰ ਲਹਿ ਗਈ ਸੀ, ਉਹਨਾਂ ਨੇ ਇਸਦੀ ਧੁਨ ਬਣਾਈ, ਪਰ ਉਹ ਧੁਨ ਵੀ ਮਾਣਕ ਸਾਹਿਬ ਨੂੰ ਫਿੱਟ ਨਾਂ ਬੈਠੀ । ਫੇਰ ਆਹੂਜਾ ਸਾਹਿਬ ਨੇ ਇੱਕ ਹੋਰ ਧੁਨ ਬਣਾ ਕੇ ਉਹ ਗੀਤ ਕੁਲਦੀਪ ਮਾਣਕ ਤੋਂ ਗਵਾਇਆ, ਜੋ ਮਾਣਕ ਦੀ ਜ਼ਿੰਦਗੀ ਦਾ ਬੇਹਤਰੀਨ ਗੀਤ ਹੋ ਨਿਬੜਿਆ। ਇਹ ਗੀਤ ਖੈਰੇ ਦੀ ਕਲਪਨਾ ਦੀ ਉਡਾਰੀ ਸੀ ਕਿ ਮਿਰਜ਼ੇ ਜੱਟ ਦੀਆਂ ਕ਼ਾਨੀਆਂ ਤੋੜਣ ਤੋਂ ਬਾਅਦ ਸਾਹਿਬਾਂ ਦੇ ਮਨ ਵਿੱਚ ਖਿਆਲ ਆਇਆ ਕਿ ਇਸ ਇਸ਼ਕ ਚੋਂ ਕੀ ਖੱਟਿਆ , ਇਹ ਤਾਂ ਉਹਦਾ ਸ਼ਗਨਾਂ ਦਾ ਦਿਨ ਸੀ ਤੇ ਜੰਡ ਥੱਲੇ ਅਣਹੋਣੀ ਵਾਪਰ ਗਈ ਜੋ ਉਸਦੇ ਕਿਰਦਾਰ ਨੂੰ ਕਲੰਕਿਤ ਕਰਦੀ ਹੈ।ਲਾਜਵਾਬ ਬੋਲ, ਲਾਜਵਾਬ ਧੁੰਨ, ਲਾਜਵਾਬ ਸੰਗੀਤ ,ਮਹਿੰਦਰ ਸਿੰਘ ਖੈਰਾ ਦੀ ਕਲਮ,ਤੇ ਕੁਲਦੀਪ ਮਾਣਕ ਦੀ ਗਾਇਕੀ ਦਾ ਸਿਖਰ ਇੱਕ ਸ਼ਾਇਰ ਦੀ ਕਲਪਨਾ ਇਸ ਤਰਾਂ ਐ।

## ਸਾਹਿਬਾਂ ਦਾ ਖਿਆਲ

ਸਿੱਟਾ ਦੇਖਿਆ ਕਮਾਏ ਜਦ ਇਸ਼ਕ ਦਾ,
ਸਾਹਿਬਾਂ ਉੱਚੀ ਉੱਚੀ ਮਾਰਦੀ ਏ ਧਾਹ।
ਕਿਸੇ ਚੰਦਰੇ ਵੇਲੇ ਦੀਆਂ ਲੱਗੀਆਂ,
ਗਈਆਂ ਪੇਸ਼ ਨੇ ਜੱਟੀ ਦੇ ਆ।
ਅੱਜ ਸੌ ਸੌ ਸੀ ਮੈ ਕਰਨੇ ਨੱਖਰੇ,
ਹੱਥੀਂ ਰੰਗਲਾ ਵੇ ਚੂੜਾ ਪਾ।
ਘੁੰਡ ਚੱਕਦਾ ਜਾ ਮੁੱਖ ਤੋਂ ਲਾੜਾ ਵੇ,
ਲੈਂਦਾ ਚੰਨ ਵੀ ਨੀਵੀਂਆਂ ਪਾ।
ਅੱਜ ਬੈਠੀ ਆਂ ਤੇਰੇ ਕੋਲ ਵਾਂਗ ਚੋਰਾਂ ਦੇ,
ਮੇਰਾ ਧੱਕ ਧੱਕ ਕਰਦਾ ਏ ਸਾਹ।
ਅੱਜ ਦਿਨ ਹੈ ਮੇਰੇ ਵਿਆਹ ਦਾ,
ਕਿਤੇ ਚੱਲ ਕੇ ਤੇ ਤੇਲ ਚੁਆ।
ਰੁਲ਼ ਗਈਆਂ ਰੀਝਾਂ ਫੇਰ ;ਖੈਰੇ; ਨੇ ਵਿਚਾਰਿਆ
ਸਾਹਿਬਾਂ ਦਿਆਂ ਵੀਰਾਂ ਆਣ ਮਿਰਜ਼ੇ ਨੂੰ ਮਾਰਿਆ
ਸੱਚ ਬੋਲਦਾ ਇਸ਼ਕ, ਪੂਰਾ ਤੋਲਦਾ ਇਸ਼ਕ
ਪਰ ਮੌਤ ਵਾਲੀ ਤੱਕੜੀ ਚ ਪਾ ਅੜਿਆ।
ਕਿਤੇ ਚੱਲ ਕੇ ਤੇ ਤੇਲ ਚੁਆ ਅੜਿਆ।

# ਖਰ੍ਹੇ ਸੋਨੇ ਦੇ ਗਹਿਣੇ ਕਈ ਪੀੜ੍ਹੀਆਂ ਤੱਕ ਵੀ ਜੰਗਾਲੇ ਨਹੀਂ ਜਾਂਦੇ।

ਸੋਨੇ ਦੇ ਗਹਿਣਿਆਂ ਵਰਗੇ ਹੀ ਪੰਜਾਬੀ ਟੱਪੇ ਸਵਰਗਵਾਸੀ ਕੁਲਦੀਪ ਮਾਣਕ ਅਤੇ ਰਾਮ ਸਰੂਪ ਦੀਆਂ ਆਵਾਜ਼ਾਂ ਵਿੱਚ ਸੁਣਨ ਦੇਖਣ ਨੂੰ ਮਿਲਦੇ ਹਨ। ਇਸ ਗੀਤ ਦੀ ਕਹਾਣੀ ਕੁੱਝ ਇਸ ਤਰ੍ਹਾਂ ਹੈ ਸੰਨ 1985 ਦੇ ਕਾਲੇ ਦੌਰ ਵਿੱਚ ਦੂਰਦਰਸ਼ਨ ਵਾਲੇ ;ਹਰਜੀਤ ਸਿੰਘ; ਜੀ ਕਪੂਰਥਲੇ ਦੇ ਪਿੰਡ ਟਾਹਲੀ ਵਿੱਚ ;ਮੁਖਤਾਰ ਗਿੱਲ; ਦੀ ਕਹਾਣੀ ;ਆਲ੍ਹਣਾ; ਦੀ ਸ਼ੂਟਿੰਗ ਕਰਨ ਗਏ। ਇਹ ਟਾਹਲੀ ਪਿੰਡ ਉਹ ਪਿੰਡ ਹੈ ਜਿਸ ਪਿੰਡ ਦੀ ਨੂੰਹ ਪੰਜਾਬੀ ਗਾਇਕੀ ਦੇ ਖੇਤਰ ਵਿੱਚ ਦੋਗਾਣਿਆਂ ਦੀ ਸਭ ਤੋਂ ਵੱਧ ਰਿਕਾਰਡਿੰਗ ਕਰਵਾਉਣ ਕਾਰਣ ਸਟਾਰ ਬਣੀ ਸੀ। ਦੋ ਦਿਨ ਦਾ ਸ਼ੂਟ ਸੀ। ਦੋਵੇਂ ਦਿਨ ਮੀਂਹ ਪੈਂਦਾ ਰਿਹਾ । ਹਾਲਾਤ ਸਾਜਗਾਰ ਨਾ ਹੋਣ ਕਰਕੇ ਵਾਪਸ ਪਰਤਣ ਦਾ ਖਤਰਾ ਨਾ ਸਹੇੜਦਿਆਂ ਉੱਥੇ ਹੀ ਮੀਂਹ ਰੁਕਣ ਦਾ ਇੰਤਜ਼ਾਰ ਕਰਨ ਦਾ ਫੈਸਲਾ ਕਰ ਲਿਆ।





ਤੀਸਰੇ ਦਿਨ ਸ਼ੂਟਿੰਗ ਦੇ ਸ਼ੁਰੂ ਕਰਨ ਵੇਲੇ ਈ ਮਾਣਕ ਗੱਡੀ ਲੈ ਟਾਹਲੀ ਪਿੰਡ ਈ ਆ ਟਪਕਿਆ, ਹਰਜੀਤ ਭਾਅ ਜੀ ਨੇ ਮਾਣਕ ਤੋਂ ਉੱਥੇ ਆਉਣ ਦਾ ਕਾਰਨ ਪੁੱਛਿਆ ਤਾਂ ਮਾਣਕ ਨੇ ਦੱਸਿਆ ਮੈਂ ਤੁਹਾਨੂੰ ਮਿਲਣ ਜਲੰਧਰ ਗਿਆ ਸੀ ਉੱਥੇ ਪਤਾ ਲੱਗਾ ਕਿ ਤੁਸੀਂ ਟਾਹਲੀ ਪਿੰਡ ਸ਼ੂਟਿੰਗ ਲਈ ਆਏ ਹੋਏ ਹੋ । ਅਸਲ ਵਿੱਚ ਮੈਂ ਤੁਹਾਨੂੰ ਆਹ ਇੱਕ ਮੁੰਡਾ ਰਾਮ ਸਰੂਪ ਨੂੰ ਸੁਣਾਉਣ ਲਈ ਲੈਕੇ ਆਇਆ ਸੀ, ਹਰਜੀਤ ਭਾਅ ਜੀ ਸਰੂਪ ਨੂੰ ਕਹਿੰਦੇ ਚੱਲ ਬਈ ਸੁਣਾ ਫੇਰ— ਤਾਂ ਅੱਗੋਂ ਰਾਮ ਸਰੂਪ ਕਹਿੰਦਾ ਜੀ ਮੈਂ ਤਾਂ ਸਾਰੇ ਗੀਤ ਮਾਣਕ ਸਾਹਿਬ ਦੇ ਹੀ ਗਾਉਂਦਾ ਹਾਂ, ਹੁਣ ਇਹਨਾਂ ਦੇ ਸਾਹਮਣੇ ਮੈਂ ਇਹਨਾਂ ਦੇ ਗੀਤ ਨਹੀ ਗਾ ਸਕਦਾ, ਮੈਨੂੰ ਹੋਰ ਕੋਈ ਗੀਤ ਆਉਂਦਾ ਈ ਨਹੀਂ, ਹਾਂ ਮੈਂ ਮਾਣਕ ਸਾਹਿਬ ਦੇ ਨਾਲ ਗਾ ਸਕਦਾ ਹਾਂ । ਉਸ ਵੇਲੇ ਹਰਜੀਤ ਸਿੰਘ ਕੋਲ ਸਿਰਫ ਇੱਕੋ ਈ ਮਾਇਕ ਸੀ, ਉਹ ਵੀ ਬਗੈਰ ਸਟੈਂਡ ਤੋਂ, ਕਿਸੇ ਰਾਹਗੀਰ ਕੋਲੋਂ ਟਕੂਆ ਲੈਕੇ ਮਾਈਕ ਉਸ ਟਕੂਏ ਨਾਲ ਬੰਨ੍ਹ ਕੇ ਦਰਖਤ ਦੀ ਟਾਹਣੀ ਨਾਲ ਲਮਕਾ ਕੇ ਰਿਕਾਰਡਿੰਗ ਕੀਤੀ ਉਹ ਵੀ ਇੱਕੋ ਈ ਟੇਕ ਵਿੱਚ, ਇਸ ਵੀਡੀਓ ਵਿੱਚ ਜੋ ਆਵਾਜ਼ ਵਿੱਚ ਥ੍ਰੋੜੀ ਸ਼ਰਸ਼ਰਾਹਟ ਆਈ ਇਹ ਹਵਾ ਦੀ ਆਵਾਜ਼ ਐ ਜਾ ਪੰਛੀਆਂ ਦੀ ਆਵਾਜ਼ ਐ। ਪਾਠਕੋ ਇਹ ਕਹਾਣੀ ਮੈਨੂੰ ਇੱਕ ਵਾਰ ਹਰਜੀਤ ਭਾਅ ਜੀ ਨੇ ਖੁਦ ਦੱਸੀ ਸੀ, ਕਿੱਥੇ ਆਹ ਲਾਈਵ ਗਾਇਕੀ ਉਹ ਵੀ ਸਿੰਗਲ ਟੇਕ ;ਤੇ ਕਿੱਥੇ ਹੁਣ ਦੀ ਮਲਟੀ ਟਰੈਕ ਰਿਕਾਰਡਿੰਗ, ਪਰ ਸੋਨਾ ਸੋਨਾ ਈ ਹੁੰਦੈ ਨਾ ਕਦੇ ਮੁੱਲ ਘਟੇ ;ਤੇ ਨਾਂ ਈ ਚਮਕ—




# ਅਰਦਾਸ ਆਪਣੇ ਪਿਤਾ ਨਾਲ ਗੱਲ ਕਰਨ ਦਾ ਅੰਦਾਜ਼ ਹੈ

ਗੋਲਕ ਅੱਗੇ ਜਦ ਵੀ
ਸੀਸ ਝੁਕਾਇਆ ਸੀ
ਅੱਖਰ ਅੱਖਰ ਮੇਰੇ ਤੇ ਸ਼ਰਮਾਇਆ
ਸੀ।

ਇੱਕ ਵਾਰੀ ਮੈਨੂੰ ਕਿਸੇ ਨੇ ਪੁੱਛਿਆ, ਜੇ ਕਿਤੇ ਤੁਰੇ ਜਾਂਦਿਆਂ ਰਾਹ ’ਚ ਰੱਬ ਆ ਮਿਲੇ ਤੇ ਆਖੇ – ਕੋਈ ਇੱਕ ਮੰਗ ਦੱਸ, ਤਾਂ ਕੀ ਮੰਗੇਂਗੀ ? ਮੈਂ ਕਿਹਾ – ਮੈਂ ਜੋ ਚਾਹਾਂ ਓਹੀ ਹੋ ਜੇ ਬੱਸ। ਇਸ ਤਰ੍ਹਾਂ ਦੀ ਲਾਲਸਾ ਹਰ ਮਨ ਅੰਦਰ ਹੀ ਪੁੰਗਰਦੀ ਹੋਵੇਗੀ। ਪਰ ਸਾਡਾ ਕਪਟੀ ਮਨ ਵੀ ਤਾਂ ਐਨਾ ਨਿਰਮਲ ਜਾਂ ਸਵੱਛ ਨਹੀਂ ਹੁੰਦਾ ਕਿ ਸੱਚੀਂ ਰੱਬ ਆ ਮਿਲੇ। ਮਨ ਦੀ ਇੱਛਾ ਵਰਗੀ ਇਬਾਰਤ ਹਰ ਕੋਈ ਉਲੀਕਣਾ ਚਾਹ ਰਿਹਾ ਹੁੰਦਾ ਹੈ, ਪਰ ਹਾਲਾਤ ਪੇਸ਼ ਨਹੀਂ ਜਾਣ ਦਿੰਦੇ। ਅਜਿਹੇ ਸਮੇ ਅਸੀਂ ਅਰਦਾਸ ਦੀ ਸ਼ਰਨ ਜਾ ਪੈਂਦੇ ਹਾਂ। ਇਹ ਅਰਦਾਸ ਅਸੀਂ ਉਸ ਮੂਹਰੇ ਗੁਜ਼ਾਰਦੇ ਹਾਂ ਜੋ ਸਾਡੇ ਤੋਂ ਵੱਡਾ, ਸਾਡੇ ਤੋਂ ਵਧੇਰੇ ਸ਼ਕਤੀਵਾਨ ਤੇ ਮਿਹਰਵਾਨ ਹੋਵੇ। ਉਸੇ ਮੂਹਰੇ ਅਸੀਂ ਨਿਗੂਣੇ, ਤੁੱਛ ਅਤੇ ਮੰਗਤੇ ਬਣ ਕੇ ਲੇਲ੍ਹੜੀਆਂ ਕੱਢਣ ਨੂੰ ਤਿਆਰ ਹੋ ਜਾਂਦੇ ਹਾਂ । ਜੋ ਸਾਡੀ ਹੋਂਦ ਦੀਆਂ, ਉਕਾਈਆਂ, ਊਣਾਂ ਜਾਂ ਕਮੀਆਂ ਨੂੰ ਨਜ਼ਰ-ਅੰਦਾਜ਼ ਕਰ ਕੇ ਆਪਣਾ ਹੀ ਹਿੱਸਾ ਕਬੂਲ ਕਰੇ। ਅਰਦਾਸ ਆਪਣੇ ਵੱਲ ਪਰਤਣ ਦਾ ਹੀਲਾ ਹੈ। ਸਭ ਦੀ ਅਰਦਾਸ ਆਪੋ ਆਪਣੇ ਕੱਦ ਜਾਂ ਸੀਨੇ ਪਲਦੀ ਲਾਲਸਾ ਦੇ ਹਾਣ ਦੀ ਹੀ ਉਸਰਦੀ ਹੈ। ਅਮਲੀ ਆਖਦਾ ਹੋਵੇਗਾ ਸਾਰੇ ਪਹਾੜ ਅਫ਼ੀਮ ਦੇ ਹੋ ਜਾਣ ਤਾਂ ਕਿਆ ਨਜ਼ਾਰਾ ਹੋਵੇ। ਆਮ ਤੌਰ ਤੇ ਗੁਰਦੁਆਰਾ ਸਾਹਿਬ ਮੱਥਾ ਟੇਕਦੇ ਉਸ ਮੂਹਰੇ ਆਪਣੀਆਂ ਮੰਗਾਂ ਦੀ ਪੂਰੀ ਸੂਚੀ ਜਾ ਪਰੋਸਦੇ ਹਾਂ। ਸਾਨੂੰ ਇਹ ਵਿਸ਼ਵਾਸ਼ ਹੁੰਦਾ ਹੈ ਕਿ ਜੇ ਇਹ ਸੱਚ ਹੈ ਕਿ ਨੀਚੋਂ ਊਚ ਕਰੇ ਮੇਰਾ ਗੋਵਿੰਦ, ਤਾਂ ਫਿਰ ਕਦੇ ਮੇਰੀ ਵਾਰੀ ਵੀ ਲੱਗਣੀ ਹੀ ਹੈ। ਵੱਡੀਆਂ ਪ੍ਰਾਪਤੀਆਂ ਦੀ ਅਰਜ਼ੋਈ ਅਸੀਂ ਬਿਨਾ ਕਮਾਏ ਹੀ ਮੰਗਣ ਦੇ ਆਦੀ ਹੋ ਜਾਂਦੇ ਹਾਂ। ਸਿਆਣੇ ਆਖਦੇ ਹਨ ਹੋਰਨਾ ਲਈ ਦੁਆ ਕਰੋ ਸ਼ਾਇਦ ਕਬੂਲ ਹੋ ਜਾਏ। ਅਰਦਾਸ ਰੂਪ ਤੋਂ ਸਾਰ ਵੱਲ ਜਾਣ ਦੀ ਹੀ ਯਾਤਰਾ ਹੈ ਜਿੱਥੇ ਆਪਣਾ ਆਪਾ ਸਮਰਪਿਤ ਕਰ ਕੇ ਹੀ ਗੱਲ ਬਣਦੀ ਹੈ। ਅਸੀਂ ਅੱਜ ਵਚਿੱਤਰ ਮੋੜ ਤੇ ਖੜ੍ਹੇ ਹਾਂ। ਜਸਵੰਤ ਸਿੰਘ ਨੇਕੀ ਦਾ ਕਹਿਣਾ ਹੈ ਕਿ ਅਸੀਂ ਸਾਇੰਸ ਦੇ ਬੋਲ-ਬਾਲੇ ਵਿਚ ਜਿਉਂ ਰਹੇ ਵੀ ਧਰਮ ਨੂੰ ਖਦੇੜ ਰਿਹਾ ਨਹੀਂ ਜਰ ਸਕਦੇ, ਜਿੱਥੇ ਕਰਾਮਾਤਾਂ ਤੇ ਖੜ੍ਹਾ ਧਰਮ ਆਪਣੇ ਆਖ਼ਰੀ ਸਾਹਾਂ ਤੇ ਹੈ। ਮਨੁੱਖਤਾ ਦੇ ਇਤਿਹਾਸ ਦਾ ਸਾਰਾ ਸਫ਼ਰ ਅਰਦਾਸ ਦਾ ਹੀ ਹੈ। ਮਨੁੱਖਤਾ ਨਾਲੋਂ ਅਰਦਾਸ ਨੂੰ ਵਖਰਾਇਆ ਨਹੀਂ ਜਾ ਸਕਦਾ। ਅਰਦਾਸ ਨਾਲ ਕਿਸੇ ਸੌਰਦੀ ਜ਼ਿੰਦਗੀ ਬਾਰੇ ਅੱਖੀਂ ਦੇਖੀ ਘਟਨਾ ਪੇਸ਼ ਹੈ।




ਕਈ ਦਹਾਕੇ ਹੋਏ ਪੰਜਾਬੀ ਯੂਨੀਵਰਸਿਟੀ ਦੇ ਸੰਸਕ੍ਰਿਤ ਵਿਭਾਗ ਦੀ ਇੱਕ ਮੈਡਮ ਰਵਿੰਦਰ ਕੌਰ ਪੇਟ ਦੀ ਕਿਸੇ ਬੀਮਾਰੀ ਨਾਲ ਹਸਪਤਾਲ ਦਾਖ਼ਲ ਸੀ। ਡਾਕਟਰਾਂ ਅਨੁਸਾਰ ਉਸ ਕੋਲ ਕੇਵਲ ਕੁੱਝ ਘੰਟੇ ਦੀ ਹੀ ਉਮਰ ਬਾਕੀ ਸੀ। ਉਸ ਨੇ ਆਪਣੇ ਪਤੀ ਨੂੰ ਸ਼੍ਰੀ ਅਨੰਦਪੁਰ ਸਾਹਿਬ ਜਾ ਕੇ ਦੇਗ ਕਰਵਾਉਣ ਦੀ ਇੱਛਾ ਜ਼ਾਹਿਰ ਕੀਤੀ। ਜੁਗਰਾਫ਼ੀਏ ਦਾ ਪ੍ਰੋਫੈਸਰ ਉਸ ਦਾ ਪਤੀ ਪੂਰੀ ਰੇਸ ਨਾਲ ਕਾਰ ਭਜਾ ਕੇ ਦੇਗ ਕਰਵਾਉਣ ਗਿਆ। ਵਾਪਸੀ ਤੇ ਸੋਚ ਰਿਹਾ ਸੀ , ਸ਼ਾਇਦ ਮੁੜ ਕੇ ਆਉਣ ਤੱਕ ਉਹ ਬਚੀ ਹੀ ਨਾ ਹੋਵੇ। ਪਰ ਉਦੋਂ ਤੱਕ ਡਾਕਟਰਾਂ ਅਨੁਸਾਰ ਬਦਲ ਕੇ ਦਿੱਤੀ ਕਿਸੇ ਦਵਾਈ ਨੇ ਰਵਿੰਦਰ ਕੌਰ ਦੀ ਸਿਹਤ ਤੇ ਕੌਤਕੀ ਅਸਰ ਕੀਤਾ ਸੀ। ਉਹ ਔਰਤ ਅੱਜ ਤੱਕ ਚੰਗੀ ਭਲੀ ਜ਼ਿੰਦਾ ਹੈ। ਅਰਦਾਸ ਕੋਈ ਵਾਧੂ ( ਸਪੇਅਰ ) ਪਹੀਆ ਨਹੀਂ ਸਗੋਂ ਇਹ ਜ਼ਿੰਦਗੀ ਦਾ ਸਟੇਅਰਿੰਗ ਪਹੀਆ ਹੈ। ਜਿੰਨ੍ਹਾਂ ਨੂੰ ਆਸਥਾ ਜਾਂ ਸ਼ਰਧਾ ਨਹੀਂ ਹੁੰਦੀ, ਉਹ ਉਲਾਂਭਾ ਸਿਰਜਦੇ ਹਨ – ਮੈਂ ਕੋਈ ਰੱਬ ਹਾਂ ਜੋ ਵੇਖ ਕੇ ਵੀ ਚੁੱਪ ਰਹਾਂ। ਗੁਰਬਖ਼ਸ਼ ਭੰਡਾਲ ਅਨੁਸਾਰ ਦੁਆ ਸਾਡਾ ਖ਼ੁਦ ਤੇ ਯਕੀਨ, ਆਪਣੀ ਸਮਰੱਥਾ ਤੇ ਭਰੋਸਾ ਅਤੇ ਕੁਦਰਤ ਦੀਆਂ ਅਨੰਤ ਬਖ਼ਸ਼ਿਸ਼ਾਂ ਦੀ ਸ਼ੁਕਰਗੁਜ਼ਾਰੀ ਹੈ। ਇਹ ਸਿਰਫ਼ ਧਾਰਮਿਕ ਸਥਾਨ ਤੇ ਹੀ ਨਹੀਂ, ਕਿਤੇ ਵੀ ਕੀਤੀ ਜਾ ਸਕਦੀ ਹੈ।ਅਰਦਾਸ ਕਰਨ ਵੇਲੇ ਅਸੀਂ ਇਹ ਸੋਚਦੇ ਹਾਂ ਕਿ ਮਰਜ਼ੀ ਮੇਰੀ ਹੋਵੇ ਤੇ ਸ਼ਕਤੀ ਰੱਬ ਦੀ ਹੋਵੇ। ਅਰਦਾਸ ਆਪਣੇ ਪਿਤਾ ਨਾਲ ਗੱਲ ਕਰਨ ਦਾ ਅੰਦਾਜ਼ ਹੈ, ਉਸ ਦੀ ਸਿਫ਼ਤ-ਸਲਾਹ ਜਾਂ ਬਲਿਹਾਰੇ ਜਾਣ ਦੀ ਵਿਉਂਤ ਹੈ। ਮਾਂ ਦੀ ਦੁਆ ਨਸੀਬ ਬਦਲ ਸਕਦੀ ਹੈ। ਨਿੱਜੀ ਅਰਦਾਸ ਨਾਲੋਂ ਜਮਾਤੀ ਅਰਦਾਸ ਦਾ ਰੰਗ ਵੱਖਰਾ ਹੀ ਹੁੰਦਾ ਹੈ, ਜਿੱਥੇਜਗਤ-ਜਲੰਦਾ ਰੱਖ ਲੈ ਜਿਹੀ ਜੋਦੜੀ ਹੁੰਦੀ ਹੈ। ਸਿੱਖ ਧਰਮ ਦੀ ਜਮਾਤੀ ਅਰਦਾਸ ਖ਼ੂਬਸੂਰਤ ਦਸਤਾਵੇਜ਼ ਹੈ, ਸ਼ਕਤੀਸ਼ਾਲੀ ਹੈ, ਜਿੱਥੇ ਅਕਾਲਪੁਰਖ ਅਤੇ ਦਸਾਂ ਗੁਰੂਆਂ ਸਣੇ ਇਤਿਹਾਸ ਦੀ ਹਿੱਕ ਉੱਤੇ ਪੈੜ ਕਰ ਕੇ ਨਿਭੀਆਂ ਸਭ ਰੂਹਾਂ ਦਾ ਨਾਮ ਸਾਡੇ ਪਿਛੋਕੜ ਤੋਂ ਹੀ ਸਾਡੀ ਰਹਿਨੁਮਾਈ ਹੀ ਨਹੀਂ ਕਰਦਾ ਸਗੋਂ ਸਾਨੂੰ ਅਗਾਂਹ ਵਧਣ ਲਈ ਉਤਸ਼ਾਹਤ ਵੀ ਕਰਦਾ ਹੈ। ਬੀਤੇ ਸਮੇ ਨੂੰ ਅਧਾਰ ਬਣਾਉਂਦੇ ਅਸੀਂ ਭਵਿੱਖ ਸੁਧਾਰਨ ਵੱਲ ਅਹੁਲਦੇ ਹਾਂ। ਆਪਣੇ ਕਾਰਜ ਵਿਚ ਸਭ ਨੂੰ ਸਹਾਈ ਹੋਣ ਦੀ ਅਪੀਲ ਕਰਦੇ ਆਪਣੇ ਸੁਪਨੇ ਸਾਕਾਰ ਕਰਨ ਦੀ ਲਾਲਸਾ ਦਾ ਸਿਰ ਪਲੋਸਦੇ ਹਾਂ। ਸਾਡਾ ਭਰੋਸਾ ਪਲਦਾ ਹੈ-ਕਦੇ ਤਾਂ ਤੂੰ ਸੁਣੇਗਾ ਹੀ। ਇਉਂ ਉਸ ਦੀ ਮਿਹਰ, ਕ੍ਰਿਪਾ ਅਤੇ ਸਵੱਲੀ ਨਜ਼ਰ ਤੇ ਵਿਸ਼ਵਾਸ਼ ਪਲਦਾ ਹੈ। ਆਪਣਾ ਆਪਾ ਉਸ ਦਰ ਤੇ ਸਮਰਪਿਤ ਕਰ ਕੇ ਅਸੀਂ ਨਿੱਜੀ ਹਿਤ ਤੋਂ ਜਮਾਤ ਤੱਕ ਜਾਂ ਸਰਬੱਤ ਦੇ ਭਲੇ ਤੱਕ ਅਪੜਦੇ ਹਾਂ। ਜਿੱਥੇ ਨਿੱਜੀ ਸੌੜੇ ਜਾਂ ਸੰਕੀਰਨ ਹਿਤ ਮੋਕਲੇ ਵਿਸ਼ਵਾਰਥੀ ਹੋ ਕੇ ਪੂਰੀ ਇਨਸਾਨੀਅਤ ਨੂੰ ਕਲਾਵੇ ਵਿਚ ਲੈਂਦੇ ਪਰਤੀਤ ਹੁੰਦੇ ਹਨ। ਸੋ ਰੱਬ ਸਭ ਦਾ ਹੀ ਭਲਾ ਕਰੇ ਦੀ ਅਰਦਾਸ ਕਰਦੇ ਹਾਂ।

# ਨੂੰਹ ਸੱਸ ਦੀ ਤਕਰਾਰ ਭਰੀ ਕਾਮੇਡੀ ਫ਼ਿਲਮ ਨੀ ਮੈਂ ਸੱਸ ਕੁੱਟਣੀਂ



ਸੁਰਜੀਤ ਜੱਸਲ
9814607737



ਨੂੰਹ ਸੱਸ ਦੇ ਰਿਸ਼ਤੇ ਦੀ ਨੋਕ ਝੋਕ ਵਾਲੀ ਪਹਿਲੀ ਕਾਮੇਡੀ ਫ਼ਿਲਮ ਨੀ ਮੈਂ ਸੱਸ ਕੁੱਟਣੀਂ ਇਸੇ ਮਹੀਨੇ 29 ਅਪ੍ਰੈਲ ਨੂੰ ਪੰਜਾਬੀ ਸਿਨੇਮਿਆਂ ਵਿੱਚ ਰਿਲੀਜ਼ ਹੋਣ ਜਾ ਰਹੀ ਹੈ ਜਿਸ ਵਿੱਚ ਗਾਇਕੀ ਤੋਂ ਫ਼ਿਲਮਾਂ ਵੱਲ ਆਏ ਮਹਿਤਾਬ ਵਿਰਕ ਪਹਿਲੀ ਵਾਰ ਹੀਰੋ ਬਣਕੇ ਪੰਜਾਬੀ ਪਰਦੇ ਨੂੰ ਚਾਰ ਚੰਨ ਲਾਉਣਗੇ ਤੇ ਆਪਣੀ ਚੰਗੀ ਗਾਇਕੀ ਵਾਂਗ ਫਿਲਮਾਂ ਵਿੱਚ ਵੀ ਦਰਸ਼ਕਾਂ ਦੀ ਵਾਹ ਵਾਹ ਖੱਟਣਗੇ। ਇਸ ਫਿਲਮ ਵਿੱਚ ਉਸਦੀ ਹੀਰੋਇਨ ਤਨਵੀ ਨਾਗੀ ਹੈ ਜੋ ਅਨੇਕਾਂ ਨਾਮੀਂ ਕਲਾਕਾਰਾਂ ਦੀਆਂ ਵੀਡਿਓ ਵਿੱਚ ਕੰਮ ਕਰ ਚੁੱਕੀ ਹੈ। ਬਨਵੈਤ ਫ਼ਿਲਮਜ਼ ਅਤੇ ਸਚਿਨ-ਅੰਕੁਸ਼ ਪ੍ਰੋਡਕਸ਼ਨ ਦੇ ਬੈਨਰ ਹੇਠ ਬਣੀ ਇਸ ਫ਼ਿਲਮ ਵਿੰਚ ਮਹਿਤਾਬ ਵਿਰਕ, ਤਨਵੀ ਨਾਗੀ, ਗੁਰਪ੍ਰੀਤ ਘੁੱਗੀ, ਕਰਮਜੀਤ ਅਨਮੋਲ, ਅਨੀਤਾ ਦੇਵਗਣ, ਨਿਰਮਲ ਰਿਸ਼ੀ, ਸੀਮਾ ਕੌਸ਼ਲ, ਨਿਸ਼ਾ ਬਾਨੋ, ਅਕਿਸ਼ਤਾ ਸ਼ਰਮਾ,ਤਰਸੇਮ ਪੌਲ,ਦਿਲਾਵਰ ਸਿੱਧੂ,ਮਨਜੀਤ ਕੌਰ ਔਲਖ, ਸੰਨੀ ਗਿੱਲ, ਰਵਿੰਦਰ ਮੰਡ, ਡੌਲੀ ਸਿੰਘ ਅਤੇ ਸਤਿੰਦਰ ਕੌਰ ਸਮੇਤ ਕੁਝ ਨਵੇਂ ਚਿਹਰਿਆਂ ਨੇ ਅਹਿਮ ਕਿਰਦਾਰ ਨਿਭਾਏ ਹਨ। ਫ਼ਿਲਮ ਦੀ ਕਹਾਣੀ ਰਾਜੂ ਵਰਮਾ ਨੇ ਲਿਖੀ ਹੈ ਤੇ ਪ੍ਰਵੀਨ ਕੁਮਾਰ ਨੇ ਇਸ ਨੂੰ ਡਾਇਰੈਕਟ ਕੀਤਾ ਹੈ। ਫ਼ਿਲਮ ਦੇ ਨਿਰਮਾਤਾ ਮੋਹਿਤ ਬਨਵੈਤ, ਆਕੁੰਸ਼ ਗੁਪਤਾ ਅਤੇ ਸਚਿਨ ਗੁਪਤਾ ਹਨ। ਇਸ ਫ਼ਿਲਮ ਬਾਰੇ ਹੋਰ ਗੱਲ ਕਰਦਿਆ ਦੱਸਿਆ ਕਿ ਇਹ ਫ਼ਿਲਮ ਸਾਡੇ ਪਰਿਵਾਰਕ ਰਿਸ਼ਤਿਆਂ ਦੀ ਤਰਜ਼ਮਾਨੀ ਕਰਦੀ ਕਾਮੇਡੀ ਭਰਪੂਰ ਡਰਾਮਾ ਫ਼ਿਲਮ ਹੈ ਜੋ ਮਨੋਰੰਜਨ ਦੇ ਨਾਲ ਨਾਲ ਵੱਡੀ ਨਸੀਹਤ ਵੀ ਦੇਵੇਗੀ ਕਿ ਧੀਆਂ ਦੇ ਮਾਪਿਆਂ ਨੂੰ ਕਦੇ ਵੀ ਧੀ ਦੇ ਸਹੁਰੇ ਪਰਿਵਾਰ ਦੀ ਜ਼ਿੰਦਗੀ ਵਿੱਚ ਦਖ਼ਲ ਨਹੀਂ ਦੇਣਾ ਚਾਹੀਦਾ। ਫ਼ਿਲਮ ਵਿੱਚ ਹਾਲਾਤ ਮੁਤਾਬਕ ਬਦਲਦੇ ਜਾ ਰਹੇ ਰਿਸ਼ਤਿਆਂ ਦੀ ਵੀ ਗੱਲ ਕੀਤੀ ਗਈ ਹੈ।

ਇਸ ਫ਼ਿਲਮ ਦੀ ਕਹਾਣੀ ਸਦੀਆਂ ਤੋਂ ਤੁਰੇ ਆ ਰਹੇ ਨੂੰਹ ਸੱਸ ਦੇ ਰਿਸ਼ਤੇ ਤੇ ਤਿੱਖਾ ਵਿਅੰਗ ਹੈ ਜੋ ਦਰਸ਼ਕਾਂ ਨੂੰ ਹਸਾ ਹਸਾ ਕੇ ਲੋਟ ਪੋਟ ਕਰੇਗਾ। ਇਹ ਫ਼ਿਲਮ ਕਾਮੇਡੀ ਦੇ ਇਲਾਵਾ ਸਮਾਜਿਕ ਜਾਗਰੁਕਤਾ ਵੀ ਦਿੰਦੀ ਹੈ। ਇਸ ਫ਼ਿਲਮ ਦਾ ਟਰੇਲਰ ਅਤੇ ਮਿਉਜਿਕ ਸੋਸ਼ਲ ਮੀਡੀਆ ‘ਤੇ ਛਾਇਆ ਹੋਇਆ ਹੈ। ਫ਼ਿਲਮ ਦਾ ਟਾਈਟਲ ਬਾਲੀਵੁੱਡ ਦੀ ਨਾਮੀਂ ਗਾਇਕਾ ਸੁਨਿਧੀ ਚੌਹਾਨ ਨੇ ਗਾਇਆ ਹੈ। ਫ਼ਿਲਮ ਦੇ ਬਾਕੀ ਗੀਤ ਮਹਿਤਾਬ ਵਿਰਕ, ਜ਼ੋਰਡਨ ਸੰਧੂ ਤੇ ਰਜਾ ਹੀਰ ਨੇ ਗਾਏ ਹਨ ਜ਼ਿਹਨਾਂ ਨੂੰ ਧਰਮਵੀਰ ਭੰਗੂ ਅਤੇ ਗੁਰਬਿੰਦਰ ਮਾਨ ਨੇ ਲਿਖਆ ਹੈ। ਸੰਗੀਤ ਗੁਰਮੀਤ ਸਿੰਘ, ਆਰ ਸ਼ਾਨ, ਜੱਸੀ ਐਕਸ ਤੇ ਮਿਸਟਰ ਵਾਓ ਨੇ ਦਿੱਤਾ ਹੈ।


## ਕੈਲਗਰੀ ਵਿੱਚ ਸਰ੍ਹੋਂ ਦੇ ਖੇਤਾਂ ਵਿੱਚ ਕੰਮ ਕਰਨ ਵਾਲੇ ਵਰਕਰਾਂ ਦੀ ਲੋੜ ਹੈ



ਸੱਤੇ ਦਿਨ 13 ਘੰਟੇ ਕੰਮ ਹੋਵੇਗਾ।
ਤਨਖਾਹ ਘੰਟਿਆਂ ਦੇ ਹਿਸਾਬ ਨਾਲ ਕੰਮ ਦਾ ਸੀਜ਼ਨ ਖਤਮ ਹੋਣ ਉਪਰੰਤ ਸਟੈਂਪਾਂ ਵੀ ਮਿਲਣਗੀਆਂ।
ਰਹਿਣ ਅਤੇ ਖਾਣ ਦਾ ਪੂਰਾ ਪ੍ਰਬੰਧ ਹੈ।
ਕੈਮਲੂਪਸ ਏਰੀਆ ਵਿੱਚ ਜਿਨਸਿੰਗ ਦਾ ਕੰਮ ਦਸੰਬਰ ਮਹੀਨੇ ਤੱਕ ਚੱਲੇਗਾ।
ਕਾਲ ਕਰੋ:
1 250 319 7263


## facebook ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

ਇਹ ਮੇਰਾ ਹਾਸਿਲ ਹੈ ਕਿ ਇਹਨਾਂ ਕਲਾਕਾਰਾਂ ਦੀ ਸੰਗਤ ਚ ਖੁੱਲ ਕੇ ਸਾਹ ਲੈ ਰਿਹਾ ਹਾਂ।

ਤਕਰੀਬਨ 10 ਵਰੇ ਹੋ ਗਏ ਮੈਨੂੰ ਸੰਗੀਤਕ ਖੇਤਰ ਚ ਨਿਰਦੇਸ਼ਕ ਦੇ ਤੌਰ 'ਤੇ ਕੰਮ ਕਰਦਿਆਂ, ਮੈਂ ਬਾਹਲੇ ਪੈਸੇ ਨਹੀ ਕਮਾਏ ਜਾਂ ਕਹਿ ਲਵੋ ਕਮਾਉਣੇ ਨਹੀ ਆਏ ਜਾਂ ਕਹਿ ਲਵੋ ਕਿਸੇ ਨੇ ਖੁੱਲਕੇ ਕੰਮ ਕਰਨ ਲਈ ਪੈਸੇ ਦਿੱਤੇ ਹੀ ਨਹੀ। ਪਰ ਜੋ ਮੈਂ ਖੱਟਿਆ ਸੰਗੀਤਕ ਖੇਤਰ ਚ ਉਹ ਹਰ ਇੱਕ ਦੇ ਹਿੱਸੇ ਨਹੀ ਆਇਆ। ਮੇਰੇ ਹਿੱਸੇ ਓਹ ਸੱਜਣ ਆਏ ਨੇ ਜੋ ਮੈਨੂੰ ਮਣਾ ਮੂੰਹੀ ਮੁਹੱਬਤ ਨਾਲ ਨਿਵਾਜਦੇ ਨੇ ਮੇਰੇ ਦੁੱਖ ਸੁੱਖਦੇ ਪ੍ਰਛਾਵੇਂ ਵਾਂਗਰਾਂ ਨਾਲ ਮੇਰੇ ਨਾਲ ਖੜਦੇ ਆ। ਬਾਬਾ ਬੋਹੜ ਗੀਤਕਾਰ ਮਾਨ ਮਰਾੜਾਂ ਵਾਲਾ ਮੈਨੂੰ 'ਵਾਜ ਮਾਰ ਲੈਂਦਾ ਤਾਂ ਮੈ ਨੰਗੇ ਪੈਰੀਂ ਭੱਜਿਆ ਜਾਂਦਾ ਹਾਂ ਓਹ ਲੰਘਦਾ ਕਰਦਾ ਲਿੱਦੜਾਂ ਆ ਜਾਂਦਾ ਹੈ। ਇਹ ਵੀ ਕਿੱਡਾ ਇਤਫਾਕ ਰਿਹਾ ਕਿ ਮੇਰਾ ਬਾਪੂ ਸ: ਪਰਗਟ ਸਿੰਘ ਲਿੱਦੜਾਂ ਵਾਲਾ ਤੇ ਮਾਨ ਮਰਾੜਾਂ ਵਾਲਾ ਦੋਵੇਂ ਪੰਜਾਬੀ ਗੀਤਕਾਰ ਹੁੰਦਿਆਂ ਵੀ ਆਪਸ ਚ ਕਦੇ ਮਿਲ ਨਾ ਸਕੇ। ਮੈਨੂੰ ਏਦਾਂ ਲੱਗਦਾ ਕਿ ਜਿਵੇਂ ਮੇਰਾ ਬਾਪੂ ਮਰਾੜਾਂ ਵਾਲੇ ਨਾਲ ਜੋ ਆਪਣੇ ਹਿੱਸੇ ਦੀਆਂ ਮਿਲਣੀਆਂ ਸੀ ਸਿਰਫ ਮੇਰੇ ਲਈ ਹੀ ਰਾਖਵੀਆਂ ਛੱਡ ਗਿਆ ਹੋਵੇ। ਮਾਨ ਸਾਹਬ ਨਾਲ ਕਲਾਕਾਰ ਬੈਠਣ ਨੂੰ ਤਰਸਦੇ ਹਨ ਅਤੇ ਮੇਰੇ ਚੰਗੇ ਭਾਗ ਕਿ ਮਾਨ ਸਾਹਬ ਨਾਲ ਮੇਰੀਆਂ ਅਨੇਕਾਂ ਯਾਦਗਾਰ ਮਿਲਣੀਆਂ ਮੇਰੀ ਜ਼ਿੰਦਗੀ ਦਾ ਹਿੱਸਾ ਹਨ।



ਮਾਨਸਾ ਆਲਾ ਅਸ਼ੋਕ ਬਾਂਸਲ ਸੰਗੀਤਕ ਖੇਤਰ ਦਾ ਵਿਕੀਪੀਡੀਆ ਹੈ। ਉਹਦੇ ਹਿੱਸੇ ਵੱਡੀਆਂ ਪ੍ਰਾਪਤੀਆਂ ਹਨ । ਇਹ ਵੀ ਸੱਚ ਐ ਕਿ ਮਾਨਸੇ ਦੇ ਵਪਾਰੀ ਲਾਲਿਆਂ ਨੂੰ ਪਤਾ ਨਹੀ ਕਿ ਬਾਂਸਲ ਕਿੱਡਾ ਵੱਡਾ ਬੰਦਾ ਐ, ਪਰ ਸੰਗੀਤਕ ਖੇਤਰ ਦੇ ਕਲਾਕਾਰਾਂ ਨੂੰ ਪਤਾ ਕਿ ਬਾਂਸਲ ਕਿੱਡਾ ਬੰਦਾ ਐ। ਜਦ ਓਹ ਮੁਹਾਲੀ ਆਕੇ ਕਹਿੰਦਾ ਹੈ ਕਿ ਸਟਾਲਿਨ ਮੈਂ ਤੇਰੇ ਕੋਲ ਰੁਕਣਾ ਹੈ ਤਾਂ ਮੇਰਾ ਘਰ ਮਹਿਕਣ ਲੱਗ ਜਾਂਦਾ ਹੈ।

ਧਰਮਵੀਰ ਥਾਂਦੀ ਅਮਰੀਕਾ ਰਹਿੰਦਾ ਪਿਆਰਾ ਇਨਸਾਨ ਹੈ ਪਿਆਰਾ ਕਲਾਕਾਰ ਹੈ। ਓਹ ਦੇਬੀ , ਮੰਗਲ ਹਠੂਰ , ਜਸਵੀਰ ਗੁਣਾਚੌਰੀਆ ਜਿਹੇ ਲੀਜੈਂਡਰੀ ਲਿਖਾਰੀਆਂ ਦਾ ਚਹੇਤਾ ਹੈ । ਤੇ ਇਹ ਕਿੰਨੀ ਖ਼ੂਬਸੂਰਤ ਗੱਲ ਹੈ ਕਿ ਥਾਂਦੀ ਦਾ ਮੈਂ ਚਹੇਤਾ ਹਾਂ।

ਬੀਤੇ ਦਿਨੀ ਇੱਕ ਸ਼ਾਮ ਇਹਨਾਂ ਤਿੰਨਾਂ ਕਲਾਕਾਰਾਂ ਦੇ ਨਾਮ ਹੋ ਗੁਜਰੀ, ਬਸ ਇਹੋ ਮੇਰੀ ਕਮਾਈ ਨੇ, ਪੈਸੇ ਤੇ ਸ਼ੌਹਰਤ ਦਾ ਕੀ ਆ ਇਹ ਤਾਂ ਆਉਂਦੀ ਜਾਂਦੀ ਰਹਿੰਦੀ ਐ। ਇਹ ਮੇਰਾ ਹਾਸਿਲ ਹੈ ਕਿ ਇਹਨਾਂ ਕਲਾਕਾਰਾਂ ਦੀ ਸੰਗਤ ਚ ਖੁੱਲ ਕੇ ਸਾਹ ਲੈ ਰਿਹਾ ਹਾਂ।

(ਸਟਾਲਿਨਵੀਰ ਦੀ ਫੇਸਬੁੱਕ ਵਾਲ ਉੱਪਰੋਂ ਕੱਚੀ ਕੰਧ ਦੇ ਲਿਓੜ ਵਾਂਗ ਆਪ ਮੁਹਾਰੇ ਈ ਡਿੱਗੀ ਇਹ ਪੋਸਟ ਪੰਜਾਬੀ ਅਖ਼ਬਾਰ ਪਾਠਕਾਂ ਲਈ )

# ਕਾਗਜ਼ੀ ਵਿਚੋਲਪੁਣਾ

## ਲੜਕੀ ਦੀ ਲੋੜ

ਰਾਮਗੜੀਆ ਪਰਿਵਾਰ ਦੇ ਸੋਹਣੇ ਸੁਨੱਖੇ ਵਰਕ ਪਰਮਿਟ ਉੱਪਰ ਕਨੇਡਾ ਰਹਿੰਦੇ ਲੜਕੇ ਉਮਰ 27 ਸਾਲ, ਕੱਦ 5 ਫੁੱਟ 7 ਇੰਚ, ਆਟੋਮੋਬਾਈਲ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੀ ਰਿਸ਼ਤੇ ਦੀ ਲੋੜ ਹੈ । ਸਟੂਡੈਂਟ ਵੀਜ਼ੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕਾ ਆਪਣੇ ਮਾਪਿਆਂ ਕੋਲ ਐਡਮਿੰਟਨ ਵਿਖੇ ਰਹਿੰਦਾ ਅਤੇ ਕੰਮ ਕਰਦਾ ਹੈ । ਕੋਈ ਜਾਤੀ ਬੰਧਨ ਨਹੀਂ ਹੈ। ਸੰਪਰਕ ਵਟਸਐਪ: 9876783675 ਜਾਂ 587 568 9846 **199**

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਸਰਮਾ ਪਰਿਵਾਰ ਦੇ ਲੜਕੇ, ਉਮਰ 30 ਸਾਲ, ਕੱਦ 5 ਫੁੱਟ 10 ਇੰਚ, ਲਈ ਸੋਹਣੀ ਸੁਨੁੱਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 1 204 951 2853 ***195***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ, ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 31 ਸਾਲ, ਕੱਦ 5 ਫੁੱਟ 11 ਇੰਚ,,ਉੱਚ ਤਕਨੀਕੀ ਯੋਗਤਾ ਕਨੇਡਾ ਤੋਂ ਹੀ ਪਰਾਪਤ, ਵੈਲ ਸੈਟਲਡ ਲਈ ਕਨੇਡਾ ਤੋਂ ਹੀ ਹਾਣ ਪ੍ਰਵਾਣ ਦੀ ਪਰਿਵਾਰਕ ਕਦਰਾਂ ਕੀਮਤਾਂ ਵਾਲੀ, ਪੜ੍ਹੀ ਲਿਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕਾਲ: 403 399 3205 ***199***

## ਲੜਕੀ ਦੀ ਲੋੜ

ਸਿੱਧੂ ਪਰਿਵਾਰ ਦੇ ਸੋਹਣੇ ਸੁਨੱਖੇ ਵਰਕ ਪਰਮਿਟ ਉੱਪਰ ਕਨੇਡਾ ਆਏ ਲੜਕੇ, ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਹੌਸਪਿਟਲਟੀ ਮੈਨੇਜਮੈਂਟ ਡਿਪਲੋਮਾਂ ਹੋਲਡਰ ਲਈ ਕਨੇਡਾ ਤੋਂ ਹੀ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਨੇ ਫੈਡਰਲ ਇੰਮੀਗ੍ਰੇਸ਼ਨ ਫਾਈਲ ਸਬਮਿਟ ਕੀਤੀ ਹੋਈ ਹੈ। ਸਟੂਡੈਂਟ ਵੀਜ਼ਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ ।ਸੰਪਰਕ: 1 825 735 0059 ***199***

## ਲੜਕੇ ਦੀ ਲੋੜ

Jatt Sikh parents seeking suitable match for their daughter Indian born, Canadian citizen, 35 years old, 5' 1" feet, B.TECH, working in a highly reputed Telecom company on a technical position. Boy should be well educated of decent values and belong to a good family. Cell No./WhatsApp +1 825-365-3677 ***199***

## ਲੜਕੀ ਦੀ ਲੋੜ

Respectable well educated simple Sikh Saini family seeking a suitable match for their beautiful daughter birth 89,5'5"tall,Canadian citizen, bachelor with honours from university of Calgary and well settled in Calgary. The boy should be Canadian/ US citizen ,professionally well educated,clean shaven, good looking tall handsome with modern values. Please contact with recent picture and bio data of the boy to raminder5@hotmail.com or call 403 400 7413. ***199***

## ਲੜਕੀ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੇ ਚੰਗੀ ਜਾਇਦਾਦ ਦੇ ਮਾਲਕ ਸੋਹਣੇ ਸੁਨੱਖੇ ਲੜਕੇ ਜਨਮ 1996,ਕੱਦ 5 ਫੁੱਟ 9 ਇੰਚ,ਵਿਦਿਅਕ ਯੋਗਤਾ ਬੀ ਐਸ ਸੀ ਨਯੁਟੀਕਲ ਸਾਇੰਸ,ਮਰਚੈਂਟ ਨੇਵੀ ਵਿੱਚ ਅਫਸਰ ਰੈਂਕ ਲਈ ਹਾਣ ਪ੍ਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 604 781 1959 ਈ ਮੇਲ: jasvirsidhu1988 @gmail.com ***198**

## ਲੜਕੀਆਂ ਦੀ ਲੋੜ

ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਗਰੈਜੂਏਟ ਵੈੱਲ ਸੈਟਲਡ ਸਕੇ ਭਰਾ, ਇੱਕ ਕਨੇਡੀਅਨ ਪੀ ਆਰ ਉਮਰ 29 ਸਾਲ ਕੱਦ 5 ਫੁੱਟ 8 ਇੰਚ ,ਅਤੇ ਦੂਸਰੇ ਉਮਰ 31 ਸਾਲ ਕੱਦ 6 ਫੁੱਟ ਵਿਜਟਿਰ ਵੀਜੇ ਉੱਪਰ ਆਏ ,ਇਹਨਾਂ ਦੋਵੇਂ ਲੜਕਿਆਂ ਲਈ 2 ਪੜੀਆਂ ਲਿਖੀਆਂ ਹੋਣਹਾਰ ਲੜਕੀਆਂ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 1 204 951 6503 ਜਾਂ 1 431 374 4686 ***198**

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਬਾਠ ਪਰਿਵਾਰ ਦੇ ਲੜਕੇ ਉਮਰ 32 ਸਾਲ ਕੱਦ 6 ਫੁੱਟ 1 ਇੰਚ, ਵਿਦਿਅਕ ਯੋਗਤਾ ਆਈ ਟੀ ਆਈ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ । ਵਰਕ ਪਰਮਿਟ ਜਾਂ ਸਟੂਡੈਂਟ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ । ਸੰਪਰਕ: 780 803 4575 ਜਾਂ 587 532 9019 ***198**

## ਲੜਕੇ ਦੀ ਲੋੜ

Jatt sikh family seek a suitable match for their 5ft. 8 inch tall 28 years old daughter, Engineering Graduate from Canadian University and working with a reputed company. The Boy should be born or raised in Canada and well settled professional. Please send your recent pictures and bio-data to acheema8811@ gmail.com Or call 1 403 828 7973 ***198***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਸਿੱਧੂ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ, ਜਨਮ 1996, ਕੱਦ 5 ਫੁੱਟ 2 ਇੰਚ, ਹਸਪਤਾਲ ਵਿੱਚ ਫੁੱਲ ਟਾਈਮ ਮੈਡੀਕਲ ਅਸਿੱਸਟੈਂਟ ਦੀ ਜੌਬ ਕਰਦੀ, ਵਿਦਿਅਕ ਯੋਗਤਾ :ਆਈਲੈਟਸ ਸਾਢੇ ਛੇ ਬੈਂਡ, ਮੈਡੀਕਲ ਆਫਿਸ ਅਸਿੱਸਟੈਂਟ ਡਿਪਲੋਮਾਂ ਹੋਲਡਰ ਲਈ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਲੜਕੀ ਦੇ ਨਾਨਕੇ ਦਾਦਕੇ ਸਭ ਕਨੇਡਾ ਹੀ ਸੈਟਲ ਹਨ। ਮਾਲਵਾ ਇਲਾਕੇ ਨੂੰ ਪਹਿਲ । ਸੰਪਰਕ: 1 204 952 2504 ***198***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਪਰਿਵਾਰ ਦੀ ਤਲਾਕਸੁਦਾ ਲੜਕੀ ਉਮਰ 31 ਸਾਲ, ਕੱਦ 5 ਫੁੱਟ 3 ਇੰਚ,ਵਿਦਿਅਕ ਯੋਗਤਾ ਪਲੱਸ ਟੂ ਵਾਸਤੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ।ਲੜਕਾ ਸਿਰਫ ਦੁਆਬਾ ਖੇਤਰ ਨਾਲ ਸਬੰਧਿਤ ਹੋਵੇ । ਸੰਪਰਕ:403 998 8473***203***

## ਲੜਕੇ ਦੀ ਲੋੜ

ਕਨੇਡੀਅਨ ਜੱਟ ਸਿੱਖ ਲੜਕੀ 1991/ ਕੱਦ 5 ਫੁੱਟ 2 ਇੰਚ, ਚੰਗੀ ਵਿਦਿਆ ਪ੍ਰਾਪਤ ਕਰਨ ਉਪਰੰਤ ਕੈਨੇਡਾ ਵਿੱਚ ਹੈਲਥ ਕੇਅਰ ਲੀਡਰਸਿੱਪ ਦੀ ਜੌਬ ਕਰਦੀ ਲੜਕੀ ਲਈ ਯੋਗ ਵਰ ਦੀ ਲੋੜ ਹੈ। ਵਟਸਐਪ ਵੀ ਕਰ ਸਕਦੇ ਹੋ। ਸੰਪਰਕ: 1 204 894 0793

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਸਰਦਾਰੀ ਦਿੱਖ ਵਾਲੇ ਵੈੱਲ ਸੈਟਲਡ ਲੜਕੇ ਉਮਰ 30 ਸਾਲ, ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਿਰਫ ਕਨੇਡਾ ਰਹਿਣ ਵਾਲਿਆਂ ਨੂੰ ਹੀ ਪਹਿਲ। ਵਿਜਟਰ ਜਾਂ ਸਟੂਡੈਂਟ ਵੀਜੇ ਵਾਲੀਆਂ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਸਾਰਾ ਕਨੇਡਾ ਹੀ ਸੈਟਲਡ ਹੈ । ਸੰਪਰਕ: 403 614 2094 ਜਾਂ 403 971 6430 ***195***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਰਾਮਗੜੀਆ ਵੈਲ ਸੈਟਲਡ ਸਿੱਖ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ ਜਨਮ 1993/ਕੱਦ 5 ਫੁੱਟ 6 ਇੰਚ,ਵਿਦਿਅਕ ਯੋਗਤਾ ਯੁਨੀਵਰਿਸਟੀ ਆਫ ਕੈਲਗਰੀ ਤੋਂ ਬੀ ਐਸ ਐਨ ਆਰ ਐਨ,ਦੀ ਡਿਗਰੀ ਹੋਲਡਰ ਲਈ ਕਨੇਡਾ ਤੋਂ ਹੀ ਹਾਣ ਪਰਵਾਣ ਦੇ ਚੰਗੇ ਪੜੇ ਲਿਖੇ ਰਾਮਗੜੀਆ ਪਰਿਵਾਰ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 403 402 9508 ***194***

## ਲੜਕੀ ਦੀ ਲੋੜ

ਪੰਜਾਬ ਰਹਿੰਦੇ ਚੰਗੇ ਪੜੇ ਲਿਖੇ ਰਵੀਦਾਸੀਆ ਸਿੱਖ (ਮੋਹਲ) ਪਰਿਵਾਰ ਦੇ ਲੜਕੇ ਜਨਮ 1994/ ਕੱਦ 5 ਫੁੱਟ 9 ਇੰਚ, ਰੰਗ ਕਣਕਵੰਨਾ,ਵਿਦਿਅਕ ਯੋਗਤਾ : ਬੀ ਏ ਐਲ ਐਲ ਬੀ,ਲਈ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਪਿਤਾ ਏਡੀਸੀ ਵਿਕਾਸ ਦੇ ਦਫਤਰੋਂ ਸੁਪਰਡੈਂਟ ਰਿਟਾਇਰ ਹੋਇਆ ਹੈ ਅਤੇ ਮਾਤਾ ਮੌਜਦਾ ਸਮੇ ਪੰਚਾਇਤ ਅਫਸਰ ਲੱਗੀ ਹੋਈ ਹੈ। ਲੜਕਾ ਇਸ ਵੇਲੇ ਆਪਣੀ ਪ੍ਰੈਕਟਿਸ ਕਰ ਰਿਹਾ ਹੈ । ਪੂਰਾ ਪਰਿਵਾਰ,ਸਮਾਜ ਸੇਵੀ,ਅਗਾਂਹਵਧੂ ਕਦਰਾ ਕੀਮਤਾਂ ਦਾ ਧਾਰਨੀ ਹੈ। ਪਿਛਲੇ 40 ਸਾਲਾਂ ਤੋਂ ਪਰਿਵਾਰ ਅੰਦਰ ਦਾਜ ਬੰਦ ਹੈ। ਸੰਪਰਕ: 0091 80541 16006 ***202***

## ਲੜਕੀ ਦੀ ਲੋੜ

ਜੱਟ ਸਿੱਖ ਔਜਲਾ ਪਰਿਵਾਰ ਦੇ ਵਿਜਟਿਰ ਵੀਜੇ ਉੱਪਰ ਆਏ ਲੜਕੇ ਜਨਮ 1995,ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਮਕੈਨੀਕਲ ਇੰਜਨੀਅਰ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸਟੂਡੈਂਟ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 431 277 5720 ***194***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਸੰਧੂ ਪਰਿਵਾਰ ਦੇ ਲੜਕੇ ਉਮਰ 36 ਸਾਲ, ਕੱਦ 5 ਫੁੱਟ 10 ਇੰਚ, ਈ ਟੀ ਐਸ ਡਰਾਈਵਰ ,ਸੈਲਰੀ 90,000 ਕਨੇਡੀਅਨ ਡਾਲਰ ਕਮਾਉਂਦੇ ਲੜਕੇ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 780 975 4410 ***193***

## ਲੜਕੇ- ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਚੀਮਾਂ ਪਰਿਵਾਰ ਦੇ ਲੜਕੇ, ਜਨਮ 1990, ਵਧੀਆ ਕੰਮਕਾਰ,ਪਰਿਵਾਰ ਕਨੇਡਾ ਸੈਟਲ ਹੈ । ਇਸੇ ਹੀ ਪਰਿਵਾਰ ਦੀ ਪੰਜਾਬ ਰਹਿੰਦੀ ਲੜਕੀ ਉਮਰ 33 ਸਾਲ , ਵਿਦਿਅਕ ਯੋਗਤਾ ਬੀ ਏ , ਕੱਦ 5 ਫੁੱਟ 6 ਇੰਚ ਲਈ ਲਈ ਰਿਸ਼ਤਿਆਂ ਦੀ ਲੋੜ ਹੈ । ਸੰਪਰਕ: 587 433 0213 ਜਾਂ 587 581 1313 ***193***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਗਰਚਾ ਪਰਿਵਾਰ ਦੇ ਲੜਕੇ ਜਿਸ ਕੋਲ ਆਪਣਾ ਖੁਦ ਦਾ ਘਰ ਹੈ, ਉਮਰ 32 ਸਾਲ,ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਇਲੈਕਟਰੀਸਨ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ । ਲੜਕੇ ਦਾ ਆਪਣਾ ਬਿਜਨਿਸ ਹੈ। ਵਿਜਟਰ ਜਾਂ ਵਰਕ ਪਰਮਿਟ ਉੱਪਰ ਲੜਕੀ ਵੀ ਸੰਪਰਕ ਕਰ ਸਕਦੀ ਹੈ । ਲੜਕੀ ਦੀ ਉਮਰ 25 ਸਾਲ ਤੋਂ ਉਪਰ ਹੋਵੇ। ਸੰਪਰਕ: 403 615 0583 ***199***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਸਿੰਘ ਪਰਿਵਾਰ ਦੇ ਤਲਾਕ ਸੁ਼ਦਾ, ਆਪਣਾ ਟਰਾਂਸਪੋਰਟ ਦਾ ਬਿਜਨਿਸ ਕਰਦੇ ਲੜਕੇ ਉਮਰ 38 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ ਬੀ ਐਸ ਸੀ ਡਿਗਰੀ ਹੋਲਡਰ ਲਈ ਗੁਰਸਿੱਖ ਵਿਚਾਰਾਂ ਵਾਲੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਵਿਧਵਧ ਜਾਂ ਸਿੰਗਲ ਜਾਂ ਡਿਵੋਰਸ ਉਮਰ 31 ਸਾਲ ਤੋਂ 36 ਸਾਲ ਦੇ ਲੱਗਭੱਗ ਹੋਵੇ । ਇਸ ਫੋਨ 306 514 7590 ਜਾਂ ਈ ਮੇਲ rockygs17@gmail.com ਉੱਪਰ ਸੰਪਰਕ ਕਰ ਸਕਦੇ ਹੋ । ***192***

## ਲੜਕੀ ਦੀ ਲੋੜ

ਇੰਡੀਆ ਰਹਿੰਦੇ ਮੰਡਾਹਰ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 26 ਸਾਲ, ਕੱਦ 6 ਫੁੱਟ 1 ਇੰਚ, ਵਿਦਿਅਕ ਯੋਗਤਾ ਬੀ ਬੀ ਏ,ਆਪਣਾ ਖੁਦ ਦਾ ਬਿਜਨਿਸ ਚਲਾ ਰਹੇ ਲਈ,ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ, ਵਿਜਟਿਰ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਵੱਡਾ ਭਰਾ ਕਨੇਡਾ ਪੱਕੇ ਤੌਰ ਤੇ ਸੈਟਲ ਹੈ ਜੋ ਵਿਆਹ ਉਪਰੰਤ ਲੜਕੇ ਨੂੰ ਸੈਟਲ ਹੋਣ ਲਈ ਮੱਦਦ ਵੀ ਕਰ ਸਕਦਾ ਹੈ। ਕਾਲ: 403 681 7586 ***190***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਸਾਧੜਾ ਪਰਿਵਾਰ ਦੇ ਕਲੀਨ ਸੇਵ, ਤਲਾਕ ਸੁਦਾ, ਲੜਕੇ ਉਮਰ 46 ਸਾਲ ,ਕੱਦ 5 ਫੁੱਟ 7 ਇੰਚ ,ਵਿਦਿਅਕ ਯੋਗਤਾ ਬੀ ਏ ,ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਕੋਲ ਇੰਗਲੈਂਡ ਦੀ ਸਿਟੀਜਨਸਿੱਪ ਵੀ ਹੈ ਅਤੇ ਹੁਣ ਕਨੇਡਾ ਵਿੱਚ ਟਰੱਕਿੰਗ ਇੰਡਸਟਰੀ ਵਿੱਚ ਨੌਕਰੀ ਕਰਦਾ ਹੈ। ਬਿਨਾ ਬੱਚੇ ਤੋਂ ਵਰਕ ਪਰਮਿਟ ਜਾਂ ਵਿਜਟਿਰ ਵੀਜੇ ਉੱਪਰ ਕਨੇਡਾ ਰਹਿੰਦੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਸੰਪਰਕ: 1 306 881 1650 ***192***

## ਲੜਕੀ ਦੀ ਲੋੜ

ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਵਿਜੀਟਰ ਵੀਜੇ ਉੱਪਰ ਕਨੇਡਾ ਆਏ ਲੜਕੇ ਉਮਰ 31 ਸਾਲ, ਕੱਦ 6 ਫੁੱਟ ਲਈ ਹਾਣ-ਪਰਵਾਣ ਦੀ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਵਿੱਚ ਵੈੱਲ ਸੈੱਟਲਡ ਹੈ । ਲੜਕਾ ਇੰਡੀਆ ਵਿੱਚ ਸਰਕਾਰੀ ਨੌਕਰੀ ਕਰਦਾ ਹੋਇਆ ਆਇਆ ਹੈ। ਸੰਪਰਕ-: +1 204-951-6503,+1 431-374-4686 ***191***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਰਾਮਗੜੀਆ ਸਿੱਖ ਪਰਿਵਾਰ ਦੇ ਲੜਕੇ ਉਮਰ 32 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ : Masters in food science ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਕਨੇਡਾ ਵਿੱਚ ਹੀ ਰਹਿੰਦੀ ਲੜਕੀ ਨੂੰ ਪਹਿਲ । ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਸੰਪਰਕ: 403 404 0022, 403 470 4136***191***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਗਿੱਲ ਪਰਿਵਾਰ ਦੀ ਤਲਾਕ ਸੁ਼ਦਾ ਲੜਕੀ ਉਮਰ 37 ਸਾਲ, ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ ਬੀ ਏ ,ਬਿਊਟੀਸ਼ਨ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਣ ਦੇ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕੋਲ 10 ਸਾਲ ਦਾ ਬੇਟਾ ਵੀ ਹੈ। ਤਲਾਕਸੁਦਾ ਬੱਚੇ ਵਾਲਾ ਵੈਲ ਸੈਟਲਡ ਲੜਕਾ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 1 (403) 606-4767 ***191***

## ਲੜਕੀ ਦੀ ਲੋੜ

ਸ਼ਰਮਾ ਪਰਿਵਾਰ ਦੇ ਇੰਡੀਆ ਰਹਿੰਦੇ ਪਿਊਰ ਵੈਜੀਟੇਰੀਅਨ ਮੰਗਲੀਕ ( 9 ਦਸੰਬਰ 1991) ਲੜਕੇ ਉਮਰ 30 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ ਗਰੈਜੂਏਟ,ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ । ਲੜਕੇ ਦੀ ਭੈਣ ਕਨੇਡਾ ਵਿਆਹੀ ਹੋਈ ਹੈ ਅਤੇ ਪੱਕੇ ਤੌਰ ਤੇ ਕਨੇਡਾ ਸੈਟਲ ਹੈ । ਸੰਪਰਕ: ਵਟਸਐਪ: 8725973226 ਜਾਂ 1 780 245 4555***191***

## ਲੜਕੀ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੇ ਕਨੇਡੀਅਨ ਪੀ ਆਰ ਲੜਕੇ ਉਮਰ 29 ਸਾਲ ,ਕੱਦ 5 ਫੁੱਟ 10 ਇੰਚ,ਆਟੋ ਮੋਬਾਈਲ ਇੰਜੀਨੀਅਰ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਇਸ ਵੇਲੇ ਆਟੋਮੋਬਾਇਲ ਟੈਕਨੀਸ਼ੀਅਨ ਦੀ ਜੌਬ ਕਰ ਰਿਹਾ ਹੈ । ਮਾਲਵਾ ਇਲਾਕੇ ਨੂੰ ਪਹਿਲ । ਵਟਸ ਐਪ ਸੰਪਰਕ : 306 515 3985***191***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੀ ਤਲਾਕ ਸੁਦਾ ਲੜਕੀ ਉਮਰ 38, ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ ਬੀ ਏ , ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਲੜਕੀ ਕੋਲ 4 ਸਾਲ ਦਾ ਬੇਟਾ ਹੈ। ਵਰਕ ਪਰਮਿਟ ,ਵਿਜਟਿਰ ਵੀਜੇ ਵਾਲੇ ਵੀ ਸੰਪਰਕ ਕਰ ਸਕਦੇ ਹਨ। ਕਨੇਡੀਅਨ ਪੀ ਆਰ ਜਾਂ ਸਿਟੀਜਨ ਤਲਾਕ ਸੁਦਾ ਲੜਕਾ ਜਿਹਨਾਂ ਦੇ ਭਾਵੇ ਕੋਈ ਬੱਚਾ ਵੀ ਹੋਵੇ ਉਹ ਵੀ ਸੰਪਰਕ ਕਰ ਸਕਦੇ ਹਨ। ਕਾਲ: 1 825 735 4706 ***191***

## ਲੜਕੀ ਦੀ ਲੋੜ

ਪੰਜਾਬ ਰਹਿੰਦੇ ਜੱਟ ਸਿੱਖ ਪਰਿਵਾਰ ਦੇ ਨਸ਼ਾ ਰਹਿਤ ਲੜਕੇ ਉਮਰ 35 ਸਾਲ ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਪਲੱਸ ਟੂ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀ ਭੈਣ ਕਨੇਡੀਅਨ ਪੀ ਆਰ ਹੈ। ਜਾਤਪਾਤ ਦਾ ਕੋਈ ਬੰਧਨ ਨਹੀਂ ਹੈ। ਤਲਾਕ ਸੁਦਾ ਵੀ ਸੰਪਰਕ ਕਰ ਸਕਦੇ ਹਨ। 1 825 735 4706***191***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਨਸ਼ਾ ਰਹਿਤ, ਜੱਟ ਸਿੱਖ ਪਰਿਵਾਰ ਦੇ ਲੜਕੇ (ਸਾਰਟ ਮੈਰਿਜ ਡਿਵੋਰਸ) ਉਮਰ 45 ਸਾਲ, ਕੱਦ 5 ਫੁੱਟ 7 ਇੰਚ ਵਿਦਿਅਕ ਯੋਗਤਾ ਪਲੱਸ 2, ਲਈ 35 ਤੋਂ 43 ਸਾਲ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ,ਵਿਜਟਿਰ ਵੀਜਾ, ਡਿਵੋਰਸ ਅਤੇ ਬੱਚੇ ਸਮੇਤ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 587 707 3254 ***191***

## ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਪਰਿਵਾਰ ਦੀ ਕਨੇਡਾ ਵਿਜਟਿਰ ਵੀਜੇ ਉੱਪਰ ਆਈ ਲੜਕੀ ਉਮਰ 33 ਸਾਲ ,ਵਿਦਿਅਕ ਯੋਗਤਾ ਐਮ ਏ ਪੋਲੀਟੀਕਲ ਸਾਇੰਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੌ ਲੋੜ ਹੈ । ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 587 917 5911 ਜਾਂ 403 702 2524 ***194***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਵੀਜੇ ਉੱਪਰ ਆਪਣਾ ਬਿਜਨਿਸ ਕਰ ਰਹੇ ਬਰਾੜ ਪਰਿਵਾਰ ਦੇ ਲੜਕੇ ,ਉਮਰ 30 ਸਾਲ,ਵਿਦਿਅਕ ਯੋਗਤਾ ਬੀ ਸੀ +ਐਮ ਸੀ ਏ ਡਿਗਰੀ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 587 917 5911 ਜਾਂ 403 702 2524 ***194***


"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨ੍ਹਾਵਾਂ ਛਪਵਾਉਣ ਲਈ ਸੰਪਰਕ ਕਰੋ ।

ਕੈਲਗਰੀ-403 640 2000

ਐਡਮਿੰਟਨ-780 599 2000 ਸੈਸਕਾਟੂਨ 639 999 1000

ਰੀਜ਼ਾਇਨਾ- 639 999 1000, ਵਿਨੀਪੈੱਗ- 431 733 3000


## ਕੈਲਗਰੀ ਦੀ ਨਾਮਵਰ ਕੰਪਨੀ ਨੂੰ ਘਰਾਂ ਦੇ ਕੰਮ ਲਈ ਵਰਕਰਾਂ ਦੀ ਸਖਤ ਲੋੜ ਹੈ ।

ਰੂਫਰ ਅਤੇ ਸਾਈਡਿੰਗ ਇੰਨਸਟਾਲਰ ਚਾਹੀਦੇ ਹਨ ।ਜੇਕਰ ਤਜਰਬਾ ਹੋਵੇ ਤਾਂ ਵਧੀਆ ਹੈ ਨਹੀਂ ਤਾਂ ਉਹ ਖੁਦ ਕੰਮ ਸਿਖਾ ਵੀ ਦੇਣਗੇ ।ਅੰਗਰੇਜੀ ਦੀ ਕੋਈ ਸਮੱਸਿਆ ਨਹੀਂ ਜ਼ਿਆਦਾ ਵਰਕਰ ਪੰਜਾਬੀ ਹੀ ਬੋਲਦੇ ਹਨ ਐਲ ਐਮ ਆਈ ਏ ਦਿਵਾਉਣ ਵਿੱਚ ਵੀ ਮੱਦਦ ਕਰ ਸਕਦੇ ਹਨ ।

**ਅੱਜ ਹੀ ਕਾਲ ਕਰੋ:**
**403 680 0436**

## ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ




ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

## Hiring

**Hair and face art salon islooking for hairdresser (NOC CODE 6341) Applicants should have minimum of 1-2 years of experience.**
**Number of Vacancies :2**
**Wage rate: 20/hour fulltime job**
**Interested candidates please send your resume at email: hairandfaceart994@gmail.com**

## Need Nanny

Looking for a nanny live in or live out 5 days a week (Mon - Fri) to cook, clean, and babysit 0-5 year old
baby girl.
Salary: $12-$15 Per Hour
Gurpreet Suman & Pradeep Kaur Sandhu
City: Regina, SK
Contact Number 306-621-0987

## ਲੜਕੇ ਦੀ ਲੋੜ

ਪੰਜਾਬ ਰਹਿ ਰਹੀ ਚੰਗੀ ਪੜੀ ਲਿਖੀ, ਯੂਨੀਵਰਸਿਟੀ ਵਿੱਚ ਜੌਬ ਕਰਦੀ ਲੜਕੀ ਉਮਰ 28 ਸਾਲ, ਵਿਦਿਅਕ ਯੋਗਤਾ ਐਮ ਏ ,ਬੀ ਐਡ, ਲਈ ਹਾਣ ਪਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੇ ਦੋਵੇਂ ਭਰਾ ਕਨੇਡਾ ਵੈਲ ਸੈਟਲਡ ਹਨ। ਵਰਕ ਪਰਮਿਟ ਵਾਲਾ ਲੜਕਾ ਵੀ ਸੰਪਰਕ ਕਰ ਸਕਦਾ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ । ਸੰਪਰਕ: 403 702 0424 ***199***

## Need Nanny

Looking for a nanny live in or live out 5 days a week (Mon - Fri) to cook, clean, and babysit 1.5 year old baby girl & 6 year old baby boy.
Salary: $12-$15
Gurbinder Sohal
City: Regina, SK
Contact Number 306-520-4313

## Hiring !

**Daffodils Cargologistics Inc. islooking for Class 1 Drivers forlong - HaulBest pay packages upto 58 cents per mile Applicants should have minimum of 7 - 12 months driving experience Please contact with your drivinglicense and commercialdriving abstract**
**Email: dclogistics4@gmail.com**
**Phone : 204-396-1696 , 204-891-0031**

## Name Change

I, Kamaljeet Singh Bassi,father of DILSHAAN, holder of Indian passport No.- **P3313874,** issued at CHANDIGARH on-26/08/2016, permanent resident of-Vill - Peeranwali, PO- Neoli Kalan, Hisar, PIN: 125004, Haryana , India and presently residing at -4213-B Albulet Drive, Regina, SK, S4W 0L7 CANADA Do hereby change the name of my son from Dilshaan-to -**Dilshaan Singh Bassi** with immediate effect.
Date: 10/04/2022 Phone: 306-727-3111

## Name change

I, HARLEEN KAUR D/O NIRVAIR SINGH, holder of Indian Passport No.# **Z2981373**, issued at JALANDHAR, on 26/05/2015, Permanent resident, , VILL: RAMGARH KULLIAN, PO & TEH: MUKERIAN, HOSHIARPUR, PIN: 144211, PUNJAB, INDIA and presently residing at 191 CORNERBROOK GATE NE Calgary (AB) T3N1L5 Canada, do hereby change my name from HARLEEN KAUR to **HARLEEN KAUR REEHAL** with immediate effect.
Date: 10 April 2022 Cont. 403 402 1156

## Name change

I, Hasrat, daughter of Paramjit Singh, holder of Indian Passport No. **L5060224**,issued at Chandigarh, on 08/11/2013, permanent resident of 1007,Phase-3, Model Town, Bathinda,PIN: 151001, Punjab, India, and presently residing at Unit 320-72 Cornerstone Manor N.E., Calgary, Alberta, T3N 1S4,Canada, do hereby change my name from Hasrat to **Hasrat Sandhu Sooch**, with immediate effect.
Date:18 April 2022 Cont.: 403-926-1006

# ਕਿਸਾਨ ਲੀਡਰ ਬਲਬੀਰ ਰਾਜੇਵਾਲ ਅਨਸਾਰ ਐਮ ਐਸ ਪੀ ਨੂੰ ਸਮਝਣ ਲਈ ਅਧਿਕਾਰੀਆਂ ਦੀ ਟੀਮ ਕੇਰਲਾ ਭੇਜਣੀ ਚਾਹੀਦੀ ਹੈ



ਚੰਡੀਗੜ੍ਹ (ਪੰਜਾਬੀ ਅਖ਼ਬਾਰ ਬਿਊਰੋ) ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਪ੍ਰਧਾਨ ਬਲਵੀਰ ਸਿੰਘ ਰਾਜੇਵਾਲ ਨੇ ਪੰਜਾਬ ਸਰਕਾਰ ਨੂੰ ਸੂਬੇ ਦੇ ਕਿਸਾਨਾਂ ਨੂੰ ਸਬਜ਼ੀਆਂ ਅਤੇ ਫਲਾਂ ’ਤੇ ਐੱਮਐੱਸਪੀ ਨਿਰਧਾਰਤ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਸਬਜ਼ੀਆਂ ਤੇ ਫਲਾਂ ਦੀ ਖਰੀਦ ਕਰ ਕੇ ਸਰਕਾਰੀ ਹਸਪਤਾਲਾਂ, ਥਾਣੇ, ਜੇਲ੍ਹਾਂ, ਮਿਡ ਡੇ ਮੀਲ ਅਤੇ ਹਰ ਸਰਕਾਰੀ ਕੰਟੀਨ ਨੂੰ ਸਪਲਾਈ ਕਰੇ। ਖ਼ਬਰਾਂ ਮੁਤਾਬਿਕ, ਰਾਜੇਵਾਲ ਨੇ ਕਿਹਾ ਕਿ ਸਰਕਾਰ ਨੂੰ ਇਸ ਪ੍ਰਕਿਰਿਆ ਨੂੰ ਸਮਝਣ ਲਈ ਅਧਿਕਾਰੀਆਂ ਦੀ ਟੀਮ ਕੇਰਲਾ ਭੇਜਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇਸ਼ ਲਈ ਸਭ ਤੋਂ ਵੱਧ ਅਨਾਜ ਅਤੇ ਖੁਰਾਕ ਪੈਦਾ ਕਰਦਾ ਹੈ, ਪਰ ਕੋਈ ਵੀ ਬੰਦਰਗਾਹ ਨੇੜੇ ਨਾ ਹੋਣ ਕਾਰਨ ਕੌਮਾਂਤਰੀ ਮੰਡੀ ਦਾ ਲਾਭ ਨਹੀਂ ਮਿਲਦਾ। ਉਨ੍ਹਾਂ ਕਿਹਾ ਕਿ ਇਸ ਵੇਲੇ ਦੁਨੀਆ ਵਿਚ ਕਣਕ ਦੀ ਬਹੁਤ ਵੱਡੀ ਘਾਟ ਹੈ। ਰਾਜੇਵਾਲ ਨੇ ਜਲਾਲਾਬਾਦ ਵਿਖੇ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਵੱਲੋਂ ਕਿਸਾਨਾਂ ਦੀ ਗ੍ਰਿਫ਼ਤਾਰੀ ਕਰਨ ਨੂੰ ਮੰਦਭਾਗਾ ਦੱਸਿਆ ਹੈ। ਉਨ੍ਹਾਂ ਕਿਹਾ ਕਿ ਸਹਿਕਾਰੀ ਵਿਭਾਗ ਦੇ ਕਰਮਚਾਰੀਆਂ ਨੂੰ ਡਿਫਾਲਟਰ ਕਿਸਾਨਾਂ ਤੋਂ ਵਸੂਲੀ ਕਰਨ ਸਮੇਂ ਧਾਰਾ 67 ਏ ਮਿਲੇ ਅਧਿਕਾਰ ਬਰਨਾਲਾ ਸਰਕਾਰ ਵੇਲੇ ਸਸਪੈਂਡ ਕਰ ਦਿੱਤੇ ਗਏ ਸਨ।

# ਮਹਿੰਦਰ ਸਾਥੀ ਯਾਦਗਾਰੀ ਮੰਚ ਵਲੋਂ ਉਮਰ ਭਰ ਦੀਆਂ ਸਾਹਿਤਕ ਪ੍ਰਾਪਤੀਆਂ ਲਈ ਕੇ ਐਲ ਗਰਗ ਦਾ ਸਨਮਾਨ




ਮੋਗਾ (ਪੰਜਾਬੀ ਅਖ਼ਬਾਰ ਬਿਊਰੋ) -ਮੋਗੇ ਦੀ ਪ੍ਰਸਿੱਧ ਸਾਹਿਤਕ ਸੰਸਥਾ ਮਹਿੰਦਰ ਸਾਥੀ ਯਾਦਗਾਰੀ ਮੰਚ ਵਲੋਂ ਪ੍ਰਸਿੱਧ ਵਿਅੰਗਕਾਰ, ਕਹਾਣੀਕਾਰ ਤੇ ਨਾਵਲਕਾਰ ਕੇ ਐਲ ਗਰਗ ਨੂੰ ਉਹਨਾਂ ਦੇ ਅੱਸੀਵੇਂ ਜਨਮ ਦਿਨ 'ਤੇ ਸਨਮਾਨਿਤ ਕੀਤਾ ਗਿਆ। ਕੇ ਐਲ ਗਰਗ ਨੂੰ ਇਹ ਸਨਮਾਨ ਉਹਨਾਂ ਦੀਆਂ ਉਮਰ ਭਰ ਦੀਆਂ ਸਾਹਿਤਕ ਪ੍ਰਾਪਤੀਆਂ ਬਦਲੇ ਮੰਚ ਦੇ ਮੁੱਖ ਸਲਾਹਕਾਰ ਅਮਰ ਸੂਫੀ ਦੀ ਅਗਵਾਈ ਵਿੱਚ ਲੇਖਕਾਂ ਨੇ ਕੇ ਐਲ ਗਰਗ ਦੇ ਘਰੇ ਜਾ ਕੇ ਪ੍ਰਦਾਨ ਕੀਤਾ।

ਪ੍ਰਸਿੱਧ ਸ਼ਾਇਰਾ ਬੇਅੰਤ ਕੌਰ ਗਿੱਲ ਨੇ ਕੇ ਐਲ ਗਰਗ ਬਾਰੇ ਲਿਖਿਆ ਸਨਮਾਨ ਪੱਤਰ ਪੜ੍ਹਿਆ। ਮੰਚ ਦੇ ਪ੍ਰਧਾਨ ਕਹਾਣੀਕਾਰ ਗੁਰਮੀਤ ਕੜਿਆਲਵੀ ਨੇ ਕੇ ਐਲ ਗਰਗ ਦੇ ਜੀਵਨ ਅਤੇ ਸਾਹਿਤਕ ਸਫਰ ਬਾਰੇ ਜਾਣਕਾਰੀ ਦਿੱਤੀ। ਉਹਨਾਂ ਦੱਸਿਆ ਕਿ ਕੇ ਐਲ ਗਰਗ ਨੇ ਹੁਣ ਤੱਕ 9 ਕਥਾ ਪੁਸਤਕਾਂ, 13 ਨਾਵਲ, 20 ਵਿਅੰਗ ਸਾਹਿਤ ਦੀਆਂ ਪੁਸਤਕਾਂ, ਦੋ ਸਫਰਨਾਮੇ ਅਤੇ 20 ਦੇ ਕਰੀਬ ਪੁਸਤਕਾਂ ਦੀ ਸੰਪਾਦਨਾ ਕੀਤੀ ਹੈ। ਇਸਤੋਂ ਇਲਾਵਾ 19 ਸੰਸਾਰ ਪ੍ਰਸਿੱਧ ਪੁਸਤਕਾਂ ਦਾ ਪੰਜਾਬੀ ਵਿਚ ਅਨੁਵਾਦ ਕਾਰਜ ਕਰਕੇ ਮੀਲ ਪੱਥਰ ਗੱਡਿਆ ਹੈ।

ਅਮਰ ਸੂਫੀ ਨੇ ਕੇ ਐਲ ਗਰਗ ਦੀਆਂ ਵਾਟ-69, ਲੁਕੇ ਹੋਏ ਬੰਦੇ, ਸ਼ਹੀਦ, ਮੋਹ ਭੰਗ ਆਦਿ ਸ਼ਾਹਕਾਰ ਕਹਾਣੀਆਂ ਅਤੇ ਦਰਅਸਲ, ਤਲਾਸ਼, ਤਮਾਸ਼ਾ, ਹਿੱਲਦੇ ਦੰਦ, ਧਾਰਾਂ ਵਾਲਾ ਪੁਲ ਵਰਗੇ ਚਰਚਿਤ ਨਾਵਲਾਂ ਬਾਰੇ ਵਿਚਾਰ ਸਾਂਝੇ ਕੀਤੇ। ਉਹਨਾਂ ਨੇ ਲੇਖਕ ਵਲੋਂ ਵਿਸ਼ਵ ਦੀਆਂ ਚਰਚਿਤ ਪੁਸਤਕਾਂ, ਸੁਨਹਿਰੀ ਟਾਹਣੀ, ਜਦੋਂ ਸ਼ੇਰ ਉੱਡਦਾ ਸੀ, ਆਹ ਕਿਊ ਦੀ ਸੱਚੀ ਕਹਾਣੀ, ਰਾਤ, ਦੁਰਘਟਨਾ, ਪਹੁ ਫੁਟਾਲਾ ਅਤੇ ਵਿਸਰੇ ਹੋਏ ਦਾ ਅਨੁਵਾਦ ਕਰਕੇ ਪੰਜਾਬੀ ਸਾਹਿਤ ਨੂੰ ਅਮੀਰ ਬਣਾਉਣ ਲਈ ਕੇ ਐਲ ਗਰਗ ਜੀ ਦੀ ਭਰਪੂਰ ਪ੍ਰਸੰਸਾ ਕੀਤੀ। ਮੰਚ ਦੇ ਮੀਡੀਆ ਕੁਆਰਡੀਨੇਟਰ ਅਮਰ ਘੋਲੀਆ ਨੇ ਗਰਗ ਜੀ ਬਾਰੇ ਬਣਾਈ ਡਾਕੂਮੈਂਟਰੀ ਬਾਰੇ ਆਪਣੇ ਅਨੁਭਵ ਸਾਂਝੇ ਕੀਤੇ। ਧਾਮੀ ਗਿੱਲ ਨੇ ਕਿਹਾ ਕਿ ਗਰਗ ਸਾਹਿਬ ਨੌਜਵਾਨ ਲੇਖਕਾਂ ਨੂੰ ਉਤਸ਼ਾਹਿਤ ਕਰਦੇ ਰਹਿੰਦੇ ਹਨ। ਚਰਨਜੀਤ ਸਮਾਲਸਰ ਨੇ ਆਪਣੀ ਪੁਸਤਕ "ਫਿਕਰ ਨਾ ਕਰੀਂ" ਕੇ ਐਲ ਗਰਗ ਨੂੰ ਭੇਟ ਕੀਤੀ।

# ਉਹਦੀ ਹਿੰਮਤ ਸਦਕਾ ਐਮਾਜੋਨ ਕੰਪਨੀ ਵਿੱਚ ਵੀ ਹੁਣ ਯੂਨੀਅਨ ਬਣ ਗਈ ਐ

## ਅਰਬਾਂ ਡਾਲਰਾਂ ਦੀ ਮਲਕੀਅਤ ਵਾਲੀ ਐਮਾਜ਼ੋਨ ਕੰਪਨੀ ਵਿਰੁੱਧ ਨੰਗੇ ਧੜ ਲੜਨ ਵਾਲੇ ਕਾਮਿਆਂ ਦੇ ਆਗੂ ਕ੍ਰਿਸ ਸਮਾਲਜ਼ ਦੀ ਕਹਾਣੀ



ਸੁਖਵੰਤ ਹੁੰਦਲ

"ਉਹ ਬਹੁਤਾ ਹੁਸ਼ਿਆਰ ਜਾਂ ਚੰਗਾ ਬੁਲਾਰਾ ਨਹੀਂ ਹੈ"

ਐਮਾਜ਼ੌਨ ਕੰਪਨੀ ਦੇ ਇੱਕ ਚੋਟੀ ਦੇ ਵਕੀਲ ਨੇ ਉਪ੍ਰੋਕਤ ਸ਼ਬਦ ਐਮਾਜ਼ੌਨ ਕੰਪਨੀ ਨਾਲ ਇੱਕ ਵੇਅਰਹਾਊਸ ਵਰਕਰ ਦੇ ਤੌਰ 'ਤੇ ਕੰਮ ਕਰਦੇ ਰਹੇ ਕ੍ਰਿਸ ਸਮਾਲਜ਼ ਬਾਰੇ ਕਹੇ ਸਨ। 2020 ਵਿੱਚ ਮਹਾਂਮਾਰੀ ਦੇ ਸ਼ੁਰੂ ਵਿੱਚ ਕ੍ਰਿਸ ਸਮਾਲਜ਼ ਨਿਊ ਯੌਰਕ ਦੇ ਸਟੇਟਨ ਆਈਲੈਂਡ ਵਿਖੇ ਐਮਾਜ਼ੌਨ ਕੰਪਨੀ ਦੇ ਵੇਅਰਹਾਊਸ ਵਿੱਚ ਕੰਮ ਕਰਦਾ ਸੀ। ਉਸ ਸਮੇਂ ਉਸ ਨੇ ਵੇਅਰਹਾਊਸ ਵਿੱਚ ਕੰਮ ਦੀਆਂ ਮਾੜੀਆਂ ਹਾਲਤਾਂ ਦਾ ਵਿਰੋਧ ਕਰਨ ਲਈ ਕੰਮ ਛੱਡ ਕੇ ਇੱਕ ਪ੍ਰਦਰਸ਼ਨ ਨੂੰ ਜਥੇਬੰਦ ਕੀਤਾ ਸੀ। ਨਤੀਜੇ ਵੱਜੋਂ ਉਸ ਨੂੰ ਉਸ ਹੀ ਦਿਨ ਕੰਮ ਤੋਂ ਕੱਢ ਦਿੱਤਾ ਗਿਆ ਸੀ। ਜਿਸ ਮੀਮੋ ਵਿੱਚ ਉਪ੍ਰੋਕਤ ਸ਼ਬਦ ਲਿਖੇ ਹੋਏ ਸਨ, ਉਹ ਕੁੱਝ ਦਿਨਾਂ ਬਾਅਦ ਲੀਕ ਹੋ ਗਿਆ। ਇਹ ਸ਼ਬਦ ਕ੍ਰਿਸ ਸਮਾਲਜ਼ ਦੇ ਮਨ 'ਤੇ ਉੱਕਰੇ ਗਏ ਅਤੇ ਉਸ ਵੱਲੋਂ ਇੱਕ ਗਰਾਸ ਰੂਟ ਪੱਧਰ 'ਤੇ ਯੂਨੀਅਨ ਬਣਾਉਣ ਲਈ ਚਲਾਈ ਗਈ ਇੱਕ ਕਾਮਯਾਬ ਮੁਹਿੰਮ ਦੀ ਅਗਵਾਈ ਕਰਨ ਦਾ ਪ੍ਰੇਰਨਾ ਸ੍ਰੋਤ ਬਣ ਗਏ।

1 ਅਪ੍ਰੈਲ 2022 ਨੂੰ ਸ਼ੁੱਕਰਵਾਰ ਵਾਲੇ ਦਿਨ ਐਮਾਜ਼ੌਨ ਲੇਬਰ ਯੂਨੀਅਨ ਵੱਲੋਂ ਉਸ ਵੇਅਰਹਾਊਸ ਵਿੱਚ ਯੂਨੀਅਨ ਬਣਨ ਦੀ ਇਤਿਹਾਸਕ ਜਿੱਤ ਦਾ ਜਸ਼ਨ ਮਨਾਉਂਦਿਆਂ ਕ੍ਰਿਸ ਸਮਾਲਜ਼ ਨੇ ਦੱਸਿਆ, "ਜਦੋਂ ਮੈਂ ਉਹ ਮੀਮੋ ਪੜ੍ਹਿਆ, ਤਾਂ ਉਸ ਨੇ ਮੈਨੂੰ ਯੂਨੀਅਨ ਜਥੇਬੰਦ ਕਰਨ ਲਈ ਮੁਹਿੰਮ ਚਲਾਉਣ ਲਈ ਉਤਸ਼ਾਹਿਤ ਕੀਤਾ।" ਇਸ ਵੇਅਰਹਾਊਸ ਵਿੱਚ ਯੂਨੀਅਨ ਬਣਨ ਨਾਲ ਇਹ ਵੇਅਰਹਾਊਸ ਅਮਰੀਕਾ ਵਿੱਚ ਐਮਾਜ਼ੌਨ ਦੀ ਯੂਨੀਅਨ ਵਾਲੀ ਪਹਿਲੀ ਥਾਂ ਬਣ ਗਿਆ ਹੈ। 1 ਅਪ੍ਰੈਲ 2022 ਨੂੰ ਸ਼ੁੱਕਰਵਾਰ ਦੀ ਜਿੱਤ ਉਸ ਨੂੰ ਕੰਮ ਤੋਂ ਕੱਢੇ ਜਾਣ ਦੇ ਤਕਰੀਬਨ ਦੋ ਸਾਲਾਂ ਬਾਅਦ ਵਾਪਰੀ ਹੈ। ਉਸ ਸਮੇਂ ਐਮਜ਼ੌਨ ਨੇ ਕਿਹਾ ਸੀ ਕਿ ਸਮਾਲਜ਼ ਨੇ ਕੁਰਾਟੀਨ ਅਤੇ ਸੁਰੱਖਿਆ ਦੇ ਉਪਾਵਾਂ ਦੀ ਉਲੰਘਣਾ ਕੀਤੀ ਹੈ। ਪਰ ਸਮਾਲਜ਼ ਦਾ ਕਹਿਣਾ ਸੀ ਕਿ ਉਸ ਨੂੰ ਉਸ ਵੱਲੋਂ ਆਪਣੇ ਹੱਕਾਂ ਲਈ ਜਥੇਬੰਦ ਹੋਣ ਦੇ ਯਤਨਾ ਕਰਕੇ ਕੰਮ ਤੋਂ ਕੱਢਿਆ ਗਿਆ ਸੀ। ਨਿਊ ਯੌਰਕ ਦੇ ਅਟਾਰਨੀ ਜਨਰਲ ਨੇ ਇਸ ਘਟਨਾ ਦੀ ਜਾਂਚ ਕੀਤੀ ਅਤੇ ਐਮਾਜ਼ੌਨ 'ਤੇ ਮੁਕੱਦਮਾ ਚਲਾਇਆ ਅਤੇ ਸਮਾਲਜ਼ ਨੂੰ ਉਸ ਦਾ ਕੰਮ ਵਾਪਸ ਦਿਵਾਉਣ ਲਈ ਯਤਨ ਕੀਤਾ। ਕੰਮ ਤੋਂ ਕੱਢੇ ਜਾਣ ਬਾਅਦ ਸਮਾਲਜ਼ ਚੁੱਪਚਾਪ ਨਹੀਂ ਬੈਠਿਆ ਅਤੇ ਕੰਮ ਤੋਂ ਕੱਢੇ ਜਾਣ ਤੋਂ ਛੇਤੀ ਬਾਅਦ ਉਸ ਨੇ ਐਮਾਜ਼ੋਨ ਲੇਬਰ ਯੂਨੀਅਨ ਦਾ ਗਠਨ ਕੀਤਾ। ਯੂਨੀਅਨ ਬਾਰੇ ਸਮਾਲਜ਼ ਦਾ ਕੋਈ ਤਜਰਬਾ ਨਹੀਂ ਸੀ ਅਤੇ ਨਾ ਹੀ ਉਸ ਨੇ ਯੂਨੀਅਨ ਨੂੰ ਜਥੇਬੰਦ ਕਰਨ ਦੇ ਕੰਮ ਅਤੇ ਮਾਇਕ ਸਹਾਇਤਾ ਲਈ ਸਥਾਪਤ ਮਜ਼ਦੂਰ ਯੂਨੀਅਨਾਂ 'ਤੇ ਟੇਕ ਰੱਖੀ। ਇਸ ਦੇ ਉਲਟ ਉਸ ਨੇ ਇਸ ਮੁਹਿੰਮ ਲਈ ਗੋਫੰਡ ਮੀ ਰਾਹੀਂ ਪੈਸੇ ਇਕੱਤਰ ਕੀਤੇ। ਸਮਾਲਜ਼ ਅਤੇ ਉਸ ਦੇ ਸਹਿ-ਬਾਨੀ ਡੈਰਿਕ ਪਾਲਮਰ - ਜਿਹੜਾ ਅਜੇ ਵੀ ਵੇਅਰਹਾਊਸ ਵਿੱਚ ਕੰਮ ਕਰ ਰਿਹਾ ਹੈ- ਨੇ ਆਪਣੇ ਸਾਥੀ ਕਾਮਿਆਂ ਤੱਕ ਪਹੁੰਚ ਕੀਤੀ। ਕਾਮਿਆਂ ਵੱਲੋਂ ਵਰਤਿਆ ਜਾਂਦਾ ਬੱਸ-ਸਟਾਪ ਉਹਨਾਂ ਦੇ ਮਿਲਣ ਦਾ ਅੱਡਾ ਬਣ ਗਿਆ। ਕੰਮ ਖਤਮ ਕਰਕੇ ਵਾਪਸ ਘਰ ਜਾਣ ਵਾਲੇ ਕਾਮਿਆਂ ਨਾਲ ਗੱਲ ਕਰਨ ਲਈ ਸਮਾਲਜ਼ ਅਤੇ ਉਸ ਦਾ ਸਾਥੀ ਬੱਸ-ਸਟਾਪ 'ਤੇ ਕਾਮਿਆਂ ਦੀ ਉਡੀਕ ਕਰਦੇ। ਉਹ ਉੱਥੇ ਅੱਗ ਬਾਲ ਰੱਖਦੇ ਅਤੇ ਅੱਗ ਸੇਕਦੇ ਲੋਕਾਂ ਨਾਲ ਗੱਲਾਂ ਕਰਦੇ। ਉਹ ਕਾਮਿਆਂ ਨੂੰ ਉੱਥੇ ਖਾਣਾ ਬਣਾ ਕੇ ਰਲ-ਮਿਲ ਕੇ ਖਾਣ ਦਾ ਸੱਦਾ ਦਿੰਦੇ। ਸਮਾਲ ਦੱਸਦਾ ਹੈ, "ਸਾਡੇ ਕੋਲ ਉੱਥੇ 20 ਤੋਂ ਜ਼ਿਆਦਾ ਬਾਰਬੀਕਿਊ ਸਨ। ਅਸੀਂ ਹਰ ਹਫਤੇ, ਹਰ ਦਿਨ ਉਨ੍ਹਾਂ ਨੂੰ ਖਾਣਾ ਦਿੰਦੇ ਜਿਸ ਵਿੱਚ ਪੀਜ਼ਾ, ਚਿਕਨ, ਪੈਸਤਾ ਆਦਿ ਸ਼ਾਮਲ ਹੁੰਦਾ।" ਇੱਥੋਂ ਤੱਕ ਇਹਨਾਂ ਵਿੱਚੋਂ ਕੁੱਝ ਇਕੱਠਾਂ ਸਮੇਂ ਉਹ ਆਪਣੀ ਅੰਟੀ ਵੱਲੋਂ ਘਰ ਦਾ ਬਣਾਇਆ ਖਾਣਾ ਵੀ ਲੈ ਕੇ ਆਇਆ ਸੀ। ਉਹ ਕਾਮਿਆਂ ਨਾਲ ਆਪਣੇ ਹੱਕਾਂ ਬਾਰੇ ਲੜਨ ਦੀ, ਕੰਮ 'ਤੇ ਸਖਤ ਮੁਸ਼ੱਕਤ ਦੀਆਂ ਗੱਲ ਕਰਦੇ। ਉਹ ਗੱਲਾਂ ਕਰਦੇ ਸਾਰਾ ਦਿਨ ਖੜ੍ਹੇ ਹੋਣ ਕਾਰਨ ਪੈਰਾਂ ਦੀ ਹੋਣ ਵਾਲੀ ਬਦਤਰ ਹਾਲਤ ਦੀ, ਘੰਟਿਆਂ ਬੱਧੀ ਵਾਰ ਵਾਰ ਇੱਕ ਹੀ ਤਰ੍ਹਾਂ ਦੇ ਸਰੀਰਕ ਤੌਰ 'ਤੇ ਸਖਤ ਕੰਮ ਕਰਨ ਨਾਲ ਹੁੰਦੇ ਬੁਰੇ ਹਾਲ ਦੀ। ਉਹ ਉਹਨਾਂ ਨੂੰ ਮਿਲਣ ਵਾਲੀਆਂ ਬਹੁਤ ਹੀ ਥੋੜ੍ਹੀਆਂ ਛੋਟੀਆਂ ਬ੍ਰੇਕਾਂ ਦੀ ਬਾਤ ਪਾਉਂਦੇ। ਕਿਸੇ ਨੂੰ ਵੀ ਉਮੀਦ ਨਹੀਂ ਸੀ ਕਿ ਇਹ ਉਘੜ-ਦੁਗੜੀ ਛੋਟੀ ਜਿਹੀ ਗ੍ਰਾਸ-ਰੂਟ ਪੱਧਰ ਦੀ ਮੁਹਿੰਮ ਏਡੀ ਵੱਡੀ ਕੰਪਨੀ ਵਿਰੁੱਧ ਜਿੱਤ ਪ੍ਰਾਪਤ ਕਰ ਸਕੇਗੀ। ਪਰ ਸਮਾਲਜ਼ ਡਟਿਆ ਰਿਹਾ ਅਤੇ ਅਖੀਰ ਵਿੱਚ ਯੂਨੀਅਨ ਬਾਰੇ ਵੋਟਾਂ ਪਵਾਉਣ ਲਈ ਲੋੜੀਂਦੀ 30% ਕਾਮਿਆਂ ਵੱਲੋਂ ਦਸਖ਼ਤ ਕਰਨ ਦੀ ਸ਼ਰਤ ਪੂਰੀ ਕਰਨ ਵਿੱਚ ਕਾਮਯਾਬ ਹੋ ਗਿਆ। ਇਸ ਦੌਰਾਨ ਐਮਾਜ਼ੌਨ ਨੇ ਕਾਮਿਆਂ ਵੱਲੋਂ ਯੂਨੀਅਨ ਬਣਾਉਣ ਦੀ ਮੁਹਿੰਮ ਵਿਰੁੱਧ ਲੜਨ ਲਈ ਲੇਬਰ ਕਨਸਲਟੈਂਟਾਂ 'ਤੇ ਲੱਖਾਂ ਡਾਲਰ ਖਰਚ ਕੀਤੇ। ਕੰਪਨੀ ਨੇ ਵੇਅਰਹਾਊਸ ਵਿੱਚ ਕਾਮਿਆਂ ਨੂੰ ਉਨ੍ਹਾਂ ਮੀਟਿੰਗਾਂ ਵਿੱਚ ਆਉਣ ਲਈ ਮਜਬੂਰ ਕੀਤਾ ਜਿਹਨਾਂ ਵਿੱਚ ਉਹਨਾਂ ਨੂੰ ਯੂਨੀਅਨ ਦੇ ਵਿਰੁੱਧ ਵੋਟ ਪਾਉਣ ਲਈ ਕਿਹਾ ਜਾਂਦਾ ਸੀ। ਇੱਥੋਂ ਤੱਕ ਕਿ ਇਸ ਸਾਲ ਦੇ ਸ਼ੁਰੂ ਵਿੱਚ ਕੰਪਨੀ ਨੇ ਸਮਾਲਜ਼ ਅਤੇ ਉਸ ਦੇ ਸਾਥੀ ਯੂਨੀਅਨ ਆਰਗੇਨਾਈਜਰਾਂ ਨੂੰ ਉਸ ਸਮੇਂ ਗ੍ਰਿਫਤਾਰ ਕਰਵਾ ਦਿੱਤਾ ਜਦੋਂ ਉਹ ਵੇਅਰਹਾਊਸ ਦੀ ਪਾਰਕਿੰਗ ਲਾਟ ਵਿੱਚ ਦੂਜੇ ਕਾਮਿਆਂ ਨੂੰ ਖਾਣਾ ਅਤੇ ਯੂਨੀਅਨ ਦੀ ਸਮੱਗਰੀ ਦੇਣ ਗਏ ਸਨ। ਐਮਾਜ਼ੌਨ ਵਾਲੇ ਕਾਮਿਆਂ ਨੂੰ ਕਹਿੰਦੇ ਹਨ ਕਿ ਯੂਨੀਅਨ ਤੋਂ ਬਿਨਾਂ ਹੀ ਇਹ ਥਾਂ ਕੰਮ ਕਰਨ ਲਈ ਬਹੁਤ ਵਧੀਆ ਥਾਂ ਹੈ। ਇੱਥੇ ਉਹਨਾਂ ਨੂੰ ਚੰਗੀ ਤਨਖਾਹ ਅਤੇ ਫੁੱਲ ਟਾਇਮ ਕਾਮਿਆਂ ਲਈ ਸਿਹਤ ਸੰਭਾਲ ਦੀ ਕਵਰੇਜ ਵਰਗੇ ਚੰਗੇ ਬੈਨੀਫਿਟ ਮਿਲਦੇ ਹਨ ਅਤੇ ਕਾਲਜ ਵਿੱਚ ਪੜ੍ਹਨ ਲਈ ਕਾਮਿਆਂ ਨੂੰ ਪੂਰੀ ਟਿਊਸ਼ਨ ਫੀਸ ਦਿੱਤੀ ਜਾਂਦੀ ਹੈ। ਪਰ ਸਮਾਲਜ਼ ਦੀਆਂ ਕੋਸ਼ਿਸ਼ਾਂ ਕਾਮਯਾਬ ਰਹੀਆਂ। 5000 ਦੇ ਕਰੀਬ ਕਾਮਿਆਂ ਨੇ ਵੋਟਾਂ ਪਾਈਆਂ ਅਤੇ ਯੂਨੀਅਨ ਬਣਾਉਣ ਵਾਲਿਆਂ ਦੀ ਵੋਟਾਂ ਵਿੱਚ ਵੱਡੇ ਫਰਕ ਨਾਲ ਜਿੱਤ ਹੋਈ - ਉਹ 500 ਤੋਂ ਵੱਧ ਵੋਟਾਂ ਦੇ ਫਰਕ ਨਾਲ ਜੇਤੂ ਰਹੇ। ਦੋ ਸਾਲ ਪਹਿਲਾਂ ਐਮਾਜ਼ੌਨ ਕੰਪਨੀ ਯੂਨੀਅਨ ਬਣਾਉਣ ਦੀ ਇਸ ਮੁਹਿੰਮ ਦਾ ਮਖੌਲ ਉਡਾਉਣਾ ਚਾਹੁੰਦੀ ਸੀ, ਜਦੋਂ ਇਸ ਨੇ ਆਪਣੀ ਪੀ ਆਰ (ਪਬਲਿਕ ਰਿਲੇਸ਼ਨ) ਦੀ ਰਣਨੀਤੀ ਵਿੱਚ ਕਿਹਾ ਸੀ ਕਿ ਉਹ ਸਮਾਲਜ਼ ਨੂੰ "ਯੂਨੀਅਨ/ਜਥੇਬੰਦੀ ਦੀ ਲਹਿਰ ਦਾ ਚਿਹਰਾ ਬਣਾ ਦੇਵੇਗੀ"। ਬਿਲਕੁਲ ਇਸ ਤਰ੍ਹਾਂ ਹੀ ਹੋਇਆ। ਸਮਾਲਜ਼ ਹੁਣ ਦੇ ਸਮਿਆਂ ਵਿੱਚ ਯੂਨੀਅਨ ਬਣਾਉਣ ਦੀ ਸਭ ਤੋਂ ਵੱਧ ਕਾਮਯਾਬ ਮੁਹਿੰਮ ਦਾ ਚਿਹਰਾ ਬਣ ਗਿਆ ਹੈ।

ਐਮਾਜ਼ੌਨ ਨੂੰ ਬਹੁਤ ਹੀ ਜਿੱਚ ਕਰਨ ਵਾਲੀ ਹਾਰ ਦਾ ਮੂੰਹ ਦੇਖਣਾ ਪਿਆ ਹੈ। ਸਮਾਲਜ਼ ਦਾ ਕਹਿਣਾ ਹੈ, "ਐਮਾਜ਼ੌਨ ਲੋਕਾਂ ਤੋਂ ਬਿਨਾਂ ਐਮਾਜ਼ੌਨ ਨਹੀਂ ਬਣੀ। ਅਤੇ ਜੋ ਐਮਾਜ਼ੌਨ ਅੱਜ ਹੈ, ਉਹ ਅਸੀਂ ਹੀ ਇਸ ਨੂੰ ਬਣਾਇਆ ਹੈ।"





**ਲੇਖਕ: ਐਂਡਰੀਆ ਸੂ ਅਤੇ ਅਲੀਨਾ ਸੇਲੂਖ**
**ਅੰਗਰੇਜ਼ੀ ਤੋਂ ਪੰਜਾਬੀ ਅਨੁਵਾਦ: ਸੁਖਵੰਤ ਹੁੰਦਲ**

# ਭੁਲੱਕੜ ਜ਼ਿਮੀਂਦਾਰ



ਗੁਰਜੀਤ ਗਿੱਲ ਦੀ ਕਲਮ ਤੋਂ
ਕੌੜਾ ਸੱਚ
ਫੋਨ: 431 335 0935

ਅੱਜ ਗੱਲ ਕਰਦੇ ਹਾਂ ਜੱਟ ,ਜ਼ਿਮੀਂਦਾਰ , ਕਿਸਾਨ ਜੋ ਇੱਕ ਹੀ ਇਨਸਾਨ ਦੇ ਵੱਖੋ ਵੱਖਰੇ ਨਾਮ ਹਨ । ਜਿੰਨਾ ਨੂੰ ਅੰਨਦਾਤੇ ਦਾ ਦਰਜਾ ਵੀ ਮਿਲਿਆ ਹੈ । ਕਿਉਂਕਿ ਉਹ ਖੁਦ ਭੁੱਖਾ ਰਹਿ ਕੇ ਸਾਰੀ ਦੁਨੀਆ ਦਾ ਢਿੱਡ ਭਰਦਾ ਹੈ । ਇਹਨਾਂ ਵੱਲੋਂ ਉਗਾਇਆ ਅਨਾਜ ਦੁਨੀਆ ਦੇ ਕੋਨੇ ਕੋਨੇ ਵਿੱਚ ਜਾਂਦਾ ਹੈ । ਪਰ ਕਈ ਵਾਰ ਇਹਨਾਂ ਵਿਚਾਰਿਆ ਵੱਲੋਂ 6 ਮਹੀਨਿਆਂ ਵਿੱਚ ਪੁੱਤਾਂ ਵਾਂਗੂ ਪਾਲੀ ਫਸਲ ਜਦੋਂ ਕਟਾਈ ਤੇ ਆਉਦੀ ਹੈ ਤਾਂ ਬਹੁਤ ਸਾਰੀਆਂ ਕੁਦਰਤੀ ਮਾਰਾਂ ਉਹਨੂੰ ਮਿੰਟਾਂ ਸਕਿੰਟਾਂ ਵਿੱਚ ਤਬਾਹ ਕਰ ਦਿੰਦੀਆਂ ਹਨ । ਜਿਵੇਂ ਬੇਮੌਸਮੀ ਮੀਂਹ ਜਾ ਗੜ੍ਹਿਆ ਦਾ ਪੈਣਾ । ਕਦੇ ਸੌਕਾ ਪੈਣਾ ਤੇ ਕਦੇ ਤੇਜ ਹਨੇਰੀਆਂ ਦਾ ਚੱਲਣਾ ।

ਪਰ ਕਈ ਵਾਰ ਨਿੱਕੀਆਂ - ਨਿੱਕੀਆਂ ਇਨਸਾਨੀ ਗਲਤੀਆਂ ਵੀ ਫਸਲ ਦੀ ਤਬਾਹੀ ਦਾ ਕਾਰਨ ਬਣਦੀਆਂ ਹਨ ਜਿਵੇਂ ਹੁਣ ਆਪਾ ਦੇਖਦੇ ਹਾਂ ਕਿ ਕਿਸ ਤਰਾਂ ਕਣਕ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਆਏ ਦਿਨ ਸਾਡੇ ਸਾਹਮਣੇ ਆਉਂਦੀਆਂ ਹਨ । ਜਿੰਨਾ ਵਿੱਚ ਇਨਸਾਨ ਵੱਲੋਂ ਕੀਤੀਆਂ ਗਲਤੀਆਂ ਖਾਸ ਕਾਰਨ ਹਨ । ਜਿਵੇਂ ਕਈ ਰਾਹਗੀਰ ਤੁਰੇ ਜਾਂਦੇ ਸਿਗਰਟ ਬੀੜੀ ਪੀ ਕੇ ਸੁੱਟ ਦਿੰਦੇ ਹਨ ਜੋ ਅੱਗ ਤੇ ਤੇਲ ਦਾ ਕੰਮ ਕਰਦੀ ਹੈ । ਜਿਸ ਨਾਲ ਕਣਕਾਂ ਨੂੰ ਅੱਗ ਲੱਗਦੀ ਹੈ । ਸੋ ਉਹਨਾਂ ਨੂੰ ਚਾਹੀਆਂ ਹੈ ਪਹਿਲੀ ਗੱਲ ਤਾਂ ਉਹ ਕਿਸੇ ਸੇਫ ਜਗਾ ਤੇ ਰੁਕ ਕੇ ਸਿਗਰਟ ਜਾ ਬੀੜੀ ਪੀਣ ਨਹੀਂ ਤਾਂ ਉਹਨੂੰ ਚੰਗੀ ਤਰਾਂ ਬੁਝਾ ਕੇ ਥੱਲੇ ਸੁੱਟਣ ਤਾਂ ਜੋ ਕਿਸੇ ਗਰੀਬ ਦੀ 6 ਮਹੀਨਿਆਂ ਦੀ ਮਿਹਨਤ ਮਿੱਟੀ ਵਿੱਚ ਨਾ ਪਵੇ।

ਦੂਜਾ ਕਾਰਨ ਬਿਜਲੀ ਦੀਆਂ ਤਾਰਾ ਦੇ ਸਪਾਰਕ ਨਾਲ ਅੱਗ ਲੱਗਦੀ ਹੈ । ਇਸ ਲਈ ਕਿਸਾਨਾਂ ਨੂੰ ਚਾਹੀਦਾ ਹੈ ਕਿ ਕਣਕ ਦੀ ਪਕਾਈ ਸਮੇਂ ਬਹੁਤ ਘੱਟ ਮੋਟਰਾਂ ਦੀ ਵਰਤੋ ਕਰਨ ਜੇ ਚਲਾਉਣੀਆਂ ਵੀ ਹੁੰਦੀਆਂ ਤਾਂ ਕੋਲ ਖੜ ਕੇ ਬਹੁਤ ਚੌਕਸ ਰਹਿ ਕੇ ਚਲਾਉਣ ਤਾਂ ਜੋ ਆਪਣੀ ਜਾ ਨਾਲ ਖੜੀ ਗੁਆਂਢੀ ਦੀ ਫਸਲ ਦਾ ਨੁਕਸਾਨ ਨਾ ਹੋਵੇ ।

ਤੀਸਰਾ ਕਾਰਨ ਤੂੜੀ ਵਾਲੀ ਮਸ਼ੀਨ ਤੋਂ ਲੱਗਣ ਵਾਲੀ ਅੱਗ ਹੈ । ਸੋ ਸਾਨੂੰ ਸਾਰਿਆਂ ਨੂੰ ਚਾਹੀਦਾ ਹੈ ਕਿ ਆਪਾ ਨੂੰ ਪਤਾ ਕੇ ਨਾਲ ਦੇ ਗੁਆਂਢੀ ਦੀ ਕਣਕ ਖੜੀ ਹੈ ਤੇ ਆਪਾ ਵੱਢ ਲਈ ਤੂੜੀ ਨਾ ਬਣਾਈ ਜਾਵੇ ਜਿੰਨਾ ਚਿਰ ਉਹ ਕਣਕ ਨਹੀਂ ਵੱਢ ਲੈਂਦਾ । ਕੋਈ ਫਰਕ ਨਹੀਂ ਪੈਂਦਾਂ ਜੇ ਨਾੜ ਸੁੱਕਣ ਕਰਕੇ ਇੱਕ ਅੱਧੀ ਟਰਾਲੀ ਘੱਟ ਵੀ ਬਣਜੂ । ਕਿਉਂਕਿ ਬਹੁਤ ਸਾਰੇ ਜ਼ਿਮੀਂਦਾਰ ਇੱਦਾਂ ਦੇ ਹੁੰਦੇ ਹਨ ਜਿੰਨਾ ਦੀ ਸਾਰੀ ਦੀ ਸਾਰੀ ਜ਼ਮੀਨ ਹੀ ਠੇਕੇ ਤੇ ਲਈ ਹੁੰਦੀ ਹੈ । ਉਸ ਪੱਕੀ ਹੋਈ ਫਸਲ ਨਾਲ ਕਿਸਾਨਾਂ ਦੇ ਬਹੁਤ ਸੁਫ਼ਨੇ ਜੁੜੇ ਹੁੰਦੇ । ਕਿਸੇ ਨੇ ਆਪਣੀ ਧੀ ਦਾ ਵਿਆਹ ਕਰਨਾ ਹੁੰਦਾ , ਕਿਸੇ ਨੇ ਆਪਣਾ ਜਵਾਕ ਬਾਹਰ ਭੇਜਣਾ ਹੁੰਦਾ । ਹੋਰ ਬਹੁਤ ਸਾਰੇ ਸਰਕਲ ਜ਼ਮੀਨ ਵਿੱਚਲੀ ਕਮਾਈ ਨਾਲ ਜੁੜੇ ਹੋਏ ਹੁੰਦੇ ਹਨ ।



ਹੁਣ ਗੱਲ ਕਰਦੇ ਜੋ ਮੈਂ ਇੰਨਾਂ ਨੂੰ ਭੁਲੱਕੜ ਕਹਿ ਕੇ ਸੰਬੋਧਨ ਕੀਤਾ । ਮੈਂ ਤੁਹਾਨੂੰ ਥੋੜਾ ਪਿੱਛੇ ਲੈ ਕੇ ਚੱਲਦਾ ਹਾਂ ਨਵੰਬਰ 2019 ਜਦੋਂ ਮੋਦੀ ਸਰਕਾਰ ਵੱਲੋਂ ਕਿਸਾਨਾਂ ਤੇ ਥੋਪੇ ਜਾ ਰਹੇ ਤਿੰਨ ਕਾਲੇ ਖੇਤੀ ਕਾਨੂੰਨਾਂ ਦੇ ਵਿਰੁੱਧ ਦਿੱਲੀ ਦੀਆਂ ਬਰੂਹਾਂ ਤੇ ਧਰਨਾ ਲੱਗਿਆ ਸੀ । ਕਿਸ ਤਰਾਂ ਉਸ ਧਰਨੇ ਵਿੱਚ ਬੱਚੇ ਤੋਂ ਲੈ ਕੇ ਬੁੱਢੇ ਤੱਕ ਹਰ ਇਨਸਾਨ ਨੇ ਆਪਣਾ ਆਪਣਾ ਫ਼ਰਜ਼ ਸਮਝਦੇ ਹੋਏ ਹਾਜ਼ਰੀ ਲਵਾਈ ਉਹ ਚਾਹੇ ਕਿਸੇ ਵੀ ਰੂਪ ਵਿੱਚ ਸੀ । ਹਰ ਵਰਗ ਦੇ ਬੰਦੇ ਨੇ ਕਿਸਾਨਾਂ ਦਾ ਦਿਲ ਖੋਲ ਕੇ ਸਹਿਯੋਗ ਕੀਤਾ ਜਿੰਨਾ ਵਿੱਚ ਕਈ ਲੋਕ ਬੇ-ਜ਼ਮੀਨੇ ਵੀ ਸਨ ਪਰ ਉਹ ਜਾਗਦੀਆਂ ਜ਼ਮੀਰਾਂ ਵਾਲੇ ਜ਼ਰੂਰ ਸਨ । ਕਿਵੇਂ 80-80 ਸਾਲ ਦੀਆਂ ਮਾਈਆਂ ਨੇ ਆਪਣੇ ਹੱਥ ਸਾੜੇ । ਕਿਵੇਂ 5000-5000 ਰੋਟੀਆਂ ਇੱਕ ਟਾਈਮ ਦੀਆਂ ਅਲੱਗ ਅਲੱਗ ਬਾਡਰਾਂ ਤੇ ਪਕਾਈਆਂ ਗਈਆਂ । ਕਿਵੇਂ ਬੁੱਢੇ ਬਜ਼ੁਰਗਾਂ ਨੇ ਠੰਢੀਆਂ ਤੇ ਤਪਦੀਆਂ ਰਾਤਾਂ ਸੜਕਾਂ ਤੇ ਬਤੀਤ ਕੀਤੀਆਂ । ਉਸ ਟਾਈਮ ਅੱਧ ਤੋਂ ਵੱਧ ਵਿਚਾਰੇ ਬਜ਼ੁਰਗਾਂ ਨੂੰ 6 ਮਹੀਨੇ ਬਾਅਦ ਅਸਲ ਕਾਨੂੰਨਾਂ ਦਾ ਪਤਾ ਲੱਗਿਆ ਸੀ ਕਿ ਆਪਾ ਇੱਥੇ ਕਿਉਂ ਬੈਠੇ ਹਾਂ ।ਕਿਵੇਂ 800 ਤੋਂ ਵੱਧ ਕਿਸਾਨ ਮੌਤ ਨੂੰ ਗਲੇ ਲੱਗਾ ਗਏ । ਇੱਕ ਸਾਲ ਤੋਂ ਵੱਧ ਧਰਨਾ ਚੱਲਿਆ ਤੇ ਵਾਹਿਗੁਰੂ ਦੀ ਕਿਰਪਾ ਨਾਲ ਬਿੱਲ ਵਾਪਸ ਹੋ ਗਏ ਤੇ ਕਿਸਾਨ ਖੁਸ਼ੀ ਖੁਸ਼ੀ ਆਪਣੇ ਘਰਾਂ ਨੂੰ ਪਰਤ ਕੇ ਆਏ ।

ਪਰ ਅੱਜ ਲੱਗਦਾ ਉਹ ਇੱਕ ਸਾਲ ਤੋਂ ਵੱਧ ਟਾਈਮ ਦਾ ਵੱਖਵਾ ਫਿਰ ਭੁੱਲ ਕੇ ਕਿਸਾਨ ਉਹੀ ਕਾਰਪੋਰੇਟਾ ਦੇ ਘਰ ਭਰਨ ਤੇ ਲੱਗ ਗਏ । ਉਨ੍ਹਾਂ ਕਾਰਪੋਰੇਟ ਘਰਾਣਿਆਂ ਨੂੰ ਪਤਾ ਕਿ ਉਦੋਂ ਸਿੱਧੀ ਉਂਗਲ ਨਾਲ ਘਿਉ ਨਹੀਂ ਨਿਕਲਿਆ ਤਾਂ ਹੁਣ ਟੇਢੀ ਕਰਕੇ ਜ਼ਰੂਰ ਕੱਢ ਲਵਾਂਗੇ ।

ਮੈਂ ਬਾਹ.ਲੀ ਦੂਰ ਦੀ ਗੱਲ ਨਹੀਂ ਕਰਦਾ ਮੇਰੇ ਸ਼ਹਿਰ ਮੋਗੇ ਦੇ ਨਾਲ ਹੀ ਡਗਰੂ ਪਿੰਡ ਕੋਲ ਇੱਕ ਅਡਾਨੀ ਐਗਰੋ ਸਾਇਲੋ ਹੈ । ਜਿਸ ਵਿੱਚ ਬਹੁਤ ਵੱਡੀ ਮਾਤਰਾ ਵਿੱਚ ਕਣਕ ਦੀ ਸਟੋਰੇਜ ਕੀਤੀ ਜਾਂਦੀ ਹੈ । ਜਿਸਦੇ ਮਾਲਕ ਉਹੀ ਕਾਰਪੋਰੇਟ ਘਰਾਣੇ ਅਡਾਨੀ ਅੰਬਾਨੀ ਹਨ ਜਿੰਨਾ ਦੀ ਸੈਅ ਤੇ ਮੋਦੀ ਨੇ ਇੱਕ ਸਾਲ ਚਾਰ ਮਹੀਨੇ ਦਾ ਬਨਵਾਸ ਕਿਸਾਨਾਂ ਨੂੰ ਦਿੱਲੀ ਦੀਆਂ ਸੜਕਾਂ ਤੇ ਦਿੱਤਾ । ਅੱਜ ਉਸੇ ਸਾਇਲੋ ਅੱਗੇ ਉਹੀ ਦਿੱਲੀ ਵਾਲੀਆਂ ਟ੍ਰਾਲੀਆਂ ਦੀ ਲਾਈਨ ਨੀ ਟੁੱਟਦੀ ਪਰ ਹੁਣ ਉਹਨਾਂ ਟ੍ਰਾਲੀਆਂ ਜਾਗਦੀਆਂ ਜ਼ਮੀਰਾਂ ਵਾਲੇ ਲੋਕਾਂ ਨਾਲ ਨਹੀਂ ਭਰੀਆਂ ਬਲ ਕਿ ਕਣਕ ਨਾਲ ਭਰੀਆਂ ਮਿਲਦੀਆਂ ਹਨ। ਪਤਾ ਨਹੀਂ ਉਹ ਟ੍ਰਾਲੀਆਂ ਵਾਲੇ ਉਹੀ ਕਿਸਾਨ ਨੇ ਜਾ ਕੋਈ ਹੋਰ ? ਬੱਸ ਉਹਨਾ ਵੱਲੋਂ ਦੋ ਚਾਰ ਲਾਲਚ ਕੀ ਦਿੱਤੇ ਗਏ ਲੋਕਾਂ ਨੇ ਟ੍ਰਾਲੀਆਂ ਮੰਡੀਆਂ ਵੱਲੋਂ ਮੋੜ ਅਡਾਨੀ ਦੇ ਸ਼ਾਇਲੋ ਵੱਲ ਨੂੰ ਸਿੱਧੀਆਂ ਕਰ ਦਿੱਤੀਆਂ । ਮੰਨਦੇ ਹਾਂ ਇਸ ਵਾਰ ਕਣਕਾਂ ਦਾ ਝਾੜ ਥੋੜਾ ਘੱਟ ਨਿਕਲਿਆ ਪਰ ਇਹਦਾ ਮਤਲਬ ਇਹ ਥੋੜਾ ਕਿ ਆਪਾ ਉਹ ਸਭ ਕੁਝ ਭੁੱਲ ਕੇ ਇੱਕ - ਦੋ ਰਾਤਾਂ ਮੰਡੀ ਵਿੱਚ ਕੱਟਣ ਦੇ ਡਰ ਤੋਂ ਉਹੀ ਕਾਰਪੋਰੇਟਾ ਦੇ ਘਰ ਭਰਨ ਲੱਗ ਜਾਈਏ । ਇਹੀ ਗਲਤੀ ਹਿਮਾਚਲ ਦੇ ਸੇਬ ਉਤਪਾਦਕ ਕਿਸਾਨਾਂ ਨੇ ਅੱਜ ਤੋਂ ਕੁਝ ਸਾਲ ਪਹਿਲਾ ਕੀਤੀ ਸੀ । ਬਾਅਦ ਚ ਮੰਡੀਆ ਦੇ ਖ਼ਰਚੇ ਨਾ ਪੂਰੇ ਹੋਣ ਕਰਕੇ ਸਰਕਾਰੀ ਮੰਡੀਆਂ ਬੰਦ ਹੋ ਗਈਆਂ ਤਾਂ ਉਨ੍ਹਾਂ ਹੀ ਕਾਰਪੋਰੇਟ ਘਰਾਣਿਆਂ ਨੇ ਭੰਗ ਦੇ ਭਾਅ ਸੇਬ ਖ਼ਰੀਦਣੇ ਸ਼ੁਰੂ ਕਰ ਦਿੱਤੇ ਤੇ ਅੱਜ ਕਿਸਾਨ ਮਰ ਰਹੇ ਨੇ ਉੱਥੇ । ਉਹੀ ਦਿਨਾਂ ਦਾ ਇੰਤਜ਼ਾਰ ਪੰਜਾਬ ਦੇ ਲੋਕ ਬੜੀ ਬੇਸਬਰੀ ਨਾਲ ਕਰ ਰਹੇ ਨੇ ।

ਇਸੇ ਤਰਾਂ ਹੀ ਰ.ਲਾਇਸ ਦੇ ਪੰਪਾਂ ਤੇ ਦੇਖਣ ਨੂੰ ਮਿਲ ਰਿਹਾ । ਉਹਨਾਂ ਨੇ ਇੱਕ ਰੁਪਾਇਆ ਦੂਜੇ ਪੰਪਾਂ ਨਾ.ਲੋਂ ਤੇਲ ਸਸਤਾ ਕਰਤਾ । ਆਪਣੇ ਲੋਕਾਂ ਨੇ ਸਭ ਕੁਝ ਭੁੱਲ ਉੱਥੇ ਲਾਇਨਾ ਲੱਗਾ ਦਿੱਤੀਆਂ । ਹੁਣ ਇੱਥੇ ਤਾਂ ਕਈਆਂ ਨੇ ਇਹ ਕਹਿ ਦੇਣਾ ਵੀ ਉਹ ਕਿਸਾਨ ਨਹੀਂ ਹੋਰ ਲੋਕ ਨੇ । ਨਾਲ ਹੀ ਗੱਲ ਕਰ ਲੈਣੇ ਆ ਇਹਨਾ ਹੀ ਕਾਰਪੋਰੇਟ ਘਰਾਣੇ ਦੀ ਟੈਲੀਫ਼ੋਨ ਕੰਪਨੀ ਝੌਂ ਦੀ । ਜਿੰਨਾ ਤੇ ਕਿਸਾਨੀ ਧਰਨੇ ਦਾ ਕਾਫ਼ੀ ਪ੍ਰਭਾਵ ਪਿਆ ਸੀ ਪਰ ਅੱਜ-ਕੱਲ੍ਹ ਫਿਰ ਇਹ ਕੰਪਨੀ ਇੱਕ ਨੰਬਰ ਤੇ ਚੱਲ ਰਹੀ ਹੈ । ਬੱਸ ਇਹਨਾ ਨੇ ਕੀਤਾ ਕੀ ਦੂਜੀਆਂ ਕੰਪਨੀਆਂ ਨਾ.ਲੋਂ ਡਾਟਾ ਥੋੜਾ ਵੱਧ ਤੇ ਸਸਤਾ ਕਰਤਾ ਨਾਲ ਹੀ ਨੈੱਟਵਰਕ ਦਾ ਏਰੀਆ ਵਧਾ ਦਿੱਤਾ । ਬੱਸ ਉਹੀ ਆਪਣੀ ਭੁਲੱਕੜ ਕੌਮ ਨੇ ਧੜਾ - ਧੜ੍ਹ ਝੌਂ ਵਿੱਚ ਨੈੱਟਵਰਕ ਫਿਰ ਤੋ ਤਬਦੀਲ ਕਰਾਂ ਲਿਆ ।

ਕਿੰਨਾ ਸੌਖਾ ਆਪਣੇ ਸੰਘਰਸ਼ੀ ਲੋਕਾਂ ਨੂੰ ਬਦਲਣਾ । ਕਿੰਨਾ ਸੌਖਾ ਇਹਨਾਂ ਨੂੰ ਨਿੱਕੇ ਨਿੱਕੇ ਲਾਲਚ ਦੇ ਕੇ ਭਰਮਾਉਣਾ । ਰੱਬ ਰਾਖਾ ਸਾਡੇ ਪੰਜਾਬ ਤੇ ਪੰਜਾਬੀਅਤ ਦਾ --

gillgurjeetguri@gmail.com




# ਕਿਜ ਨਸ਼ਾ ਮੁਕਤ ਹੋਵੇ ਪੰਜਾਬ ?



ਮੋਹਨ ਸ਼ਰਮਾ
ਪ੍ਰੋਜੈਕਟ ਡਾਇਰੈਕਟਰ
ਨਸ਼ਾ ਛੁਡਾਊ ਕੇਂਦਰ,ਸੰਗਰੂਰ ।
ਮੋ:94171-48866

ਪੰਜਾਬ ਵਿੱਚ ਹਰ ਰੋਜ਼ 2-3 ਨੌਜਵਾਨਾਂ ਦੀ ਨਸ਼ਿਆਂ ਕਾਰਨ ਓਵਰ ਡੋਜ਼ ਨਾਲ ਹੋਈਆਂ ਮੌਤਾਂ ਅਖ਼ਬਾਰਾਂ ਦੀਆਂ ਸੁਰਖੀਆਂ ਬਣਦੀਆਂ ਹਨ। ਇਹ ਤਾਂ ਸਿਰਫ ਉਨ੍ਹਾਂ ਮੌਤਾਂ ਦਾ ਹੀ ਜ਼ਿਕਰ ਹੁੰਦਾ ਹੈ ਜੋ ਮੀਡੀਆ ਰਾਹੀਂ ਜਾਂ ਸੋਸ਼ਲ ਮੀਡੀਆ ਰਾਹੀਂ ਜੱਗ ਜ਼ਾਹਰ ਹੁੰਦੀਆਂ ਹਨ। ਬਹੁਤ ਸਾਰੀਆਂ ਨਸ਼ਿਆਂ ਕਾਰਨ ਹੋਈਆਂ ਮੌਤਾਂ ਸਬੰਧੀ ਮਾਪੇ ਨਾਮੋਸ਼ੀ ਅਤੇ ਸਮਾਜਿਕ ਬਦਨਾਮੀ ਕਾਰਨ ' ਹਾਰਟ ਅਟੈਕ ਨਾਲ ਹੋਈ ਮੌਤ ' ਦੱਸ ਦਿੰਦੇ ਹਨ। ਹਸਪਤਾਲਾਂ ਵਿੱਚ ਨਸ਼ਿਆਂ ਕਾਰਨ ਹੋਈਆਂ ਮੌਤਾਂ, ਝਾੜੀਆਂ, ਖੋਲ੍ਹਿਆਂ, ਜਨਤਕ ਬਾਥਰੂਮਾਂ ਜਾਂ ਫਿਰ ਸੜਕ ਤੇ ਡਿੱਗੀਆਂ ਬਹੁਤ ਸਾਰੀਆਂ ਲਾਸ਼ਾ ਦੇ ਅੰਕੜੇ ਇਸ ਤੋਂ ਵੱਖਰੇ ਹਨ। ਦੂਜੇ ਪਾਸੇ ਪੰਜਾਬ ਦੇ ਬਹੁਤ ਸਾਰੇ ਪਿੰਡਾਂ ਵਿੱਚ ਲੋਕਾਂ ਨੇ ਭਰਵਾਂ ਇਕੱਠ ਕਰਕੇ ਨਸ਼ਾ ਵੇਚਣ ਵਾਲਿਆਂ ਦਾ ਸ਼ੋਸ਼ਲ ਬਾਈਕਾਟ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਸੋਧਣ ਦੀ ਚਿਤਾਵਨੀ ਵੀ ਦਿੱਤੀ ਹੈ। ਉਨ੍ਹਾਂ ਵੱਲੋਂ ਨਸ਼ਾ ਕਰਨ ਵਾਲੇ ਨੌਜਵਾਨਾਂ ਨੂੰ ਮੁੱਖ ਧਾਰਾ ਵਿੱਚ ਲਿਆਉਣ ਅਤੇ ਉਨ੍ਹਾਂ ਦਾ ਇਲਾਜ਼ ਕਰਵਾਉਣ ਦਾ ਬੀੜਾ ਵੀ ਚੁੱਕਿਆ ਹੈ। ਇਹ ਸਭ ਕੁੱਝ ਦੇ ਬਾਵਜੂਦ ਸ਼ੋਸ਼ਲ ਮੀਡੀਆ ਤੇ ਸ਼ਰੇਆਮ ਚਿੱਟਾ ਵੇਚ ਰਹੀਆਂ ਔਰਤਾਂ ਅਤੇ ਮਰਦਾਂ ਦੀਆਂ ਮੂਵੀਆਂ ਸਾਹਮਣੇ ਆਉਣ ਨਾਲ ਨਸ਼ਿਆਂ ਵਿੱਚ ਗਰਕਦੀ ਜਵਾਨੀ ਅਤੇ ਤਸ਼ਕਰਾਂ ਦੇ ਬੁਲੰਦ ਹੌਂਸਲੇ ਸਮਾਜ ਦੀ ਚਿੰਤਾਜਨਕ ਅਤੇ ਕੋਝੀ ਤਸਵੀਰ ਪੇਸ਼ ਕਰਦੇ ਹਨ।

ਅਤੀਤ ਦੇ ਪੰਨ੍ਹਿਆਂ ਤੇ ਜੇਕਰ ਨਜ਼ਰ ਮਾਰਦੇ ਹਾਂ ਤਾਂ ਰਿਵਾਇਤੀ ਪਾਰਟੀਆਂ ਨੇ ਚੋਣਾਂ ਸਮੇਂ ਨਸ਼ੇ ਨੂੰ ਮੁੱਦਾ ਜਰੂਰ ਬਣਾਇਆ ਪਰ ਇਹ ਮੁੱਦਾ ਸਤਾ ਪ੍ਰਾਪਤੀ ਲਈ ਸਾਧਨ ਹੀ ਬਣਿਆ ਹੈ। ਪਿਛਲੀ ਸਰਕਾਰ ਸਮੇਂ ਸੰਭੂ ਬੈਰੀਅਰ ਦੇ ਲਾਗੇ, ਖੰਨਾ ਦੇ ਨੇੜੇ, ਬਾਦਲ ਪਿੰਡ ਵਿੱਚ ਧੜ੍ਹੱਲੇ ਨਾਲ ਚੱਲ ਰਹੀਆਂ ਨਜ਼ਾਇਜ ਸ਼ਰਾਬ ਦੀਆਂ ਫੈਕਟਰੀਆਂ ਵਿੱਚੋਂ ਲੱਖਾਂ ਲੀਟਰ ਸ਼ਰਾਬ ਫੜ੍ਹੀ ਗਈ ਅਤੇ ਇਹ ਕੇਸ ਅਣਪਛਾਤੇ ਵਿਅਕਤੀਆਂ ਤੇ ਪਾ ਦੇਣਾ ਲੋਕਤੰਤਰ ਦਾ ਘਾਣ ਹੀ ਸੀ। ਅੰਮ੍ਰਿਤਸਰ ਅਤੇ ਤਰਨਤਾਰਨ ਦੇ ਇਲਾਕੇ ਵਿੱਚ ਜ਼ਹਿਰੀਲੀ ਸ਼ਰਾਬ ਕਾਰਨ 137 ਲੋਕਾਂ ਦੀ ਮੌਤ ਨਾਲ ਮੱਚੀ ਹਾਹਾਕਾਰ ਨੂੰ ਵੀ ਸਿਆਸੀ ਲਾਰਿਆਂ, ਵਾਅਦਿਆਂ ਅਤੇ ਮਾਇਆਜਾਲ ਰਾਹੀਂ ਠੱਲ ਪਾਈ ਗਈ। ਸਰਵੇਖਣ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਪਿਛਲੇ 2 ਦਹਾਕਿਆਂ ਵਿੱਚ ਨਸ਼ੱਈਆਂ ਦੀ ਗਿਣਤੀ ਵਿੱਚ 213 ਫੀਸਦੀ ਦਾ ਵਾਧਾ ਹੋਇਆ ਹੈ। ਨਸ਼ਾ ਕਰਨ ਵਾਲਿਆਂ ਵਿੱਚ 41 ਫੀਸਦੀ ਨਸ਼ੱਈ ਚਿੱਟੇ ਦਾ ਸੇਵਨ ਕਰਦੇ ਹਨ ਅਤੇ ਉਨ੍ਹਾਂ ਦਾ ਪ੍ਰਤੀ ਨਸ਼ੱਈ ਔਸਤ ਖਰਚਾ 1300 ਰੁਪਏ ਰੋਜ਼ਾਨਾ ਹੈ। 5.20 ਲੱਖ ਰੋਜ਼ਾਨਾ ਸ਼ਰਾਬ ਦੇ ਢੱਕਣ ਖੁੱਲ੍ਹਦੇ ਹਨ ਅਤੇ ਪੰਜਾਬੀ 8 ਕਰੋੜ ਦੀ ਸ਼ਰਾਬ ਰੋਜ਼ਾਨਾ ਡਕਾਰ ਜਾਂਦੇ ਹਨ। 13.70 ਕਰੋੜ ਰੋਜ਼ਾਨਾ ਸਿੰਥੈਟਿਕ ਡਰੱਗ ਅਤੇ ਹੋਰ ਨਸ਼ਿਆਂ ਦੇ ਲੇਖੇ ਲੱਗਦੇ ਹਨ। ਸ਼ਰਾਬ ਪੀਣ ਵਾਲਿਆਂ 'ਚੋਂ 13 ਫੀਸਦੀ ਹੈਪੇਟਾਈਟਸ-ਸੀ ਅਤੇ 20 ਫੀਸਦੀ ਹੈਪੇਟਾਈਟਸ-ਬੀ ਦੀ ਲਪੇਟ ਵਿੱਚ ਆਏ ਹੋਏ ਹਨ। 70 ਹਜ਼ਾਰ ਸਰਾਬੀਆਂ ਦੇ ਲੀਵਰ ਖਰਾਬ ਹੋ ਗਏ ਹਨ। ਹਰ ਪਿੰਡ ਵਿੱਚ ਸ਼ਰਾਬੀਆਂ ਦੀਆਂ ਮੌਤਾਂ ਕਾਰਨ ਔਸਤ 16 ਵਿਧਵਾਵਾਂ ਨਰਕ ਭਰਿਆ ਜੀਵਨ ਬਤੀਤ ਕਰ ਰਹੀਆਂ ਹਨ। ਨਸ਼ਿਆਂ ਕਾਰਨ ਹੀ 60 ਫੀਸਦੀ ਦੁਰਘਟਨਾਵਾਂ, 90 ਫੀਸਦੀ ਤੇਜਧਾਰ ਹਥਿਆਰਾਂ ਨਾਲ ਹਮਲੇ, 69 ਫੀਸਦੀ ਬਲਾਤਕਾਰ, 74 ਫੀਸਦੀ ਡਕੈਤੀਆਂ, 80 ਫੀਸਦੀ ਦੁਸ਼ਮਣੀ ਕੱਡਣ ਵਾਲੇ ਹਮਲੇ, ਚੇਨ ਝੱਪਟਮਾਰੀ ਅਤੇ ਹੋਰ ਜ਼ੁਰਮ ਦੀਆਂ ਘਟਨਾਵਾਂ ਨਾਲ ਥਾਣਿਆਂ ਦੇ ਰੋਜ਼ਨਾਮਚੇ ਭਰੇ ਜਾ ਰਹੇ ਹਨ। ਪੰਜਾਬ ਦੇ ਅੰਦਾਜ਼ਨ 39.22 ਲੱਖ ਪਰਿਵਾਰਾਂ ਵਿੱਚੋ ਕੋਈ ਵਿਰਲਾ ਪਰਿਵਾਰ ਹੀ ਨਸ਼ਿਆਂ ਦੇ ਸੇਕ ਤੋਂ ਬਚਿਆ ਹੈ।

ਸਾਡੇ ਅੱਗੇ ਗੰਭੀਰ ਚਿੰਤਾਜਨਕ ਪ੍ਰਸ਼ਨ ਹੈ ਕਿ ਨਸ਼ਿਆਂ ਦੇ ਦੈਂਤ ਨੂੰ ਕਾਬੂ ਕਰਕੇ ਨਸ਼ਿਆਂ ਕਾਰਨ ਬਲਦੇ ਸਿਵਿਆਂ ਦੀ ਪ੍ਰਚੰਡ ਅੱਗ ਤੇ ਕਿੰਝ ਕਾਬੂ ਪਾਇਆ ਜਾ ਸਕਦਾ ਹੈ ? ਇਸ ਵਿੱਚ ਕੋਈ ਅਤਕਥੱਨੀ ਨਹੀਂ ਕਿ ਬਿਨ੍ਹਾਂ ਰਾਜਸੀ ਦ੍ਰਿੜ ਇੱਛਾ ਸ਼ਕਤੀ ਦੇ ਇਸ ਗੰਭੀਰ ਸਮੱਸਿਆ ਤੇ ਕਾਬੂ ਪਾਉਣਾ ਸੰਭਵ ਹੀ ਨਹੀਂ ਹੈ। 1 ਜੁਲਾਈ 2018 ਤੋਂ 7 ਜੁਲਾਈ 2018 ਤੱਕ ਪੰਜਾਬ ਦੇ ਬੁੱਧੀ ਜੀਵੀਆਂ, ਚਿੰਤਕਾਂ ਅਤੇ ਸਮਾਜ ਸੇਵਕਾਂ ਨੇ ਮਿਲਕੇ ' ਚਿੱਟੇ ਵਿਰੁੱਧ ਕਾਲਾ ਹ.ਫਤਾ ' ਮਨਾ ਕੇ ਲੋਕਾਂ ਨੂੰ ਲਾਮਬੱਧ ਕਰਨ ਦੀ ਕੋਸ਼ਿਸ਼ ਕੀਤੀ ਸੀ। ਪਰ ਇਸ ਲਹਿਰ ਨੂੰ ਬਾਹੂਬਲਾਂ ਅਤੇ ਤਸਕਰਾਂ ਨੇ ਅਸਫਲ ਕਰਨ ਦੀ ਹਰ ਸੰਭਵ ਕੋਸ਼ਿਸ਼ ਕੀਤੀ। ਰਾਜਸਤਾ ਵੱਲੋਂ ਵੀ ਮੱਠਾ ਹੁੰਘਾਰਾ ਮਿਲਣ ਕਾਰਨ ਇਹ ਲਹਿਰ ਕੋਈ ਪ੍ਰਭਾਵਸ਼ਾਲੀ ਅਸਰ ਨਹੀਂ ਛੱਡ ਸਕੀ।

5 ਜਨਵਰੀ 2007 ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿੱਚ ਨਸ਼ਿਆਂ ਵਿਰੁੱਧ ਹੋਏ ਸੈਮੀਨਾਰ ਦੀ ਪ੍ਰਧਾਨਗੀ ਉਸ ਵੇਲੇ ਦੇ ਗਵਰਨਰ ਸ਼੍ਰੀ ਰੌਡਰਿਗਜ਼ ਨੇ ਕੀਤੀ ਸੀ। ਉਸ ਵੇਲੇ ਕੇਂਦਰੀ ਜੇਲ ਅੰਮ੍ਰਿਤਸਰ ਦੇ ਮੁਖੀ ਅਤੇ ਸੀਨੀਅਰ ਪੁਲੀਸ ਅਧਿਕਾਰੀ ਕੁੰਵਰ ਵਿਜੈ ਪ੍ਰਤਾਪ ਸਿੰਘ ਆਈ.ਪੀ.ਐਸ. ਨੇ ਕਿਹਾ ਸੀ ਕਿ ਅਸੀਂ ਪੁਲੀਸ ਵਾਲੇ ਇਮਾਨਦਾਰੀ ਅਤੇ ਸਿਦਕਦਿਲੀ ਨਾਲ ਚਾਹੀਏ ਤਾਂ ਨਸ਼ਿਆਂ ਦੀ ਨਾਮੁਰਾਦ ਬਿਮਾਰੀ ਤੋਂ ਇੱਕ ਹਫਤੇ ਵਿੱਚ ਛੁਟਕਾਰਾ ਪਾਇਆ ਜਾ ਸਕਦਾ ਹੈ। ਪਰ ਉਸ ਵੱਲੋਂ ਨਿਰਾਸ਼ਤਾ ਭਰੀ ਸੁਰ ਵਿੱਚ ਅਗਾਂਹ ਇਹ ਵੀ ਕਿਹਾ ਸੀ ਕਿ ਸਾਥੋਂ ਇਹ ਆਸ ਨਾ ਰੱਖਿਉ। ਸ਼੍ਰੀ ਕੁੰਵਰ ਵਿਜੈ ਪ੍ਰਤਾਪ ਦੇ ਇਹ ਬੋਲਾਂ ਨਾਲ ਹਾਲ ਵਿੱਚ ਸਨ੍ਹਾਟਾ ਛਾ ਗਿਆ ਸੀ। ਪਰ ਹੁਣ ਕੁੰਵਰ ਵਿਜੈ ਪ੍ਰਤਾਪ ਸਿੰਘ ਸਵੈ ਇੱਛਾ ਨਾਲ ਇਨਸਪੈਕਟਰ ਜਨਰਲ ਦੇ ਅਹੁਦੇ ਤੋਂ ਸੇਵਾ ਮੁਕਤ ਹੋਣ ਉਪਰੰਤ ਅੰਮ੍ਰਿਤਸਰ (ਉੱਤਰੀ) ਤੋਂ ਆਮ ਆਦਮੀ ਪਾਰਟੀ ਵੱਲੋਂ ਐਮ.ਐਲ.ਏ. ਚੁਣੇ ਗਏ ਹਨ। ਉਨ੍ਹਾਂ ਨੂੰ ਜਿੱਥੇ ਇਸ ਸਬੰਧ ਵਿੱਚ ਪੁਲੀਸ ਵਿਭਾਗ ਦੇ ਕੁੱਝ ਕਰਮਚਾਰੀਆਂ ਦੀ ਬਦਨੀਅਤੀ, ਸਿਆਸੀ ਵਿਅਕਤੀਆਂ ਦੀ ਨਸ਼ਾਖੋਰੀ ਵਿੱਚ ਮਿਲੀਭੁਗਤ ਅਤੇ ਤਸਕਰਾਂ ਦੀ ਕਾਰਗੁਜਾਰੀ ਸਬੰਧੀ ਚੰਗੀ ਤਰ੍ਹਾਂ ਪਤਾ ਹੈ। ਜੇਕਰ ਅਜਿਹੀ ਬੇਦਾਗ ਸਖ਼ਸ਼ੀਅਤ ਨੂੰ ਪੰਜਾਬ ਦੇ ਮੁੱਖ ਮੰਤਰੀ ਸ਼੍ਰੀ ਭਗਵੰਤ ਮਾਨ ਨਸ਼ਾ ਮੁਕਤ ਸਮਾਜ ਸਿਰਜਨ ਦੀ ਕਮਾਨ ਸੰਭਾਲ ਦੇਣ ਤਾਂ ਨਸ਼ਿਆਂ ਦੀ ਮਹਾਂਮਾਰੀ ਤੇ ਕੰਟਰੋਲ ਕੀਤਾ ਜਾ ਸਕਦਾ ਹੈ।

ਸੰਗਰੂਰ ਦੀਆਂ ਸਮਾਜ ਸੇਵੀ ਸੰਸਥਾਵਾਂ ਜਿਨ੍ਹਾਂ ਵਿੱਚ ਸਾਇੰਟੀਫਿਕ ਅਵੇਅਰਨੈਸ ਐਂਡ ਸ਼ੋਸ਼ਲ ਵੈਲਫੇਅਰ ਫੋਰਮ, ਨਸ਼ਾ ਛੁਡਾਊ ਕੇਂਦਰ ਅਤੇ ਬਿਰਧ ਆਸ਼ਰਮ ਬਡਰੁੱਖਾਂ ਨੇ ਸਮੂਹਿਕ ਰੂਪ ਵਿੱਚ ਮਿਲ ਕੇ ਜਿੱਥੇ ਸਕੂਲਾਂ ਵਿੱਚ ਪ੍ਰਾਰਥਨਾ ਸਮੇਂ ਜਾ ਕੇ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਪ੍ਰਕੋਪ ਤੋਂ ਬਚਾਉਣ ਲਈ ਹਰ ਸੰਭਵ ਯਤਨ ਕੀਤੇ, ਉੱਥੇ ਹੀ ਪੰਚਾਇਤੀ ਰਾਜ ਐਕਟ 1994 ਦੀ ਧਾਰਾ 40ਏ ਅਧੀਨ ਪੰਚਾਇਤਾਂ ਨੂੰ ਪਿੰਡਾਂ ਵਿੱਚ ਸ਼ਰਾਬ ਦੇ ਠੇਕੇ ਨਾ ਖੋਲ੍ਹਣ ਲਈ ਮਤੇ ਪਾਉਣ ਲਈ ਵੀ ਪ੍ਰੇਰਨਾ ਦਿੱਤੀ ਅਤੇ ਪੰਜਾਬ ਦੇ ਬਹੁਤ ਸਾਰੇ ਪਿੰਡਾਂ ਵਿੱਚ ਸ਼ਰਾਬ ਦੇ ਠੇਕੇ ਬੰਦ ਕਰਵਾਉਣ ਲਈ ਇਹ ਸਮਾਜ ਸੇਵੀ ਸੰਸਥਾਵਾਂ ਸਫਲ ਵੀ ਹੋਈਆਂ। ਅਜਿਹਿਆਂ ਸੰਸਥਾਵਾਂ ਨੂੰ ਸਰਕਾਰ ਵੱਲੋਂ ਹੱਲਾਸ਼ੇਰੀ ਦੇਣ ਦੀ ਲੋੜ ਹੈ।

ਮਾਪਿਆਂ ਨੂੰ ਗੰਭੀਰ ਹੋ ਕੇ ਇਹ ਸੋਚਣਾ ਚਾਹੀਦਾ ਹੈ ਕਿ ਉਨ੍ਹਾਂ ਦਾ ਸਰਮਾਇਆ ਉਨ੍ਹਾਂ ਦੀਆਂ ਫੁੱਲੀਆਂ ਜੇਬਾਂ ਨਹੀਂ ਹਨ ਸਗੋਂ ਅਸਲ ਸਰਮਾਇਆ ਉਨ੍ਹਾਂ ਦੀ ਔਲਾਦ ਹੈ। ਔਲਾਦ ਨੂੰ ਨੈਤਿਕ ਕਦਰਾਂ ਕੀਮਤਾਂ ਦਾ ਗਿਆਨ ਦੇਣ ਦੇ ਨਾਲ ਨਾਲ ਭਵਿੱਖ ਪ੍ਰਤੀ ਉਸਾਰੂ ਸੋਚ ਦਾ ਧਾਰਨੀ ਬਣਾਉਣ ਲਈ ਮਾਪਿਆਂ ਨੂੰ ਆਪ ਰੋਲ ਮਾਡਲ ਬਣਨਾ ਚਾਹੀਦਾ ਹੈ । ਅੱਜ ਕੱਲ੍ਹ ਦੇ ਬੱਚੇ ਸੁਨਣ ਸੁਨਾਉਣ ਵਿੱਚ ਨਹੀਂ ਸਗੋਂ ਨਕਲ ਕਰਨ ਵਿੱਚ ਯਕੀਨ ਕਰਦੇ ਹਨ। ਆਪਣੇ ਅਸਲੀ ਸਰਮਾਏ ਨੂੰ ਸੰਭਾਲਣ ਲਈ ਪਹਿਲਾਂ ਮਾਪਿਆਂ ਦਾ ਆਪ ਨਸ਼ਿਆਂ ਰਹਿਤ ਜੀਵਨ ਬਤੀਤ ਕਰਨਾ ਅਤਿਅੰਤ ਜਰੂਰੀ ਹੈ। ਦੁਖਾਂਤਕ ਪਹਿਲੂ ਇਹ ਵੀ ਹੈ ਕਿ ਇਸ ਵੇਲੇ ਸਮਾਜ, ਮਾਪੇ, ਅਧਿਆਪਕ ਅਤੇ ਸਮੇਂ ਦੀ ਸਰਕਾਰ ਦੇ ਇੱਕ ਦੂਜੇ ਵੱਲ ਮੂੰਹ ਨਹੀਂ ਸਗੋਂ ਪਿੱਠਾਂ ਕੀਤੀਆਂ ਹੋਈਆਂ ਹਨ। ਸਮਾਜ ਦਾ ਗੰਧਲਾਪਨ, ਅਧਿਆਪਕਾਂ ਦਾ ਜ਼ਿੰਦਗੀ ਦੀ ਪੜ੍ਹਾਈ ਦੀ ਥਾਂ ਸਿਰਫ ਕਿਤਾਬੀ ਪੜ੍ਹਾਈ ਤੇ ਜ਼ੋਰ ਅਤੇ ਸਮਾਜ ਦਾ ਉਸਾਰੂ, ਜਾਗਰੂਕ ਸਮਾਜ ਸਿਰਜਨ ਦੀ ਥਾਂ ਸਿਰਫ ਨਿੱਜ ਦਾ ਸਫਰ ਨੌਜਵਾਨਾਂ ਲਈ ਘਾਤਕ ਬਣ ਰਿਹਾ ਹੈ। ਭਲਾਂ , ਇੱਕ ਪਿੰਡ ਵਿੱਚ ਕਿੰਨ੍ਹੇ ਕੁ ਨਸ਼ਾ ਵੇਚਣ ਵਾਲੇ ਹਨ ? ਵੱਧ ਤੋਂ ਵੱਧ 8-10 ਹੀ ਹੁੰਦੇ ਹਨ। ਪਿੰਡ ਦੇ ਲੋਕਾਂ ਦਾ ਏਕਾ ਉਨ੍ਹਾਂ ਨੂੰ ਅਜਿਹੇ ਕਾਲੇ ਧੰਦੇ ਕਰਨ ਤੋਂ ਰੋਕ ਸਕਦਾ ਹੈ। ਪਰ ਕਈ ਵਾਰ ਅਗਾਂਹ ਪੁਲੀਸ ਦੀ ਢਿੱਲ ਮੱਠ ਜਿੱਥੇ ਲੋਕਾਂ ਦੀ ਦ੍ਰਿੜ ਇੱਛਾ ਸ਼ਕਤੀ ਤੇ ਸੱਟ ਮਾਰਦੀ ਹੈ, ਉੱਥੇ ਹੀ ਤਸਕਰਾਂ ਦੇ ਹੌਂਸਲੇ ਬੁਲੰਦ ਕਰਨ ਦਾ ਕਾਰਨ ਵੀ ਬਣਦੀ ਹੈ।

ਸਰਕਾਰ ਵੱਲੋਂ ਬੇਰੁਜ਼ਗਾਰਾਂ ਨੂੰ ਆਪਣੇ ਭੱਵਿਖ ਦੀ ਵੱਢ ਵੱਢ ਖਾਂਦੀ ਚਿੰਤਾ ਦਾ ਸਾਰਥਿਕ ਹੱਲ ਕਰਨ ਦੇ ਨਾਲ ਨਾਲ ਮਾਪੇ, ਅਧਿਆਪਕ, ਸਮਾਜ ਸੇਵਕ, ਬੁੱਧੀਜੀਵੀ ਅਤੇ ਸਮੇਂ ਦੀ ਸਰਕਾਰ ਦੇ ਸਾਂਝੇ ਉਪਰਾਲੇ ਨਸ਼ਿਆਂ ਦੇ ਦੈਂਤ ਨੂੰ ਚਿਤ ਕਰਕੇ ਨਰੋਏ ਅਤੇ ਸਿਹਤਮੰਦ ਸਮਾਜ ਦੀ ਸਿਰਜਨਾ ਕਰ ਸਕਦੇ ਹਨ।

# ਥੋੜਾ -ਥੋੜਾ ਹੱਸਣਾ ਜ਼ਰੂਰ ਚਾਹੀਦੈ ..



- ਗੁਰਜੀਤ ਟਹਿਣਾ
Gurjit.tehna@gmail.com
94782-77772

ਹੱਸਣਾ ਅਤੇ ਰੋਣਾਂ ਉਹ ਅਨੁਭਵ ਹੈ, ਜੋ ਸਿਰਫ਼ ਮਨੁੱਖ ਦੇ ਹਿੱਸੇ ਹੀ ਆਇਆ ਹੈ। ਹੱਸਣਾ ਇੱਕ ਮਨੋਵਿਗਿਆਨਕ ਅਨੁਭਵ ਹੈ। ਹੱਸਣਾ ਜ਼ਿੰਦਗੀ ਜਿਊਣਾ ਹੈ, ਜਦਕਿ ਬਿਨਾਂ ਹਾਸੇ ਤੋਂ ਜ਼ਿੰਦਗੀ ਲੰਘਾਉਣਾ ਤਾਂ ਜ਼ਿੰਦਗੀ ਨੂੰ ਧੱਕਾ ਦੇ ਕੇ ਪੂਰਾ ਕਰਨ ਦੇ ਬਰਾਬਰ ਹੈ।


ਜਿਵੇਂ-ਜਿਵੇਂ ਮਨੁੱਖ ਅੰਦਰ ਨਵੀਂ ਰੌਸ਼ਨੀ ਪੈਦਾ ਹੋਈ ਹੈ ਅਤੇ ਅਸੀਂ ਵੱਧ ਸੱਭਿਅਕ ਹੋਏ ਹਾਂ, ਤਿਉਂ-ਤਿਉਂ ਸਾਡੇ ਹਾਸੇ ਛੋਟੇ ਬਣਦੇ ਗਏ। ਅੱਜ-ਕੱਲ੍ਹ ਉੱਚੀ ਹੱਸਣਾ ਜਾਂ ਠਹਾਕਾ ਮਾਰ ਕੇ ਹੱਸਣਾ ਦਿਮਾਗ ਦੇ ਖੋਖਲੇਪਣ ਦੀ ਆਵਾਜ਼ ਸਮਝਿਆ ਜਾਂਦਾ ਹੈ ਅਤੇ ਕਈ ਤਰ੍ਹਾਂ ਦੀ ਸ਼ਬਦਾਵਲੀ . ਕਿਵੇਂ ਹਿੜ-ਹਿੜ ਲਾਈ ਐ ਆਦਿ ਵਰਤ ਕੇ ਹੱਸਣ ਉਪਰ ਪਾਬੰਦੀ ਲਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਹੱਸਣ ਦੀਆਂ ਕਈ ਕਿਸਮਾਂ ਅਤੇ ਕਈ ਕਾਰਨ ਹੁੰਦੇ ਹਨ। ਕੋਈ ਸੋਹਣੇ ਅਤੇ ਲਿਸ਼ਕਦੇ (ਚਮਕਦੇ) ਦੰਦ ਦੂਜਿਆਂ ਨੂੰ ਦਿਖਾਉਣ ਲਈ ਹੱਸਦਾ ਹੈ। ਕਿਸੇ ਦੇ ਹਾਸੇ ਦੀ ਛਣਕਾਰ ਬੜੀ ਸੁਰੀਲੀ ਹੁੰਦੀ ਹੈ। ਕੋਈ ਦੁਨੀਆਂ ਤੋਂ ਆਪਣਾ ਦੁੱਖ ਲੁਕਾਉਣ ਲਈ ਹੱਸਦਾ ਹੈ। ਕੋਈ ਦੂਜਿਆਂ ਨਾਲ ਹੱਸਣਾ ਆਪਣਾ ਹੱਕ ਸਮਝਦਾ ਹੈ। ਕਈ ਲੋਕ ਤਾਂ ਸਿਰਫ਼ ਫੋਕੇ ਦਿਖਾਵੇ ਲਈ ਹੀ ਹੱਸਦੇ ਹਨ। ਕੋਈ ਦੂਜਿਆਂ ਨੂੰ ਦੁਖੀ ਕਰਨ ਲਈ ਹੀ ਹੱਸਦਾ ਹੈ। ਕਈ ਅਜਿਹੇ ਵੀ ਹੁੰਦੇ ਹਨ ਜੋ ਸਿਰਫ਼ ਇਸ ਲਈ ਹੱਸਦੇ ਹਨ ਕਿਉਂਕਿ ਮਹਿਫਲ ਵਿੱਚ ਸਾਰੇ ਹੱਸ ਰਹੇ ਹਨ।

ਹੱਸਣਾ ਕਈ ਲੋਕਾਂ ਲਈ ਇੱਕ ਆਦਤ , ਕਈਆਂ ਲਈ ਸ਼ੌਕ 'ਤੇ ਕਈਆਂ ਲਈ ਮਜਬੂਰੀ ਹੁੰਦਾ ਹੈ। ਹੱਸਣਾ ਕਈ ਗੱਲਾਂ 'ਤੇ ਨਿਰਭਰ ਕਰਦਾ ਹੈ। ਜਿਵੇਂ ਉਮਰ, ਸਮਾਂ, ਸਥਾਨ ਅਤੇ ਸਾਡੇ ਨਾਲ ਕਿਹੜਾ ਵਿਅਕਤੀ ਹੈ ਆਦਿ। ਅਸੀਂ ਆਪਣੇ ਅਫ਼ਸਰਾਂ ਦੀ ਬਜਾਏ ਆਪਣੇ ਹਾਣੀਆਂ ਜਾਂ ਦੋਸਤਾਂ-ਮਿੱਤਰਾਂ ਦੀ ਮਹਿਫ਼ਲ ਵਿੱਚ ਜ਼ਿਆਦਾ ਖੁੱਲ੍ਹ ਕੇ ਹੱਸ ਸਕਦੇ ਹਾਂ।

ਜਿਵੇਂ-ਜਿਵੇਂ ਜ਼ਿੰਦਗੀ ਦੇ ਰੁਝੇਵੇਂ ਵੱਧਦੇ ਜਾਂਦੇ ਹਨ, ਉਵੇਂ ਹੀ ਸਾਡੇ ਹੱਸਣ ਦੇ ਮੌਕੇ ਰੁਝੇਵਿਆਂ ਦੇ ਹੇਠਾਂ ਦੱਬਣੇ ਸ਼ੁਰੂ ਹੋ ਜਾਂਦੇ ਹਨ। ਬਹੁਤੇ ਲੋਕ ਸਿਰਫ਼ ਰੁਝੇਵਿਆਂ ਵਿੱਚ ਹੀ ਉਲਝ ਕੇ ਰਹਿ ਜਾਂਦੇ ਹਨ ਅਤੇ ਹਾਸੇ ਦੀ ਤਲਾਸ਼ ਹੀ ਨਹੀਂ ਕਰਦੇ, ਜਦਕਿ ਖ਼ੁਸ਼ੀ ਦੇਣ ਵਾਲੇ ਬਹੁਤੇ ਮੌਕੇ ਸਾਡੀ ਉਡੀਕ ਕਰ ਰਹੇ ਹੁੰਦੇ ਹਨ।

ਇੱਕ ਵਿਅਕਤੀ ਦੇ ਗੋਡੇ ਬਹੁਤ ਦਰਦ ਕਰਦੇ ਸਨ ਅਤੇ ਤੁਰਨ ਵਿੱਚ ਤਕਲੀਫ਼ ਸੀ। ਮੈਂ ਕਿਹਾ ਕਿ ਇਸ ਤਰ੍ਹਾਂ ਤੁਰਨਾ ਬਹੁਤ ਔਖਾ ਹੈ ਪਰ ਉਸ ਨੇ ਦੁੱਖ ਦੀ ਪਰਵਾਹ ਨਾਂ ਕਰਦਿਆਂ



ਖ਼ੁਸ਼ ਹੋ ਕੇ ਕਿਹਾ, "ਮੋਰ ਵਾਂਗੂੰ ਪੈਲਾਂ ਪਾ ਰਿਹਾ ਹਾਂ।"

ਅੱਜ ਪਦਾਰਥਵਾਦ ਦੀ ਦੌੜ ਵਿੱਚ ਸਾਡੇ ਕੋਲ ਹਾਸੇ ਲੱਭਣ ਜਾਂ ਹੱਸਣ ਦਾ ਸਮਾਂ ਹੀ ਨਹੀਂ ਰਿਹਾ। ਅਸੀਂ ਜ਼ਿੰਦਗੀ ਦੀ ਹਰ ਸੁੱਖ-ਸੁਵਿਧਾ ਬੜੀ ਜਲਦੀ ਅਤੇ ਬਿਨਾਂ ਮਿਹਨਤ ਕੀਤਿਆਂ ਪ੍ਰਾਪਤ ਕਰਨੀ ਚਾਹੁੰਦੇ ਹਾਂ ਤਾਂ ਜੋ ਅਸੀਂ ਖ਼ੁਸ਼ੀ ਭਰਿਆ ਜੀਵਨ ਬਤੀਤ ਕਰ ਸਕੀਏ। ਇਸ ਤਰ੍ਹਾਂ ਅਸੀਂ ਬਹੁਤ ਸਾਰੀਆਂ ਇੱਛਾਵਾਂ ਪਾਲਦੇ ਹਾਂ ਪਰ ਜਦ ਪੂਰੀਆਂ ਨਹੀਂ ਹੁੰਦੀਆਂ ਤਾਂ ਸਾਡੇ ਅੰਦਰ ਬਚੀ-ਖੁਚੀ ਖ਼ੁਸ਼ੀ ਵੀ ਉੱਡ ਜਾਂਦੀ ਹੈ। ਅਸੀਂ ਅਸੰਤੁਸ਼ਟੀ ਤੇ ਭਟਕਣ ਵਿੱਚ ਫਸ ਜਾਂਦੇ ਹਾਂ। ਇਸ ਤਰ੍ਹਾਂ ਤਣਾਓ ਪੈਦਾ ਹੁੰਦਾ ਹੈ, ਜੋ ਮਾਨਸਿਕ ਪ੍ਰੇਸ਼ਾਨੀਆਂ ਅਤੇ ਦੁੱਖਾਂ ਦਾ ਕਾਰਨ ਬਣਦਾ ਹੈ ਪਰ ਕਈ ਵਾਰ ਸਹੂਲਤਾਂ ਪ੍ਰਾਪਤ ਹੋਣ ਦੇ ਬਾਵਜੂਦ ਅਸੀਂ ਖ਼ੁਸ਼ ਨਹੀਂ ਹੁੰਦੇ ਕਿਉਂਕਿ ਅਸੀਂ ਖ਼ੁਸ਼ ਹੋਣਾ ਹੀ ਨਹੀਂ ਚਾਹੁੰਦੇ। ਇੱਕ ਵਾਰ ਮੈਂ ਕਿਸੇ ਅਮੀਰ ਆਦਮੀ ਨੂੰ ਪੁੱਛਿਆ, "ਤੁਹਾਡੇ ਕੋਲ ਤਾਂ ਸਭ ਕੁਝ ਹੈ ਪਰ ਤੁਸੀਂ ਫਿਰ ਵੀ ਦੁਖੀ ਕਿਉਂ ਰਹਿੰਦੇ ਹੋ ?" ਉਸ ਨੇ ਕਿਹਾ, "ਮੈਨੂੰ ਸਿਰਫ਼ ਇਸ ਗੱਲ ਦਾ ਦੁੱਖ ਹੈ ਕਿ ਮੇਰਾ ਗੁਆਂਢੀ ਜਿਸ ਕੋਲ ਕੁਝ ਨਹੀਂ ਬੜਾ



ਖ਼ੁਸ਼ ਵਸਦਾ ਹੈ।" ਕਈ ਵਾਰ ਅਸੀਂ ਅਣਜਾਣੇ ਜਾਂ ਅਣਚਾਹੇ ਵੀ ਆਪਣੇ ਆਪ ਨੂੰ ਦੁੱਖ ਦਿੰਦੇ ਰਹਿੰਦੇ ਹਾਂ, ਜਿਸ ਨਾਲ ਸਾਡੇ ਮਨ 'ਤੇ ਤਣਾਓ ਪੈਂਦਾ ਹੈ ਤੇ ਚਿਹਰਾ ਬੁਝਿਆ-ਬੁਝਿਆ ਰਹਿੰਦਾ ਹੈ। ਅਜਿਹਾ ਲੱਗਦਾ ਹੈ ਜਿਵੇਂ ਹਾਸੇ ਸਾਡੇ ਨਾਲ ਚਿਰ ਤੋਂ ਰੁੱਸ ਗਏ ਹੋਣ। "ਕਿਸੇ ਨੇ ਪੂਛਾ ਰੋਤੇ ਕਿਉਂ ਹੋ ?" ਜਵਾਬ ਥਾ, "ਰੋਤੇ ਨਹੀਂ ਸ਼ਕਲ ਹੀ ਐਸੀ ਹੈ।"

ਸਰੀਰ ਦੀ ਤੰਦਰੁਸਤੀ ਲਈ ਜਿੰਨਾ ਭੋਜਨ ਜ਼ਰੂਰੀ ਹੈ, ਚਿਹਰੇ ਦੀ ਤੰਦਰੁਸਤੀ ਲਈ ਹੱਸਣਾ ਓਨਾ ਹੀ ਜ਼ਰੂਰੀ ਹੈ। ਅਰੋਗਤਾ ਲਈ ਨਿਰਛਲ ਤੇ ਸਾੜਾ-ਰਹਿਤ ਹਾਸਾ ਇੱਕ ਸੰਜੀਵਨੀ ਬੂਟੀ ਤੋਂ ਘੱਟ ਨਹੀਂ ਹੈ। ਹੱਸਣ ਨਾਲ ਸਾਡੇ ਚਿਹਰੇ ਤੇ ਮਾਸਪੇਸ਼ੀਆਂ ਦੀ ਵਧੀਆ ਕਸਰਤ ਹੋ ਜਾਂਦੀ ਹੈ। ਖ਼ੂਨ ਦਾ ਦੌਰਾ ਤੇਜ਼ ਹੁੰਦਾ ਹੈ ਅਤੇ ਰੋਜ਼ਾਨਾ ਨੇਮ ਨਾਲ ਕੁਝ ਸਮਾਂ ਹੱਸਣ ਨਾਲ ਚਿਹਰੇ 'ਤੇ ਨਿਖਾਰ ਆਉਂਦਾ ਹੈ। ਨਾਲ ਹੀ ਚਿਹਰੇ ਦੀ ਨੁਹਾਰ ਵੀ ਦਿਲ-ਖਿੱਚਵੀਂ ਲੱਗਦੀ ਹੈ। ਭਾਵੇਂ ਸਾਡਾ ਸਮਾਜ ਹੱਸਣ ਦੇ ਦੋਹਰੇ ਅਰਥ ਲੈਂਦਾ ਹੈ। ਜਿਵੇਂ ਲੋਕ ਗੀਤ ਵਿੱਚ ਪੇਸ਼ ਹੈ:-

ਚਿੱਟੇ ਦੰਦ ਹੱਸਣੋਂ ਨਾ ਰਹਿੰਦੇ, ਲੋਕੀਂ ਭੈੜੇ ਸ਼ਕ ਕਰਦੇ।

ਸਿਹਤ ਦੀ ਤੰਦਰੁਸਤੀ ਲਈ ਹੱਸਣਾ ਜ਼ਰੂਰੀ ਹੈ। ਹੱਸਣਾ ਰੂਹ ਦੀ ਖ਼ੁਰਾਕ ਮੰਨਿਆ ਗਿਆ ਹੈ। ਸਦਾ ਗੁਲਾਬ ਵਾਂਗ ਖਿੜਿਆ ਚਿਹਰਾ ਸਭ ਪਾਸੇ ਮਹਿਕ ਖਿਡਾਉਂਦਾ ਰਹਿੰਦਾ ਹੈ। ਜੇ ਅਸੀਂ ਗੱਲ ਕਰਦੇ ਸਮੇਂ ਮੱਥੇ 'ਤੇ ਤਿਉੜੀਆਂ ਪਾ ਲੈਂਦੇ ਹਾਂ ਅਤੇ ਰੁੱਸਿਆ ਜਿਹਾ ਮੂੰਹ ਬਣਾ ਲੈਂਦੇ ਹਾਂ ਤਾਂ ਸਾਹਮਣੇ ਵਾਲਾ ਸਾਡੇ ਨਾਲ ਗੱਲ ਕਰਨੀ ਪਸੰਦ ਨਹੀਂ ਕਰੇਗਾ। ਕਿਤੇ ਅਚਾਨਕ ਮੇਲ ਹੋਣ 'ਤੇ ਉਹ ਪਾਸਾ ਵੱਟ ਕੇ ਲੰਘ ਜਾਣਾ ਚੰਗਾ ਸਮਝੇਗਾ। ਅਜਿਹੇ ਲੋਕ ਖ਼ੁਸ਼ੀ ਨਾਲ ਰੁੱਸੇ ਹੋਏ ਹੁੰਦੇ ਹਨ। ਜੋ ਕਦੇ-ਕਦੇ ਮੁਰਝਾਏ ਹੋਏ ਚਿਹਰਿਆਂ 'ਚੋਂ ਬੀਮਾਰ ਜਿਹਾ ਹਾਸਾ ਹੱਸਦੇ ਹਨ। ਦੇਖਣ ਨੂੰ ਬੜੇ ਹੀ ਗੁਸੈਲੇ ਅਤੇ ਅੱਖੜ ਸੁਭਾਅ ਦੇ ਮਾਲਕ ਲੱਗਦੇ ਹਨ। ਇਨ੍ਹਾਂ ਦਾ ਜੀਵਨ ਖ਼ੁਸ਼ਕੀ ਭਰਿਆ ਹੁੰਦਾ ਹੈ। ਇੱਕ ਮਨੋਵਿਗਿਆਨਿਕ ਤੱਥ ਹੈ ਕਿ ਹੱਸਣ ਨਾਲ ਸਾਡਾ ਗੁੱਸਾ ਠੰਢਾ ਹੋ ਜਾਂਦਾ ਹੈ ਅਤੇ ਮਨ, ਤਨ 'ਤੇ ਪਿਆ ਤਣਾਓ ਦੂਰ ਹੋ ਜਾਂਦਾ ਹੈ। ਰੂਹ ਵਿੱਚੋਂ ਮੁਸਕਰਾਹਟ ਦੀਆਂ ਫੁਹਾਰਾਂ ਫੁੱਟਦੀਆਂ ਹਨ।

ਰੋਜ਼ਾਨਾ ਜ਼ਿੰਦਗੀ ਵਿੱਚ ਬਹੁਤ ਸਾਰੇ ਕੰਮ ਅਜਿਹੇ ਹੁੰਦੇ ਹਨ, ਜੋ ਸਾਨੂੰ ਕਰਨੇ ਹੀ ਪੈਂਦੇ ਹਨ। ਜੇ ਅਸੀਂ ਉਨ੍ਹਾਂ ਕੰਮਾਂ ਨੂੰ ਹੱਸਦੇ ਹੋਏ ਖਿੜੇ ਮੱਥੇ ਕਰੀਏ ਤਾਂ ਉਹ ਖ਼ਤਮ ਹੋਣ ਉਪਰੰਤ ਸਾਨੂੰ ਸਾਵੀਂ ਖ਼ੁਸ਼ੀ ਦਿੰਦੇ ਹਨ ਅਤੇ ਸਾਨੂੰ ਸੰਤੁਸ਼ਟੀ ਮਿਲਦੀ ਹੈ ਪਰ ਜੇ ਅਸੀਂ ਅਣਚਾਹੇ ਜਾਂ ਗੁੱਸੇ ਮਨ ਨਾਲ ਅਜਿਹੇ ਕੰਮ ਕਰਦੇ ਹਾਂ ਤਾਂ ਮਨ ਉੱਪਰ ਤਣਾਓ ਬਣਿਆ ਹੋਣ ਕਰਕੇ ਉਸ ਕੰਮ ਦੇ ਵਿਗੜਨ ਜਾਂ ਸਹੀ ਨਾ ਹੋਣ ਦੀ ਸੰਭਾਵਨਾ ਅਕਸਰ ਵਧ ਜਾਂਦੀ ਹੈ ਜੋ ਮਾਨਸਿਕ ਅਸੰਤੁਸ਼ਟੀ ਤੇ ਦੁੱਖਾਂ ਦਾ ਕਾਰਨ ਬਣਦੀ ਹੈ। ਅਜਿਹਾ ਕੰਮ ਕਰਨਾ, ਕੰਮ ਨਾ ਕਰਨ ਦੇ ਬਰਾਬਰ ਹੁੰਦਾ ਹੈ। ਮੁਰਦੇ ਬਣ ਕੇ ਲੰਮੀ ਜ਼ਿੰਦਗੀ ਗੁਜ਼ਾਰਨ ਨਾਲੋਂ ਹੱਸ-ਖੇਡ ਕੇ ਗੁਜ਼ਾਰੇ ਪਲ ਜ਼ਿਆਦਾ ਸਾਰਥਿਕ ਹੁੰਦੇ ਹਨ। ਇਸ ਲਈ ਸਾਨੂੰ ਵੱਧ ਤੋਂ ਵੱਧ ਸਮਾਂ ਹੱਸ-ਖੇਡ ਕੇ ਗੁਜ਼ਾਰਨਾ ਚਾਹੀਦਾ ਹੈ। ਇਸ ਤਰ੍ਹਾਂ ਸਾਨੂੰ ਮਿਲਣ ਵਾਲੇ ਲੋਕਾਂ ਦੇ ਮਨਾਂ 'ਤੇ ਸਾਡੀ ਸ਼ਖ਼ਸੀਅਤ ਦਾ ਖਾਕਾ ਚੰਗਾ ਬਣਦਾ ਹੈ। ਘਰ ਆਏ ਮਹਿਮਾਨ ਦਾ ਸਵਾਗਤ ਖ਼ੁਸ਼ੀ ਭਰੇ ਤੇ ਨਿੱਘੇ ਮਾਹੌਲ ਵਿੱਚ ਕਰਨਾ ਚਾਹੀਦਾ ਹੈ। ਵਿਛੜਨ ਸਮੇਂ ਵੀ ਨਿਮਰ ਤੇ ਮੁਸਕਰਾਹਟ ਭਰਿਆ ਪ੍ਰਤੀਕਰਮ ਹੋਣਾ ਚਾਹੀਦਾ ਹੈ। ਜਿਸ ਘਰ ਵਿੱਚ ਖ਼ੁਸ਼ੀ, ਹਾਸੇ ਭਰਿਆ ਮਾਹੌਲ ਹੈ, ਉਹ ਪਰਿਵਾਰ ਸਵਰਗ ਦੇ ਤੁਲ ਹੁੰਦਾ ਹੈ। ਇਹ ਸਾਰੇ ਮੈਂਬਰਾਂ ਲਈ ਮੋਹ ਦੀਆਂ ਤੰਦਾਂ ਹੋਰ ਵੀ ਮਜ਼ਬੂਤ ਤੇ ਪਿਆਰ ਭਰੀਆਂ ਬਣਾ ਦਿੰਦਾ ਹੈ। ਅਜਿਹੇ ਪਰਿਵਾਰ ਅਕਸਰ ਤਰੱਕੀ ਦੇ ਵਧੇਰੇ ਮੌਕੇ ਪੈਦਾ ਕਰਨ ਦੇ ਸਮਰੱਥ ਹੁੰਦੇ ਹਨ।

ਕਈ ਰਿਸ਼ਤਿਆਂ ਦੀ ਪਛਾਣ ਤਾਂ ਸਿਰਫ਼ ਹਾਸਾ-ਮਖੌਲ ਹੀ ਹੁੰਦਾ ਹੈ ਕਿਉਂਕਿ ਦਿਓਰ-ਭਰਜਾਈ, ਜੀਜਾ-ਸਾਲੀ ਅਤੇ ਦੋਸਤਾਂ-ਮਿੱਤਰਾਂ ਨਾਲ ਬੈਠੇ ਹਾਸੇ ਦੀ ਗੰਭੀਰਤਾ ਨਾਲ ਰਿਸ਼ਤੇ ਦੀ ਡੂੰਘਾਈ ਮਾਪੀ ਜਾ ਸਕਦੀ ਹੈ। ਹਾਸਾ ਸਰਬਵਿਆਪੀ ਸ਼ਬਦ ਹੈ। ਇਸੇ ਲਈ ਅਨੇਕਾਂ ਲੋਕ ਗੀਤਾਂ ਤੇ ਬੋਲੀਆਂ ਦਾ ਵਿਸ਼ਾ ਵੀ ਬਣਿਆ ਹੈ।

ਮੇਰਾ ਦਿਓਰ ਬੜਾ ਟੁੱਟ ਪੈਣਾ, ਨੀਂ ਹੱਸਦੀ ਦੇ ਦੰਦ ਗਿਣਦਾ।

ਜਾਂ ਇਹ ਦੁਨੀਆਂ ਮੰਡੀ ਪੈਸੇ ਦੀ, ਹਰ ਚੀਜ਼ ਵਿਕੇਂਦੀ ਭਾਅ ਸੱਜਣਾ, ਇੱਥੇ ਰੋਂਦੇ ਚਿਹਰੇ ਨਹੀਂ ਵਿਕਦੇ, ਹੱਸਣ ਦੀ ਆਦਤ ਪਾ ਸੱਜਣਾ।

ਖ਼ੁਸ਼ੀ ਜਾਂ ਹਾਸਿਆਂ ਵਿੱਚ ਬਹੁਤ ਸਾਰੇ ਲੋਕ ਸਾਡੇ ਸਾਥੀ ਹੋਣਗੇ ਅਤੇ ਦੁੱਖ ਸਮੇਂ ਅਸੀਂ ਇਕੱਲੇ ਹੋਵਾਂਗੇ। ਜਦ ਸਾਨੂੰ ਪਤਾ ਹੈ ਕਿ ਅਸੀਂ ਰੋ ਕੇ ਜਿਊਣ ਨਾਲੋਂ ਹੱਸ-ਖੇਡ ਕੇ ਵਧੀਆ ਜੀਵਨ ਬਤੀਤ ਕਰ ਸਕਦੇ ਹਾਂ ਤਾਂ ਸਾਨੂੰ ਵੱਧ ਤੋਂ ਵੱਧ ਸਮਾਂ ਹੱਸਦੇ ਹੋਏ ਗੁਜ਼ਾਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਫਾਲਤੂ ਦੇ ਤਣਾਵਾਂ ਤੋਂ ਦੂਰ ਰਹਿਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਤਾਂ ਜੋ ਸਾਡਾ ਜੀਵਨ ਗੁਲਾਬ ਦੇ ਫੁੱਲ ਵਾਂਗ ਖਿੜਿਆ ਰਹੇ। ਇਸ ਦੀ ਮਹਿਕ ਸਾਰੀ ਫ਼ਿਜ਼ਾ ਵਿੱਚ ਫੈਲੇ, ਆਪਸੀ ਪਿਆਰ ਵਧੇ-ਫੁੱਲੇ। -

# 'ਖੇੜਿਆਂ ਨੂੰ ਲਈ ਜਾਂਦਾ ਏ, ਕੋਈ ਪੁੱਟ ਕੇ ਸਿਆਲੋਂ ਬੂਟਾ' ਲਿਖਣ ਵਾਲਾ ਅਲਮਸਤ ਦੇਸਰਪੁਰੀ



ਅਸ਼ੋਕ ਭੌਰਾ ਅਤੇ ਅਲਮਸਤ ਦੇਸਰਪੁਰੀ

ਜ਼ਿੰਦਗੀ ਦੀਆਂ ਪ੍ਰੀਖਿਆਵਾਂ 'ਕੱਲਿਆਂ ਨੂੰ ਹੀ ਦੇਣੀਆਂ ਪੈਂਦੀਆਂ ਹਨ, ਇਹੋ ਕੌੜਾ ਸੱਚ ਹੈ। ਸ਼ੋਹਰਤ ਪੱਖੋਂ ਅਲਮਸਤ ਦੇਸਰਪੁਰੀ ਦੇ ਨਾਂਅ ਦੀ ਕਿਸੇ ਵੇਲੇ ਨੇਰ੍ਹੀ ਚੜ੍ਹੀ ਹੋਈ ਸੀ। ਕਿੱਥੇ ਭੁੱਲੇਗਾ 'ਖੇੜਿਆਂ ਨੂੰ ਲਈ ਜਾਂਦਾ ਏ ਕੋਈ ਪੁੱਟ ਸਿਆਲੋਂ ਬੂਟਾ', 'ਬਾਜਾਂ ਵਾਲਾ ਬਾਜਾਂ ਮਾਰਦਾ', 'ਇਕ ਗੁੱਜਰੀ ਰਬੜ ਦਾ ਬਾਵਾ ਮੱਝਾਂ ਦਾ ਦੁੱਧ ਵੇਚਦੀ ਫਿਰੇ', 'ਖੇੜਿਆਂ ਵਾਲੇ ਲੈ ਗਏ ਲੁੱਟ ਕੇ ਹੀਰਿਆਂ ਵਰਗੀ ਹੀਰ ਨੂੰ' ਆਦਿ ਗੀਤ ਲਿਖਣ ਵਾਲਾ ਮਸਤ ਬੰਦਾ ਸੀ ਅਲਮਸਤ ਦੇਸਰਪੁਰੀ। ਚਾਰ ਕੁ ਸਾਲ ਪਹਿਲਾਂ ਉਹ ਕੈਨੇਡਾ ਬਿਮਾਰ ਹੋਇਆ ਤੇ ਮੁੜ ਕੇ ਪੈਰੀਂ ਨਾ ਆ ਸਕਿਆ। ਜਦੋਂ ਪਤਨੀ ਨਸੀਬ ਕੌਰ ਚਲੀ ਗਈ ਤਾਂ ਅਲਮਸਤ ਦੇ ਨਸੀਬਾਂ ਨੂੰ ਇਕ ਹੋਰ ਠੋਕਰ ਵੱਜ ਗਈ। ਉਹ ਟੁੱਟਦਾ ਗਿਆ ਤੇ ਆਖਰ ਢੇਰੀ ਢਾਹ ਹੀ ਗਿਆ।ਸ਼ਾਇਦ ਬਹੁਤ ਲੋਕਾਂ ਨੂੰ ਇਸ ਗੱਲ ਦਾ ਪਤਾ ਸੀ ਕਿ 'ਲੋਕੀਂ ਚਿੱਠੀਆਂ ਪਾਉਣੀਆਂ ਭੁੱਲ ਗਏ ਜਦੋਂ ਦਾ ਟੈਲੀਫੋਨ ਲੱਗਿਆ' ਵਰਗੇ ਗੀਤ ਲਿਖਣ ਵਾਲਾ ਇਹ ਸ਼ਾਇਰ ਜ਼ਿੰਦਗੀ ਦੀ ਗੱਡੀ ਇਕ ਰਾਜ ਮਿਸਤਰੀ ਵਜੋਂ ਖਿੱਚਦਾ ਰਿਹਾ। ਕਈ ਵਾਰੀ ਰਾਤ ਨੂੰ ਦੋ ਘੜੀਆਂ ਅਰਾਮ ਕਰਨ ਵੇਲੇ ਉਹ ਪੈੱਨ ਚੁੱਕ ਕੇ ਪਰ੍ਹਾਂ ਰੱਖ ਦਿੰਦਾ ਸੀ, ਪਰ ਜੰਗ ਵਿਚ ਹਾਰੇ ਫੌਜੀ ਦੀ ਵਹੁਟੀ ਵਾਂਗ ਹਿੰਮਤ ਨਾਲ ਉੱਠਦਾ ਤੇ ਖਿਆਲਾਂ ਨੂੰ ਫਿਰ ਸ਼ਬਦਾਂ 'ਚ ਬੰਨ੍ਹਣ ਲੱਗ ਪੈਂਦਾ। ਉਹ ਇਸ ਆਸ ਨਾਲ ਜਿਊਂਦਾ ਰਿਹਾ ਕਿ ਭਲੇ ਦਿਨ ਕਦੇ ਤਾਂ ਆਉਣਗੇ। ਅਲਮਸਤ ਆਪਣੇ ਆਪ ਨੂੰ ਆਖਰੀ ਦਮ ਤੱਕ ਸੰਭਾਲਦਾ ਰਿਹਾ। ਪਰਦੇਸਾਂ ਵਿਚ ਗੇੜੇ ਮਾਰਨ ਲੱਗ ਪਿਆ। ਅਮਰੀਕਾ ਦੋ ਕੁ ਮਹੀਨੇ ਰਿਹਾ ਤਾਂ ਉਹਦੇ ਨਾਲ ਕਈ ਮੁਲਾਕਾਤਾਂ ਹੋਈਆਂ। ਅਮਰੀਕਾ ਦੇ ਪੰਜਾਬੀ ਸੰਗੀਤਕ ਹਲਕਿਆਂ ਵਿਚ ਉਹਦੀ ਚੰਗੀ ਪੁੱਛ ਪ੍ਰਤੀਤ ਵੀ ਹੋਈ।

ਜਲੰਧਰ ਜ਼ਿਲ੍ਹੇ ਦੇ ਅਠੌਲਾ ਲਾਗੇ ਪੈਂਦੇ ਪਿੰਡ ਦੇਸਰਪੁਰ ਵਿਚ ਪਿਤਾ ਹਰਨਾਮ ਸਿੰਘ ਦੇ ਘਰ ਤੇ ਮਾਤਾ ਪੁੰਨਾ ਦੇਵੀ ਦੀ ਕੁੱਖੋਂ ਜਨਮਿਆ ਗੁਰਦਿਆਲ ਸਿੰਘ ਸਮਾਂ ਪਾ ਕੇ ਆਪਣੇ ਗੀਤਾਂ ਤੇ ਸ਼ਾਇਰੀ ਨਾਲ ਅਲਮਸਤ ਦੇਸਰਪੁਰੀ ਬਣ ਗਿਆ। ਉਹਦੇ ਪਿੰਡ ਦੇ ਲੋਕ ਉਹਦੇ 'ਤੇ ਬੜਾ ਮਾਣ ਕਰਦੇ ਸਨ। ਅਸਲ 'ਚ ਅਲਮਸਤ ਨੇ ਗ਼ਰੀਬੀ ਨੂੰ ਪਿੰਡੇ 'ਤੇ ਹੰਢਾਇਆ ਤੇ ਚੰਗੇ ਦਿਨਾਂ ਦੀ ਉਡੀਕ ਕਰਦਾ-ਕਰਦਾ ਚਲੇ ਗਿਆ। ਸੱਚ ਇਹ ਵੀ ਹੈ ਕਿ ਉਹ ਤੀਸਰੀ ਜਮਾਤ ਵਿਚੋਂ ਸਕੂਲੋਂ ਭੱਜ ਗਿਆ ਸੀ। ਡੰਗਰ ਵੀ ਚਾਰੇ, ਮਜ਼ਦੂਰ ਵੀ ਕੀਤੀ, ਮਿਸਤਰੀਪੁਣਾ ਵੀ ਕੀਤਾ, ਪਰ ਆਪਣੇ ਸ਼ਾਇਰ ਮਨ ਨੂੰ ਜਿਊਂਦਿਆਂ ਰੱਖਿਆ। 1976 'ਚ 'ਧੰਨ ਧਰਤੀ ਪਟਨੇ ਸ਼ਹਿਰ ਦੀ' ਸਵਰਨ ਚੰਦ ਲਹਿਰੀ ਨੇ ਉਹਦਾ ਪਹਿਲਾ ਗੀਤ ਰਿਕਾਰਡ ਕਰਵਾਇਆ ਸੀ ਤੇ ਜਦੋਂ ਹੰਸ ਰਾਜ ਹੰਸ ਨੇ:

ਚੁੱਕ ਕੇ ਜੱਟੀ ਨੂੰ ਡੋਲੀ ਲੈ ਗਏ ਨੇ ਕਹਾਰ
ਰਾਂਝਣ ਵਿਚਾਰਾ ਰਿਹਾ ਖੜ੍ਹਾ ਭੁੱਬਾਂ ਮਾਰ
ਰਾਂਝੇ ਨਾਲ ਹੀਰੇ ਨੀ ਤੂੰ ਜ਼ੁਲਮ ਕਮਾਇਆ
ਹੱਥ ਜੱਟ ਦੇ ਫੜ੍ਹਾ ਗਈਂ ਏਂ ਠੂਠਾ
ਖੇੜਿਆਂ ਨੂੰ ਲਈ ਜਾਂਦਾ ਏ
ਕੋਈ ਪੁੱਟ ਕੇ ਸਿਆਲੋਂ ਬੂਟਾ

ਤੇ ਇਸ ਗੀਤ ਦੀ ਆਖਰੀ ਸਤਰ ਵੀ ਉਹਨੂੰ ਜਾਨਣ ਵਾਲਿਆਂ ਨੂੰ ਯਾਦ ਹੈ 'ਚੰਗਾ ਰਹਿੰਦਾ ਹੀਰੇ ਅਲਮਸਤ ਬੜਾ, ਤੇਰੇ ਪਿਉ ਤੋਂ




ਅਲਮਸਤ ਦੇਸਰਪੁਰੀ

ਲਵਾ ਲੈਂਦਾ ਗੂਠਾ'।

ਪੰਜਾਬ ਦੀਆਂ ਰਹੁਰੀਤਾਂ ਵਿਚ ਵਿਚਰ ਕੇ ਹਾਸੇ ਠੱਠੇ, ਮਖੌਲ, ਮਸ਼ਕਰੀਆਂ ਤੇ ਇੱਥੋਂ ਦੇ ਲੋਕਾਂ ਦੇ ਖੁੱਲ੍ਹੇ ਸੁਭਾਅ ਦੀ ਗੱਲ ਕਰਨ ਵਾਲਾ ਅਲਮਸਤ ਕਈ ਵਾਰੀ ਧੁਰ ਅੰਦਰ ਤੱਕ ਉੱਤਰ ਜਾਂਦਾ ਸੀ। ਜਦੋਂ ਉਹ ਲਿਖਦਾ :

ਕਾਲੀ ਕਾਲੀ ਬੱਦਲੀ ਪਹਾੜ ਵਲੋਂ ਆਈ
ਉਸ ਬੱਦਲੀ 'ਚ ਨੀਲਾ ਨੀਲਾ ਪਾਣੀ ਆਂ
ਵੇ ਮਾਹੀਆ ਬੇਸਮਝਾ
ਤੂੰ ਮੇਰੇ ਦਿਲ ਦੀਆਂ ਕਦੇ ਵੀ ਨਹੀਂ ਜਾਣੀਆਂ

ਅਲਮਸਤ ਦੇ ਦੋ ਪੁੱਤਰ ਤੇ ਚਾਰ ਧੀਆਂ ਹਨ ਤੇ ਕਬੀਲਦਾਰੀ ਨੂੰ ਉਸਨੇ ਚੰਗੇ ਢੰਗ ਨਾਲ ਨਜਿੱਠ ਲਿਆ ਸੀ। ਉਸਦਾ ਇਕੋ ਪੁੱਤਰ ਸੰਤੋਖ ਸਿੰਘ ਹੀ ਕਦੇ ਕਦਾਈਂ ਹੀ ਗੀਤ ਲਿਖਣ ਦਾ ਸ਼ੌਕੀਨ ਹੈ। ਅਲਮਸਤ ਦੇ ਗੀਤ ਯਾਦ ਆਉਂਦੇ ਰਹਿਣਗੇ ਤੇ ਸਿਹਤਮੰਦ ਗਾਇਕੀ ਨੂੰ ਪਿਆਰ ਕਰਨ ਵਾਲੇ ਪੰਜਾਬੀ ਅਲਮਸਤ ਦੇਸਰਪੁਰੀ ਦਾ ਨਾਂ ਕਦੇ ਵੀ ਨਹੀਂ ਭੁੱਲਣਗੇ।

**ਅਸ਼ੋਕ ਭੌਰਾ**

A-CHOICE DRIVING SCHOOL
Bay# 324, 4774 Westwinds Dr NE
Calgary Alberta T3J 0L9
Tel: 403-473-1682

Punjab MONEY EXCHANGE
Pick Up & Delivery
NO EXTRA CHARGES
Contact for Sending & Receiving MONEY TO INDIA
ਬਿੱਕਰ ਗਿੱਲ 780 993 1463
2603-Hewes way, Unit-208, Edmonton T6L 6W6
CONTACT FOR FAST SERVICE
Bikkar Gill (Moga) 780-465-6166
ਇੰਡੀਆ 'ਚ ਜਲਦੀ ਪੈਸੇ ਪਹੁੰਚਾਉਣ ਜਾਂ ਮੰਗਵਾਉਣ ਲਈ ਪੰਜਾਬ ਮਨੀ ਐਕਸਚੇਂਜ ਦੀ ਵਧੀਆ ਸਰਵਿਸ ਲਈ ਕਾਲ ਕਰੋ।

Sun Life
Advice from someone you trust.
It's important to protect yourself and your family from the financial impact of lost income due to accident, illness or disability. Do you have a plan in place?
Critical illness insurance • Life insurance • Personal health insurance
Harvinder Singh
587-574-0029
harvinder.h.singh@sunlife.com
Sun Life Assurance Company of Canada is a member of the Sun Life group of companies.
© Sun Life Assurance Company of Canada, 2021.

TDS
TICKET DISPUTE SOLUTIONS
AMARDEEP PANDHER
"Your Ticket Defender"
NO TEXTING
STOP STOP SIGN
SPEEDING TRAFFIC TICKETS
RED LIGHT
CALL NOW
TICKET DISPUTE SOLUTIONS
PH. 780-395-0677 FAX : 780-395-0772
CELL : 780-906-1800
Email : ticketdisputesolutions@gmail.com www.ticketdisputesolutions.com
9220-34 Ave NW Edmonton, Alberta

ARROW DRYWALL INC.
The Name You Can Trust
Products of Services:
• Insulation • Drywall • Taping • Texturing • Blow Insulation
ਇੰਸੂਲੇਸ਼ਨ • ਡਰਾਈਵਾਲ • ਟੇਪਿੰਗ • ਬਲੋ ਇੰਸੂਲੇਸ਼ਨ • ਟੈਕਸਚਰਿੰਗ •
ਭਰੋਸੇਯੋਗ ਤੇ ਤਸੱਲੀਬਖ਼ਸ਼ ਕੰਮ ਕਰਵਾਉਣ ਲਈ ਫੋਨ ਕਰੋ ਜਾਂ ਮਿਲੋ
Ricky Kaler
Cell: 403-472-4243 Off: 403-483-0004 Fax: 403-532-2318
505-4655 54 Ave NE Calgary Alberta T3J 3M3 www.arrowdrywall.com

# ਬਠਿੰਡਾ 'ਚ ਮਹਿੰਗਾਈ ਖ਼ਿਲਾਫ਼ ਅਨੋਖਾ ਪ੍ਰਦਰਸ਼ਨ



ਬਠਿੰਡਾ (ਪੰਜਾਬੀ ਅਖਬਾਰ ਬਿਊਰੋ)-ਹਰੀਆਂ ਸਬਜ਼ੀਆਂ 'ਤੇ ਪਈ ਮਹਿੰਗਾਈ ਦੀ ਮਾਰ ਖ਼ਿਲਾਫ਼ ਸਾਬਕਾ ਕੌਂਸਲਰ ਵਿਜੈ ਕੁਮਾਰ ਨੇ ਬਾਜ਼ਾਰਾਂ 'ਚ ਸਬਜ਼ੀਆਂ ਦਾ ਟੋਕਰਾ ਸਿਰ 'ਤੇ ਰੱਖ ਅਤੇ ਆਪਣੇ-ਆਪ ਨੂੰ ਸਬਜ਼ੀਆਂ ਨਾਲ ਸਜਾ ਕੇ ਅਨੋਖਾ ਰੋਸ ਮੁਜ਼ਾਹਰਾ ਕੀਤਾ। ਦੋ ਸੁਰੱਖਿਆ ਕਰਮੀ ਵੀ ਵਿਜੈ ਕੁਮਾਰ ਨਾਲ-ਨਾਲ ਚੱਲ ਰਹੇ ਸਨ। ਵਿਜੈ ਕੁਮਾਰ ਨੇ ਦੱਸਿਆ ਕਿ ਹੁਣ ਲੋਕ ਫ਼ਲਾਂ ਦੀ ਥਾਂ ਹਰੀਆਂ ਸਬਜ਼ੀਆਂ ਦੇ ਟੋਕਰੇ ਆਪਣੇ ਰਿਸ਼ਤੇਦਾਰਾਂ ਨੂੰ ਤੋਹਫ਼ੇ ਵਜੋਂ ਦੇਣੇ ਸ਼ੁਰੂ ਕਰਨਗੇ। ਉਨ੍ਹਾਂ ਭਾਅ ਦੱਸ-ਦੱਸ ਕੇ ਸਬਜ਼ੀਆਂ ਵੇਚਣ ਦਾ ਹੋਕਾ ਦਿੱਤਾ। ਉਨ੍ਹਾਂ ਕਿਹਾ, "ਪੱਚੀ ਰੁਪਏ ਦਾ ਇੱਕ ਨਿੰਬੂ ਲੈ ਲਓ, 250 ਰੁਪਏ ਕਿੱਲੋ ਹਰੀਆਂ ਮਿਰਚਾਂ, 100 ਰੁਪਏ ਕਿੱਲੋ ਕਰੇਲਾ, ਸੌ ਰੁਪਏ ਕਿੱਲੋ ਤੋਰੀ, 100 ਰੁਪਏ ਕਿੱਲੋ ਭਿੰਡੀ।" ਉਸ ਨੇ ਆਖਿਆ ਕਿ ਜ਼ਹਿਰੀਲਾ ਦੁੱਧ ਜਦੋਂ 70 ਰੁਪਏ ਕਿੱਲੋ ਹੋਵੇ, ਸਰ੍ਹੋਂ ਦਾ ਤੇਲ 250 ਰੁਪਏ ਲਿਟਰ ਹੋਵੇ ਤਾਂ ਹਰੀਆਂ ਸਬਜ਼ੀਆਂ ਵੀ ਪਿੱਛੇ ਕਿਉਂ ਰਹਿਣ? ਉਨ੍ਹਾਂ ਬੇਲਗ਼ਾਮ ਮਹਿੰਗਾਈ ਲਈ ਸਰਕਾਰਾਂ ਦੇ ਨਾਲ-ਨਾਲ ਲੋਕਾਂ ਨੂੰ ਵੀ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਕਿਹਾ ਕਿ ਜਦੋਂ ਸਰਕਾਰਾਂ ਫ਼ਰਜ਼ ਭੁੱਲ ਜਾਂਦੀਆਂ ਹਨ ਤਾਂ ਲੋਕ ਯਾਦ ਕਰਾਉਣ ਲਈ ਸੰਘਰਸ਼ ਕਰਦੇ ਹਨ। ਪਰ ਜਦੋਂ ਲੋਕ ਸੁੱਤੇ ਪਏ ਰਹਿਣ ਤਾਂ ਸੱਸੀਆਂ ਦੇ ਭੰਬੋਰ ਵੀ ਉੱਜੜ ਜਾਂਦੇ ਨੇ। ਉਨ੍ਹਾਂ ਲੋਕਾਂ ਨੂੰ ਹਲੂਣਦਿਆਂ ਆਖਿਆ ਕਿ ਆਏ ਦਿਨ ਜਦੋਂ ਡੀਜ਼ਲ, ਪੈਟਰੋਲ ਦੇ ਭਾਅ ਨੂੰ ਅੱਗ ਲੱਗਦੀ ਹੈ ਤਾਂ ਲੋਕ ਖ਼ਾਮੋਸ਼ੀ ਨਾਲ ਸਭ ਜਰਦੇ ਹਨ। ਉਨ੍ਹਾਂ ਕਿਹਾ ਕਿ ਜੇ ਲੋਕ ਇੱਕ ਦਿਨ ਲਈ ਵੀ ਆਪਣੇ ਵਾਹਨ ਨਾ ਚਲਾ ਕੇ ਵਿਰੋਧ ਦਰਜ ਕਰਵਾਉਣ ਤਾਂ ਯਕੀਨਨ ਸਰਕਾਰਾਂ ਇਸ ਮਹਿੰਗਾਈ ਦੀ ਮਾਰ ਸਬੰਧੀ ਸੋਚਣ ਲਈ ਮਜਬੂਰ ਹੋਣਗੀਆਂ।

# ਰਾਜਾ ਵੜਿੰਗ ਨੇ ਸਸਤੀ ਬਿਜਲੀ ਦਾ ਵਾਅਦਾ ਪੂਰਾ ਕਰਨ ਲਈ ਭਗਵੰਤ ਮਾਨ ਦੀ ਕੀਤੀ ਸ਼ਲਾਘਾ



ਫ਼ਗਵਾੜਾ (ਪੰਜਾਬੀ ਅਖਬਾਰ ਬਿਊਰੋ)- ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਲੋਕਾਂ ਨੂੰ ਪ੍ਰਤੀ ਮਹੀਨਾ 300 ਯੂਨਿਟ ਮੁਫ਼ਤ ਦੇਣ ਦਾ ਵਾਅਦਾ ਪੂਰਾ ਕਰਨ ਦਾ ਨਿੱਘਾ ਸਵਾਗਤ ਕੀਤਾ। ਉਹ ਸਥਾਨਕ ਕਾਂਗਰਸੀ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਦੇ ਘਰ ਆਏ ਸਨ ਜਿੱਥੇ ਪਾਰਟੀ ਵਰਕਰਾਂ ਨੇ ਫੁੱਲਾਂ ਦੀ ਵਰਖਾ ਕਰ ਕੇ ਉਨ੍ਹਾਂ ਦਾ ਸਵਾਗਤ ਕੀਤਾ। ਮੀਡੀਆ ਨਾਲ ਗੱਲਬਾਤ ਕਰਦਿਆਂ ਰਾਜਾ ਵੜਿੰਗ ਨੇ ਕਿਹਾ ਕਿ ਭਗਵੰਤ ਮਾਨ ਨੇ ਕਈ ਗੈਰੰਟੀਆਂ 'ਚੋਂ ਇੱਕ ਅਹਿਮ ਗੈਰੰਟੀ ਪੂਰੀ ਕਰ ਦਿੱਤੀ ਹੈ ਭਾਵੇਂ ਇਸ ਲਈ ਸਮਾਂ ਲੱਗਿਆ, ਪਰ ਕਈ ਕੰਮ ਤਕਨੀਕੀ ਤੌਰ 'ਤੇ ਹੁੰਦੇ ਹਨ ਜਿਨ੍ਹਾਂ ਨੂੰ ਕਰਨ 'ਚ ਸਮਾਂ ਲੱਗਦਾ ਹੀ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਆਪ ਸਰਕਾਰ ਲੋਕਾਂ ਨਾਲ ਕੀਤੇ ਹੋਰ ਵਾਅਦੇ ਵੀ ਜਲਦੀ ਪੂਰੇ ਕਰੇਗੀ। ਉਨ੍ਹਾਂ ਮੁੱਖ ਮੰਤਰੀ ਦੀ ਤਾਰੀਫ਼ ਕਰਦਿਆਂ ਕਿਹਾ ਕਿ ਭਗਵੰਤ ਮਾਨ ਇੱਕ ਸੁਲਝੇ ਹੋਏ ਵਿਅਕਤੀ ਹਨ ਅਤੇ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਜਾਣਦੇ ਹਨ।

ਉਨ੍ਹਾਂ ਮੁੱਖ ਮੰਤਰੀ ਨੂੰ ਕਾਂਗਰਸ ਸਰਕਾਰ ਵਲੋਂ 7 ਕਿਲੋਵਾਟ ਲੋਡ ਵਾਲੇ ਖਪਤਕਾਰਾਂ ਨੂੰ ਦਿੱਤੀ ਗਈ 3 ਰੁਪਏ ਯੂਨਿਟ ਦੀ ਸਬਸਿਡੀ ਬੰਦ ਨਾ ਕਰਨ ਦੀ ਅਪੀਲ ਵੀ ਕੀਤੀ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦੀ ਮਜ਼ਬੂਤੀ ਲਈ ਉਹ ਜਲਦੀ ਸੰਗਠਨ ਕਾਇਮ ਕਰਨਗੇ ਅਤੇ ਬਲੌਕ ਪੱਧਰ 'ਤੇ ਜਾ ਕੇ ਪਾਰਟੀ ਵਰਕਰਾਂ ਨਾਲ ਮੀਟਿੰਗਾਂ ਕਰ ਕੇ ਉਨ੍ਹਾਂ ਨੂੰ ਉਤਸ਼ਾਹਿਤ ਕਰਨਗੇ। ਉਨ੍ਹਾਂ ਵਰਕਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਪਿਛਲੇ ਸਮੇਂ ਦੌਰਾਨ ਜੋ ਕੁੱਝ ਵੀ ਪਾਰਟੀ 'ਚ ਵਾਪਰਿਆ ਹੈ, ਉਸ ਨੂੰ ਭੁੱਲ ਕੇ ਇੱਕ ਨਵਾਂ ਸੁਪਨਾ ਲੈਣ ਤਾਂ ਜੋ ਪੰਜਾਬ 'ਚ ਪਾਰਟੀ ਨੂੰ ਮੁੜ ਪੈਰਾਂ-ਸਿਰ ਕੀਤਾ ਜਾ ਸਕੇ। ਵੜਿੰਗ ਨੇ ਵਿਧਾਇਕ ਧਾਲੀਵਾਲ ਦੇ ਨਵ-ਵਿਆਹੇ ਪੁੱਤਰ ਕਮਲ ਧਾਲੀਵਾਲ ਅਤੇ ਨੂੰਹ ਹਰਪ੍ਰੀਤ ਕੌਰ ਨੂੰ ਆਸ਼ੀਰਵਾਦ ਵੀ ਦਿੱਤਾ।

# ਮੈਨੂੰ ਲੱਗਦੈ ਪੰਜਾਬ ਨੇ ਗੂੰਗੇ ਬੋਲ਼ਿਆਂ ਦੀ ਸੈਨਾ ਜਿਤਾ ਕੇ ਭੇਜੀ ਹੈ : ਧਰਮਵੀਰ ਗਾਂਧੀ

ਪਟਿਆਲਾ (ਪੰਜਾਬੀ ਅਖਬਾਰ ਬਿਊਰੋ)- ਪੰਜਾਬ ਤੇ ਹਰਿਆਣਾ ਵਿਚਾਲੇ ਐਸਵਾਈਐਲ ਨਹਿਰ ਦਾ ਮੁੱਦਾ ਇਕ ਵਾਰ ਫਿਰ ਭੱਖ ਗਿਆ ਹੈ। ਦੋਵਾਂ ਸੂਬਿਆਂ ਦੇ ਆਗੂ ਇਸ ਬਾਰੇ ਇਕ-ਦੂਜੇ ਨੂੰ ਘੇਰ ਰਹੇ ਹਨ। ਇਸ ਦੌਰਾਨ ਆਮ ਆਦਮੀ



ਪਾਰਟੀ ਦੇ ਐਮਪੀ ਸੁਸ਼ੀਲ ਗੁਪਤਾ ਵੱਲੋਂ ਹਰਿਆਣਾ ਨੂੰ ਪਾਣੀ ਲੈ ਕੇ ਦੇਣ ਬਾਰੇ ਕੀਤੇ ਦਾਅਵੇ ਪਿੱਛੋਂ ਮਾਮਲਾ ਹੋਰ ਗਰਮਾ ਗਿਆ ਹੈ।ਆਮ ਆਦਮੀ ਪਾਰਟੀ ਦੇ ਪਟਿਆਲਾ ਤੋਂ ਸੰਸਦ ਮੈਂਬਰ ਰਹੇ ਡਾ. ਧਰਮਵੀਰ ਗਾਂਧੀ ਨੇ ਵੀ ਭਗਵੰਤ ਮਾਨ ਸਰਕਾਰ ਨੂੰ ਘੇਰ ਲਿਆ ਹੈ। ਉਨ੍ਹਾਂ ਨੇ ਟਵੀਟ ਕੀਤਾ ਹੈ ਤੇ ਲਿਖਿਆ ਹੈ- ਮੈਨੂੰ ਲਗਦਾ ਪੰਜਾਬ ਨੇ ਗੂੰਗੇ ਬੋਲਿਆਂ ਦੀ ਸੈਨਾ ਜਿਤਾ ਕੇ ਭੇਜ ਦਿੱਤੀ ਹੈ। ਸੁਸ਼ੀਲ ਗੁਪਤਾ ਦੇ ਪੰਜਾਬ ਵਿਰੋਧੀ ਸਤਲੁਜ ਜਮੁਨਾ ਲਿੰਕ ਨਹਿਰ ਦੇ ਬਿਆਨ ਉਤੇ ਨਾ ਆਪ ਦੇ 92 ਵਿਧਾਇਕਾਂ ਵਿਚੋਂ ਕੋਈ ਬੋਲਿਆ ਤੇ ਨਾ 5 ਨਵੇਂ ਰਾਜ ਸਭਾ ਮੈਂਬਰਾਂ ਵਿਚੋਂ। ਜੇ ਅੱਜ ਮੂਸੇਵਾਲਾ ਗਾਣਾ ਕੱਢ ਦਵੇ ਤਾਂ ਇਹ ਜ਼ਰੂਰ ਬੋਲਣਗੇ।ਦੱਸ ਦਈਏ ਕਿ ਸਤਲੁਜ ਯਮੁਨਾ ਲਿੰਕ ਨਹਿਰ 'ਤੇ ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਸੁਸ਼ੀਲ ਗੁਪਤਾ ਦਾ ਵੱਡਾ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਨੇ ਹਰਿਆਣਾ ਦੇ ਲੋਕਾਂ ਨੂੰ ਐਸਵਾਈਐੱਲ ਦੀ ਗਰੰਟੀ ਦਿੱਤੀ ਹੈ। ਸੁਸ਼ੀਲ ਗੁਪਤਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਸਰਕਾਰ ਬਣਨ 'ਤੇ ਹਰਿਆਣਾ ਨੂੰ ਸਤਲੁਜ ਯਮੁਨਾ ਲਿੰਕ ਨਹਿਰ ਦਾ ਪਾਣੀ ਮਿਲੇਗਾ। ਇੰਨਾਂ ਹੀ ਨਹੀਂ ਉਨ੍ਹਾਂ ਨੇ ਦਾਅਵਾ ਕੀਤਾ ਕਿ ਹਰ ਪਿੰਡ 'ਚ ਸਤਲੁਜ ਯਮੁਨਾ ਲਿੰਕ ਨਹਿਰ ਦਾ ਪਾਣੀ ਪਹੁੰਚੇਗਾ ਅਤੇ ਸੂਬੇ ਦੇ ਹਰ ਖੇਤ ਨੂੰ ਪਾਣੀ ਮਿਲੇਗਾ।

ਗੁਪਤਾ ਨੇ ਕਿਹਾ ਕਿ ਕੋਈ ਵੀ ਪਾਰਟੀ ਐਸਵਾਈਐਲ ਦਾ ਹੱਲ ਹੀ ਨਹੀਂ ਚਾਹੁੰਦੀ। ਉਨ੍ਹਾਂ ਕਿਹਾ ਕਿ ਇਸ ਦਾ ਹੱਲ ਵੀ ਆਮ ਆਦਮੀ ਪਾਰਟੀ ਕਰੇਗੀ। ਇਸ ਤੋਂ ਪਹਿਲਾਂ ਗੁਪਤਾ ਨੇ ਦਾਅਵਾ ਕੀਤਾ ਸੀ ਕਿ 2024 ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੇਗੀ ਤੇ ਦਿੱਲੀ ਵਾਂਗ ਹਰਿਆਣਾ ਵਿੱਚ ਚੰਗੇ ਸਕੂਲ, ਚੰਗੀ ਸਿੱਖਿਆ, ਹਸਪਤਾਲ ਤੇ ਮੁਫ਼ਤ ਬਿਜਲੀ ਦੀ ਸਹੂਲਤ ਮਿਲੇਗੀ। ਇਹ ਸਹੂਲਤ ਪੰਜਾਬ ਵਿੱਚ ਵੀ ਹੈ ਤੇ ਹਰਿਆਣਾ ਵਿੱਚ ਵੀ ਲਾਗੂ ਕੀਤੀ ਜਾਵੇਗੀ।

## 23 ਅ੍ਰਪੈਲ ਨੂੰ ਵਿਸ਼ਵ ਪੁਸਤਕ ਅਤੇ ਕਾਪੀਰਾਈਟ ਦਿਵਸ 'ਤੇ ਵਿਸ਼ੇਸ਼

# ਜ਼ਿੰਦਗੀ ਲਈ ਚਾਨਣ ਮੁਨ੍ਹਾਰੇ ਹਨ ਪੁਸਤਕਾਂ

" ਮਨੁੱਖਤਾ ਨੂੰ ਇੱਕ ਪਰਿਵਾਰ ਵਾਂਗ ਇਕੱਤਰ ਕਰਨ ਵਿੱਚ ਕਿਤਾਬਾਂ ਮਦਦ ਕਰਦੀਆਂ ਹਨ। ਇਹ ਸਾਡੇ ਇਤਿਹਾਸ,ਸੱਭਿਆਚਾਰ ਤੇ ਵਿਰਸੇ ਨੂੰ ਸਾਂਝਾ ਕਰਕੇ ਮਨੁੱਖਤਾ ਦੀ ਖ਼ੁਸ਼ਕਿਸਮਤੀ ਦੀ ਸਿਰਜਣਾ ਕਰਦੀਆਂ ਹਨ। " ਆਡਰੇ ਐਜ਼ਲੇ, ਡਾਇਰੈਕਟਰ ਜਨਰਲ ਯੂਨੈਸਕੋ।

ਪੂਰੀ ਦੁਨੀਆ ਵਿੱਚ ਵਿਸ਼ਵ ਪੁਸਤਕ ਅਤੇ ਕਾਪੀਰਾਈਟ ਦਿਵਸ ਹਰ ਸਾਲ 23 ਅਪ੍ਰੈਲ ਨੂੰ ਮਨਾਇਆ ਜਾਂਦਾ ਹੈ। ਸੰਯੁਕਤ ਰਾਸ਼ਟਰ ਸੰਘ ਵੱਲੋਂ ਪਹਿਲੀ ਵਾਰ ਇਹ ਦਿਵਸ 23 ਅਪ੍ਰੈਲ,1995 ਨੂੰ ਮਨਾਇਆ ਗਿਆ ਸੀ। ਇਸ ਦਿਨ ਦੀ ਚੋਣ ਪੈਰਿਸ ਵਿਖੇ ਹੋਏ ਯੂਨੈਸਕੋ ਦੇ ਆਮ ਇਜਲਾਸ ਵਿੱਚ ਕੀਤੀ ਗਈ ਸੀ ਤਾਂ ਕਿ ਸਾਲ ਦਾ ਘੱਟੋ ਘੱਟ ਇੱਕ ਦਿਨ ਤਾਂ ਅਜਿਹਾ ਆਵੇ ਜਦੋਂ ਦੁਨੀਆਂ ਦੇ ਮਹਾਨ ਲੇਖਕਾਂ ਤੇ ਉਨ੍ਹਾ ਦੀਆਂ ਕਿਤਾਬਾਂ ਨੂੰ ਸਿਜਦਾ ਕੀਤਾ ਜਾ ਸਕੇ ਤੇ ਆਮ ਲੋਕ ਅੰਦਰ ਕਿਤਾਬਾਂ ਤੱਕ ਪਹੁੰਚ ਕਰਨ ਪ੍ਰਤੀ ਚੇਤਨਤਾ ਪੈਦਾ ਕੀਤੀ ਜਾ ਸਕੇ। ਸੰਯੁਕਤ ਰਾਸ਼ਟਰ ਸੰਘ ਅਨੁਸਾਰ ਇਹ ਦਿਵਸ ਮਨਾਉਣ ਦਾ ਮੁੱਖ ਮੰਤਵ ਦੁਨੀਆ ਵਿੱਚ ਕਿਤਾਬਾਂ ਪੜ੍ਹਨ,ਛਪਵਾਉਣ ਅਤੇ ਕਾਪਰਾਈਟ ਦੇ ਅਧਿਕਾਰ ਨੂੰ ਅੱਗੇ ਵਧਾਉਣਾ ਹੈ। ਇਸ ਮਿਤੀ ਨੂੰ ਪੁਸਤਕ ਦਿਵਸ ਮਨਾਉਣ ਦੀ ਸਲਾਹ ਮਸ਼ਹੂਰ ਲੇਖਕ ਵੀ.ਸੀ.ਆਂਦਰੇ ਨੇ ਦਿੱਤੀ ਸੀ ਕਿਉਂਕਿ ਸ਼ੈਕਸਪੀਅਰ ਅਤੇ ਕਰਵਾਂਟੇ ਜਿਹੇ ਮਹਾਨ ਸਾਹਿਤਕਾਰਾਂ ਦਾ ਦੇਹਾਂਤ 23 ਅਪ੍ਰੈਲ,1616 ਨੂੰ ਹੋਇਆ ਸੀ।

ਵਿਸ਼ਵ ਦੇ ਵੱਖ ਵੱਖ ਮੁਲਕਾਂ 'ਚ ਵੱਸੇ ਵਿਦਵਾਨਾਂ ਦੀ ਰਾਇ ਹੈ ਕਿ ਇਸ ਦਿਵਸ ਮੌਕੇ ਕਿਤਾਬਾਂ ਪੜ੍ਹਨ ਨਾਲ ਪ੍ਰਾਪਤ ਹੋਣ ਵਾਲੇ ਅਨੰਦ ਅਤੇ ਸਮੇਂ ਦੀ ਸਹੀ ਵਰਤੋਂ ਜਿਹੇ ਤੱਥਾਂ 'ਤੇ ਚਰਚਾ ਹੋਣੀ ਚਾਹੀਦੀ ਹੈ। ਉਨ੍ਹਾ ਦਾ ਮੰਨਣਾ ਹੈ ਕਿ ਕਿਤਾਬਾਂ ਅਸਲ ਵਿੱਚ ਭੂਤਕਾਲ ਅਤੇ ਭਵਿੱਖ ਦਰਮਿਆਨ ਗੂੜ੍ਹਾ ਸਬੰਧ ਦਰਸਾਉਂਦੀਆਂ ਹਨ ਅਤੇ ਵੱਖ ਵੱਖ ਸੱਭਿਆਚਾਰਾਂ ਨੂੰ ਆਪਣੇ ਅੰਦਰ ਸਮੇਟੀ ਬੈਠੀਆਂ ਵੱਖ ਵੱਖ ਪੀੜ੍ਹੀਆਂ ਦਰਮਿਆਨ ਇੱਕ ਮਜ਼ਬੂਤ ਪੁਲ੍ਹ ਦਾ ਕੰਮ ਕਰਦੀਆਂ ਹਨ। ਯੂਨੈਸਕੋ ਦਾ ਮੰਨਣਾ ਹੈ ਕਿ ਗਿਆਨ ਪ੍ਰਾਪਤੀ ਲਈ ਪੁਸਤਕਾਂ ਹਰੇਕ ਵਿਅਕਤੀ ਦੀ ਪਹੁੰਚ ਵਿੱਚ ਹੋਣੀਆਂ ਚਾਹੀਦੀਆਂ ਹਨ ਤੇ ਕਾਪੀਰਾਈਟ ਹਾਸਿਲ ਹੋਣ ਕਰਕੇ ਮਿਹਨਤੀ ਲੇਖਕਾਂ ਦੀ ਮਿਹਨਤ ਅਜਾਈਂ ਨਹੀਂ ਜਾਣੀ ਚਾਹੀਦੀ ਹੈ।ਅਜੋਕੇ ਸਮੇਂ ਵਿੱਚ ਪੁਸਤਕ ਸੱਭਿਆਚਾਰ ਨੂੰ ਮੁੜ ਸੁਰਜੀਤ ਕਰਨ ਦੀ ਬਹੁਤ ਲੋੜ ਹੈ। ਗੈਜੇਟਸ ਦੀ ਭੀੜ ਵਿੱਚ ਵਿੱਚ ਸਾਹਿਤ ਨਾਲ ਮੁਹੱਬਤ ਕਿਧਰੇ ਗੁਆਚ ਗਈ ਹੈ। ਅੱਜ ਕਿਤਾਬਾਂ ਛਪ ਤਾਂ



ਬਹੁਤ ਰਹੀਆਂ ਹਨ ਪਰ ਪੜ੍ਹਨ ਵਾਲੇ ਬਹੁਤ ਘੱਟ ਹਨ। ਅੱਜ ਬੇਸ਼ੱਕ ਈ-ਬੁੱਕ ਦਾ ਜ਼ਮਾਨਾ ਆ ਗਿਆ ਹੈ ਪਰ ਮੋਬਾਇਲ ਫ਼ੋਨ 'ਤੇ ਚੱਲਦੀਆਂ ਫੇਸਬੁੱਕ ,ਵੱਟਸਐਪ ,ਇੰਸਟਾਗ੍ਰਾਮ ਅਤੇ ਅਜਿਹੀਆਂ ਹੋਰ ਐਪਸ ਵਿੱਚ ਉਲਝੀ ਨਵੀਂ ਪੀੜ੍ਹੀ ਪੰਜਾਬੀ ਦੇ ਮਹਾਨ ਸਾਹਿਤਕਾਰਾਂ ਸ਼ਿਵ ਬਟਾਲਵੀ,ਅਮ੍ਰਿਤਾ ਪ੍ਰੀਤਮ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਪ੍ਰੋ.ਮੋਹਨ ਸਿੰਘ,ਬਲਰਾਜ ਸਾਹਨੀ,ਦਲੀਪ ਕੌਰ ਟਿਵਾਣਾ , ਜਸਵੰਤ ਸਿੰਘ ਕੰਵਲ,ਬਾਬਾ ਬੁੱਲ੍ਹੇ ਸ਼ਾਹ,ਨੰਦ ਲਾਲ ਨੂਰਪੁਰੀ ਦੇ ਕਲਾਮ ਨਾਲ ਸੱਜੀਆਂ ਪੁਸਤਕਾਂ ਜਾਂ ਈ-ਪੁਸਤਕਾਂ ਨੂੰ ਕਿੱਥੇ ਪੜ੍ਹਦੀ ਹੈ। ਕਾਸ਼ ਅੱਜ ਦੇ ਪੁਸਤਕ ਦਿਵਸ ਮੌਕੇ ਸਾਡੇ ਭਾਰਤੀ ਲੋਕਾਂ ਤੇ ਖ਼ਾਸ ਕਰਕੇ ਪੰਜਾਬੀਆਂ ਦੇ ਅੰਦਰ ਪੁਸਤਕਾਂ ਪ੍ਰਤੀ ਪਿਆਰ ਜਾਗ ਪਏ ਤੇ ਲੋਕ ਆਪਣੇ ਬੱਚਿਆਂ ਦੇ ਜਨਮ ਦਿਨ 'ਤੇ ਕੇਕ ਤੇ ਵਿਆਹਾਂ 'ਤੇ ਭਾਜੀ ਦੀ ਥਾਂ ਪੁਸਤਕਾਂ ਭੇਟ ਕਰਨ ਨੂੰ ਆਪਣੇ ਸੱਭਿਆਚਾਰ ਦਾ ਹਿੱਸਾ ਬਣਾ ਲੈਣ।

**ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ**
**410, ਚੰਦਰ ਨਗਰ, ਬਟਾਲਾ।**
**ਮੋਬਾਇਲ: 97816-46008**



A1 DUCT & FURNACE CLEANING LTD.
We do Cleaning & Repair
ਹੀਟ ਸਿਸਟਮ (ਫਰਨਿਸ) ਦੀ ਸਾਫ ਸਫਾਈ ਹਰ ਸਾਲ ਜਰੂਰੀ ਐ !
ਜੇਕਰ ਫਰਨਿਸ ਸਿਸਟਮ ਵਿੱਚ ਕੋਈ ਨੁਕਸ ਹੈ ਤਾਂ ਇਹਨਾਂ ਦੀ ਮਾਹਿਰ ਟੀਮ ਮੁਰੰਮਤ ਵੀ ਕਰ ਦੇਵੇਗੀ
ਪਰ ਇਹ ਸਾਫ ਸਫਾਈ ਕਿਹੜਾ ਤੁਸੀਂ ਆਪੇ ਈ ਕਰ ਲੈਣੀ ਐ, ਇਹਦੇ ਲਈ ਮਾਹਿਰ ਅਤੇ ਤਜ਼ਰਬੇਕਾਰ ਹੱਥਾਂ ਦੀ ਜ਼ਰੂਰਤ ਹੁੰਦੀ ਹੈ।
ਕਾਲ : 403 613 0642 ਜਾਂ 403 966 8514
Email: a1ductandfurnacecleaning@gmail.com

Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com

ਡਰਾਇਵਰਾਂ ਦੀ ਲੋੜ ਹੈ
RIG Group of Companies Inc.
GOLIATH TRACTOR SERVICE LTD. CALGARY, ALBERTA
Goliath Tractor Service Ltd.
Rig Logistics is now Hiring long haul drivers for Canada & USA and LCV with minimum 2 year Hwy driving experience.
O: 403 285 1111ext# 100 | Fax: 403 567 0462 | Call : 403-862-1631
hr@riglogistics.com
# 4, 10 Wrangler Place SE
Calgary (AB)

Sunder Building Supplies Ltd.
We believe in quality
• CRC Roofing Supplies
• Drywall, Insulation
• Sound Control Products
• Stucco, T-Bar Ceiling
• Manufactdured Stone
• Steel Studs &
• Accessories
Stucco | Paper | Flashing | Wiring
Free Estimate BEST Rates
Nirvair Singh Johal 403-690-8700
Bhajan Singh Johal 403-561-0227
4612, 6 STREET NE CALGARY, AB

For All your Exterior Needs
B.B.S. Exterior
Roofing/ Siding / Stucco / Soffits & Fascia / Hardie Shakes / SmartBoard / Eaves & Downspouts / Windows etc.
403.714.0455
bbsexterior@gmail.com

Sukhi Da Dhaba
Restaurant & Sweet Shop
5058-68 St NE Calgary (AB) 403 452 5513
ਸੁੱਖੀ ਦਾ ਢਾਬਾ
(68 ਸਟਰੀਟ ਅਤੇ ਮੈਕਨਾਈਟ ਬੁਲੇਵਾਰਡ ਦੇ ਕਾਰਨਰ ਵਿੱਚ)
ਵੱਖੋ ਵੱਖ ਤਰਾਂ ਦੇ ਸੁਆਦਲੇ ਖਾਣੇ,
ਬੈਠਕੇ ਖਾਓ ਜਾਂ ਪੈਕ ਕਰਵਾਕੇ ਘਰ ਲੈ ਜਾਓ
1000 ਬੰਦੇ ਤੱਕ ਦੀ ਕੇਟਰਿੰਗ
ਬਹੁ-ਭਾਤੀ ਮਿਠਾਈ
ਵਿਆਹ ਦੀ ਭਾਜੀ




ਕੀ ਤੁਸੀਂ ਮਾਤਾ-ਪਿਤਾ, ਸਰਪ੍ਰਸਤ ਜਾਂ ਚਾਈਲਡ ਕੇਅਰ ਆਪਰੇਟਰ ਹੋ?
ਸਾਨੂੰ ਦੱਸੋ ਕਿ ਤੁਸੀਂ ਘਰ-ਅਧਾਰਤ ਬਾਲ ਦੇਖਭਾਲ ਕਾਰੋਬਾਰਾਂ ਲਈ ਮਿਉਂਸਪਲ ਲਾਇਸੰਸ ਦੀ ਸ਼ੁਰੂਆਤ ਕਰਨ ਬਾਰੇ ਕੀ ਸੋਚਦੇ ਹੋ।
engage.calgary.ca/childcare'ਤੇ ਜਾਓ
22-0019517 | ADV-14134


DAWSON'S LANDING
CHESTERMERE
A QUALICO COMMUNITY
ਲੱਭੋ ਆਪਣਾ ਸੰਪੂਰਣ ਘਰ
ਨਵੀਆਂ ਲਾਟਾਂ ਆ ਗਈਆਂ ਹਨ
ਫਰੰਟ ਗੈਰਾਜ ਵਾਲੀਆਂ ਲਾਟਾਂ
ਡੁਪਲੈਕਸ ਘਰਾਂ ਦੀਆਂ ਲਾਟਾਂ
ਲੇਨਡ ਘਰਾਂ ਦੀਆਂ ਲਾਟਾਂ
ਹੁਣ ਫੇਸ 3 ਵੇਚਿਆ ਜਾ ਰਿਹਾ ਹੈ
DUPLEX HOMES FROM THE $400s
LANED HOMES FROM THE LOW $500s
FRONT GARAGE HOMES FROM THE HIGH $500s
SHOWHOME APPOINTMENTS AVAILABLE AND RECOMMENDED. 360° ਵਰਚੂਅਲ ਟੂਰ ਵੀ ਮਿਲਦਾ ਹੈ
Broadview Homes | NuVista Homes | Trico Homes | Sterling Homes | Truman Homes | Morrison Homes
ਡਾਵਸਨ ਲੈਂਡਿੰਗ ਤੁਹਾਡੇ ਪਰਿਵਾਰਾਂ ਦੇ ਵਿਕਾਸ ਨੂੰ ਧਿਆਨ ਵਿੱਚ ਰੱਖਕੇ ਬਣਾਇਆ ਗਿਆ ਹੈ। ਚੈਸਟਰਮੀਅਰ ਦੀਆਂ ਝੀਲਾਂ ਦੇ ਨੇੜੇ ਉਸਾਰਿਆ ਗਿਆ ਡਾਵਸਨ ਲੈਂਡਿੰਗ ਜਿੱਥੇ ਬਹੁਤ ਸਾਰੀਆਂ ਬਾਹਰੀ ਗਤੀਵਿਧੀਆਂ ਲਈ ਥਾਂਵਾਂ ਹਨ,ਜਿਵੇਂ ਸਕੂਲ, ਪਾਰਕ, ਸਾਪਿੰਗ ਸੈਂਟਰ ਅਤੇ ਹੋਰ ਬਹੁਤ ਕੁੱਝ। ਵੱਖੋ ਵੱਖ ਤਰਾਂ ਦੇ ਮਾਡਲਾਂ ਵਾਲੇ ਘਰ ਕੈਲਗਰੀ ਅਤੇ ਇਸ ਦੇ ਆਸ ਪਾਸ ਵਾਲੇ ਨਾਮਵਰ ਬਿਲਡਰਾਂ ਵੱਲੋਂ ਬਣਾਏ ਜਾ ਰਹੇ ਹਨ। ਚੈਸਟਰਮੀਅਰ ਝੀਲ ਤੋਂ ਸਿਰਫ ਕੁੱਝ ਕੁ ਮਿੰਟਾਂ ਦੀ ਦੂਰੀ ਉੱਪਰ ਹੀ ਹਨ। ਸੋ ਤੁਸੀਂ ਮਾਣ ਨਾਲ ਕਹਿ ਸਕੋਗੇ ਕਿ ਤੁਹਾਡਾ ਘਰ ਡਾਵਸਨ ਲੈਂਡਿੰਗ ਵਿੱਚ ਹੈ
liveindawsonslanding.ca
22 ਕੈਲਗਰੀ ਡਾਊਨ ਟਾਊਨ ਤੱਕ
4 ਮਿੰਟ ਡਰਾਈਵ ਐਨੀ ਵਰਸਿਰੀ ਪਾਰਕ ਤੱਕ
4 ਮਿੰਟ ਵਿੱਚ ਚੈਸਟਰਮੀਅਰ ਬਾਈਕ ਪਾਰਕ ਤੱਕ ਪੈਦਲ
ਅਸੀਂ ਅਜਿਹਾ ਭਾਈਚਾਰਾ ਉਸਾਰਦੇ ਹਾਂ , ਜਿੱਥੇ ਚੰਗਾ ਰਹਿਣ ਸਹਿਣ, ਜ਼ਿੰਦਗੀ ਦੀਆਂ ਕਦਰਾਂ ਕੀਮਤਾਂ ਮਾਣਦੇ ਜ਼ਿੰਦਗੀ ਦੀ ਅਮੀਰੀ ਹੰਢਾ ਸਕਦੇ ਹੋ
QUALICO communities



SOUTH POINTE TOYOTA
2021 COROLLA
ONLY $58 A WEEK!
$0 DOWN! LE
2020 RAV4
ONLY $92 A WEEK!
$0 DOWN! LE AWD
FREE WINTER TIRES WITH PURCHASE
0% FINANCING AVAILABLE
FREE REMOTE STARTER WITH PURCHASE
RISHI MUKHERJEE
NEW CAR SALES MANAGER
ZAK BHANJI
NEW CAR SALES MANAGER
PREZ TIWANA
NEW CAR PRODUCT ADVISOR
MINAZ RATANSHI
NEW CAR PRODUCT ADVISOR
AFSHEEN HARJEE
NEW CAR PRODUCT ADVISOR
MUHAMMAD YOUSAF
NEW CAR PRODUCT ADVISOR
IT'S TIME TO TOYOTA
11150 35 ST SE CALGARY, AB
CALL US! 403-567-8888
WWW.SOUTHPOINTETOYOTA.COM
CALGARYS #1 VOLUME TOYOTA DEALERSHIP

# ਰੂਸ ਦੇ ਸਰਕਾਰੀ ਟੀਵੀ ਚੈਨਲ ਦਾ ਦਾਅਵਾ ਹੈ ਕਿ ਤੀਸਰਾ ਵਿਸ਼ਵ ਯੁੱਧ ਸ਼ੁਰੂ ਹੋ ਗਿਆ ਹੈ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਰੂਸ ਦੇ ਸਰਕਾਰੀ ਟੀਵੀ ਚੈਨਲ ਨੇ ਆਪਣੇ ਪ੍ਰਸਾਰਣਾਂ ਦੌਰਾਨ ਕੀਤਾ ਹੈ ਕਿ ਯੂਕਰੇਨ ਯੁੱਧ ਵਿੱਚ ਉਸ ਦੇ ਸਮੁੰਦਰੀ ਜੰਗੀ ਬੇੜੇ ਮੌਸਕਵਾ ਦੇ ਡੁੱਬਣ ਤੋਂ ਬਾਅਦ ਤੀਸਰਾ ਵਿਸ਼ਵ ਯੁੱਧ ਸ਼ੁਰੂ ਹੋ ਚੁੱਕਾ ਹੈ ਭਾਵੇਂ ਕਿ ਉਸ ਦਾ ਇਹ ਸਮੁੰਦਰੀ ਬੇੜਾ ਅੱਗ ਲੱਗਣ ਦੇ ਕਾਰਨ ਹਾਦਸਾਗ੍ਰਸਤ ਹੋਇਆ ਸੀ। ਵਰਣਨਯੋਗ ਹੈ ਕਿ ਯੂਕਰੇਨ ਨੇ ਦਾਅਵਾ ਕੀਤਾ ਸੀ ਕਿ ਉਸ ਨੇ ਰੂਸ ਦੇ ਵੱਡੇ ਸਮੁੰਦਰੀ ਜੰਗੀ ਜਹਾਜ਼ ਨੂੰ ਆਪਣੀ ਨੈਪਚਿਊਨ ਮਿਜ਼ਾਈਲ ਨਾਲ ਹਿੱਟ ਕੀਤਾ ਹੈ ਪਰ ਜਹਾਜ਼ ਡੁੱਬਣ ਨੂੰ ਰੂਸੀ ਸੰਸਦ ਦੀ ਪ੍ਰਾਪੇਗੰਡਾ ਹਥਿਆਰ ਪ੍ਰੈਜ਼ੈਂਟਰ ਓਲਗਾ ਨੇ ਇਸ ਦੇ ਨਤੀਜਿਆਂ ਬਾਰੇ ਇਹ ਸਨਸਨੀਖੇਜ਼ ਖ਼ੁਲਾਸਾ ਕਿ ਇਹ ਨਿਸ਼ਚਤ ਤੌਰ ਤੇ ਤੀਸਰਾ ਵਿਸ਼ਵ ਯੁੱਧ ਆਖਿਆ ਜਾ ਸਕਦਾ ਹੈ ਅਤੇ ਦਾਅਵਾ ਕੀਤਾ ਕਿ ਇਹ ਬਿਲਕੁਲ ਪੱਕੀ ਗੱਲ ਹੈ ਇਸ ਤੋਂ ਪਹਿਲਾਂ ਰੂਸ ਦੇ ਰੱਖਿਆ ਮੰਤਰਾਲੇ ਨੇ ਜਾਣਕਾਰੀ ਦਿੱਤੀ ਸੀ ਕਿ ਰੂਸ ਦਾ ਮਿਜ਼ਾਈਲ ਕਰੂਜ਼ਰ ਮੋਅਕਵਅ ਯੂਕਰੇਨ ਵਿੱਚ ਫੌਜੀ ਮੁਹਿੰਮ ਦੌਰਾਨ ਹਾਦਸਾਗ੍ਰਸਤ ਹੋਣ ਤੋਂ ਬਾਅਦ ਬਲੈਕ ਸੀਅ ਵਿੱਚ ਡੁੱਬ ਗਿਆ ਹੈ। ਇਸ ਦੇ ਨਾਲ ਹੀ ਇਹ ਵੀ ਜਾਣਕਾਰੀ ਸਾਂਝੀ ਕੀਤੀ ਗਈ ਸੀ ਕਿ ਇਸ ਸਮੁੰਦਰੀ ਬੇੜੇ ਦੇ ਕਰੂ ਮੈਂਬਰਾਂ ਨੂੰ ਉੱਥੋਂ ਸੁਰੱਖਿਅਤ ਕੱਢ ਲਿਆ ਗਿਆ ਹੈ ਇਸੇ ਦੌਰਾਨ ਯੂਕਰੇਨ ਦੇ ਕੀਵ ਰੀਜ਼ਨ ਵਿੱਚੋਂ ਨੌਂ ਸੌ ਦੇ ਕਰੀਬ ਲਾਸ਼ਾਂ ਮਿਲਣ ਦਾ ਦਾਅਵਾ ਕੀਤਾ ਗਿਆ ਹੈ ਅਤੇ ਆਖਿਆ ਜਾ ਰਿਹਾ ਹੈ ਕਿ ਇਹ ਸਾਰੇ ਆਮ ਨਾਗਰਿਕ ਸਨ ਜਿਨ੍ਹਾਂ ਨੂੰ ਗੋਲੀਆਂ ਮਾਰ ਕੇ ਮਾਰਿਆ ਗਿਆ ਹੈ ਇਹ ਦਾਅਵਾ ਯੂਕਰੇਨ ਦੀ ਪੁਲੀਸ ਵੱਲੋਂ ਕੀਤਾ ਗਿਆ।

# ਕਰੋਨਾ ਦੀ ਛੇਵੀਂ ਲਹਿਰ ਤੁਹਾਡੇ ਆਲੇ ਦੁਆਲੇ ਗੇੜੀਆਂ ਕੱਢ ਰਹੀ ਹੈ



ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਦੁਨੀਆਂ ਭਰ ਵਿੱਚ ਕੋਰੋਨਵੇਰੀਐਂਟ ਓਮੀਕਰੌਨ ਦੇ ਸਬ ਵੇਰੀਐਂਟ ਬੀਏ 2 ਦੇ ਮਾਮਲੇ ਚ ਪੰਜ ਸੌ ਮਿਲੀਅਨ ਤੋਂ ਜ਼ਿਆਦਾ ਹੋ ਗਏ ਹਨ ਅਤੇ ਜੇਕਰ ਕੈਨੇਡਾ ਦੇ ਸੂਬੇ ਉਂਟਾਰੀ? ਦੀ ਗੱਲ ਕੀਤੀ ਜਾਵੇ ਤਾਂ ਇੱਥੇ ਵੀ ਕੋਰੋਨਾ ਦੀ ਛੇਵੀਂ ਲਹਿਰ ਚੱਲ ਰਹੀ ਹੈ।ਭਵਿੱਖ ਵਿੱਚ ਇਹ ਮਾਮਲੇ ਵਧਣ ਦੀ ਸੰਭਾਵਨਾ ਪ੍ਰਗਟ ਕੀਤੀ ਜਾ ਰਹੀ ਹੈ, ਜਿਸ ਸਬੰਧੀ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਜੇਕਰ ਸੂਬੇ ਦੇ ਮੁੱਖ ਸਿਹਤ ਅਧਿਕਾਰੀ ਵੱਲੋਂ ਸਿਫ਼ਾਰਸ਼ਾਂ ਕੀਤੀਆਂ ਜਾਂਦੀਆਂ ਹਨ ਤਾਂ ਮਾਸਕ ਸੰਬੰਧੀ ਨਿਯਮਾਂ ਨੂੰ ਅੱਗੇ ਵਧਾਇਆ ਵੀ ਜਾ ਸਕਦਾ ਹੈ। ਇਸ ਦੇ ਨਾਲ ਹੀ ਉਨ੍ਹਾਂ ਲੋਕਾਂ ਨੂੰ ਛੁੱਟੀਆਂ ਦੌਰਾਨ ਇਹਤਿਆਤ ਵਰਤਣ ਦੀ ਸਲਾਹ ਦਿੱਤੀ ਅਤੇ ਆਖਿਆ ਕਿ ਜੇਕਰ ਤੁਸੀਂ ਪੰਦਰਾਂ ਜਣਿਆਂ ਤੋਂ ਵੱਧ ਲੋਕ ਇਕੱਠੇ ਹੋ ਰਹੇ ਹੋ ਤਾਂ ਮਾਸਕ ਜ਼ਰੂਰ ਪਹਿਨ ਲ? ਇਸ ਦਾ ਕੋਈ ਨੁਕਸਾਨ ਨਹੀਂ ਹੋਵੇਗਾ।

# ਸ੍ਰੀ ਲੰਕਾ ਦੇ ਅੰਦਰੂਨੀ ਹਾਲਾਤ ਰਾਜਨੀਤਕ ਜੋੜਤੋੜ ਉਪਰੰਤ ਵੀ ਕੋਈ ਬਹੁਤੇ ਸੁਖਾਵੇਂ ਨਹੀਂ ਹਨ



ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਸ੍ਰੀਲੰਕਾ ਵਿੱਚ ਭਾਰੀ ਵਿਰੋਧ ਪ੍ਰਦਰਸ਼ਨ ਤੋਂ ਬਾਅਦ ਰਾਸ਼ਟਰਪਤੀ ਗੋਟਬਾਇਆ ਰਾਜਪਕਸ਼ੇ ਨੇ 17 ਮੰਤਰੀਆਂ ਦੀ ਨਵੀਂ ਕੈਬਨਿਟ ਦਾ ਗਠਨ ਕੀਤਾ ਵਰਣਨਯੋਗ ਹੈ ਕਿ ਇਸ ਮਹੀਨੇ ਦੀ ਸ਼ੁਰੂਆਤ ਵਿੱਚ ਦੇਸ਼ ਭਰ ਵਿੱਚ ਹਜ਼ਾਰਾਂ ਲੋਕ ਐਮਰਜੈਂਸੀ ਅਤੇ ਕਰਫਿਊ ਦੀ ਉਲੰਘਣਾ ਕਰਦਿਆਂ ਹੋਇਆਂ ਸਰਕਾਰ ਖ਼ਿਲਾਫ਼ ਵਿਰੋਧ ਪ੍ਰਗਟ ਕਰਨ ਲਈ ਸੜਕਾਂ ਤੇ ਉੱਤਰ ਆਏ ਸਨ। ਜਿਸ ਤੋਂ ਬਾਅਦ ਪ੍ਰਧਾਨਮੰਤਰੀ ਮਹਿੰਦਰਾ ਰਾਜਪਕਸੇ ਨੂੰ ਛੱਡ ਕੇ ਮੰਤਰੀ ਮੰਡਲ ਦੇ ਸਾਰੇ ਮੈਂਬਰਾਂ ਨੇ ਅਸਤੀਫ਼ਾ ਦੇ ਦਿੱਤਾ ਸੀ। ਇਸ ਤੋਂ ਬਾਅਦ ਰਾਸ਼ਟਰਪਤੀ ਨੂੰ ਵਿਰੋਧੀ ਧਿਰ ਦੇ ਮੈਂਬਰਾਂ ਨੂੰ ਨਾਲ ਲੈ ਕੇ ਸਾਂਝੇ ਮੰਤਰੀ ਮੰਡਲ ਦੇ ਗਠਨ ਦਾ ਰਾਹ ਪੱਧਰਾ ਕਰਨ ਲਈ ਮਜਬੂਰ ਹੋਣਾ ਪਿਆ ਸੀ। ਹਾਲਾਂਕਿ ਵਿਰੋਧੀ ਧਿਰ ਨੇ ਇਸ ਪੇਸ਼ਕਸ਼ ਨੂੰ ਠੁਕਰਾ ਦਿੱਤਾ ਸੀ। ਇਸੇ ਦੌਰਾਨ ਸ੍ਰੀਲੰਕਾ ਵਿੱਚ ਇੱਕ ਵੀਡੀਓਵੀ ਵਾਇਰਲ ਹੋਇਆ ਜਿਸ ਵਿੱਚ ਸਰਕਾਰ ਉੱਪਰ ਲੋਕਾਂ ਨੂੰ ਗੁੱਸਾ ਕੱਢਦੇ ਹੋਏ ਦਿਖਾਇਆ ਗਿਆ, ਲੋਕਾਂ ਨੇ ਬੀਤੀ ਰਾਤ ਰਾਸ਼ਟਰਪਤੀ ਭਵਨ ਉੱਤੇ ਗੋ ਹੋਮ ਗੋਟਾ ਲਿਖ ਦਿੱਤਾ ਸੀ। ਵਰਣਨਯੋਗ ਹੈ ਕਿ ਸ੍ਰੀਲੰਕਾ ਦੇ ਵਿਗੜੇ ਹੋਏ ਵਿੱਤੀ ਹਾਲਾਤ ਕਾਰਨ ਸ੍ਰੀਲੰਕਾ ਦੀ ਜਨਤਾ ਰਾਸ਼ਟਰਪਤੀ ਤੋਂ ਅਸਤੀਫ਼ੇ ਦੀ ਮੰਗ ਕਰ ਰਹੀ ਹੈ।

# ਅਮਰੀਕਾ ਦੇ ਪਿਟਸਬਰਗ ਸਹਿਰ ਵਿਖੇ ਹੋਈ ਗੋਲੀਬਾਰੀ ਚ ਦੋ ਜਣਿਆਂ ਦੀ ਮੌਤ,8 ਜ਼ਖ਼ਮੀ ਹੋਏ



ਯੂ ਐਸ ਏ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੇ ਸੂਬੇ ਪੈਨਸਿਲਵੇਨੀਆ ਦੇ ਪਿਟਸਬਰਗ ਸ਼ਹਿਰ 'ਚ ਬੀਤੇ ਦਿਨ ਇੱਕ ਪਾਰਟੀ ਦੌਰਾਨ ਹੋਈ ਗੋਲੀਬਾਰੀ 'ਚ ਦੋ ਨਾਬਾਲਗਾਂ ਦੀ ਮੌਤ ਹੋ ਗਈ ਤੇ 8 ਹੋਰ ਜ਼ਖ਼ਮੀ ਹੋ ਗਏ। ਪੁਲੀਸ ਅਧਿਕਾਰੀਆਂ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਸ਼ਹਿਰ 'ਚ ਕਿਰਾਏ 'ਤੇ ਲਈ ਗਈ ਇੱਕ ਥਾਂ 'ਤੇ ਅੱਧੀ ਰਾਤ ਤੋਂ ਬਾਅਦ 12:30 ਵਜੇ ਗੋਲੀਬਾਰੀ ਹੋਈ। ਘਟਨਾ ਸਮੇਂ ਮੌਕੇ 'ਤੇ 200 ਤੋਂ ਵੱਧ ਲੋਕ ਮੌਜੂਦ ਸਨ, ਜਿਨ੍ਹਾਂ 'ਚੋਂ ਬਹੁਤੇ ਨਾਬਾਲਗ ਸਨ। ਪੁਲੀਸ ਨੇ ਦੱਸਿਆ ਕਿ ਜ਼ਖ਼ਮੀਆਂ 'ਚੋਂ ਕਈਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ। ਜ਼ਖ਼ਮੀਆਂ 'ਚੋਂ ਦੋ ਦੀ ਹਸਪਤਾਲ 'ਚ ਇਲਾਜ ਦੌਰਾਨ ਮੌਤ ਹੋ ਗਈ। ਪੁਲੀਸ ਨੇ ਦੱਸਿਆ ਕਿ ਮੌਕੇ ਤੋਂ ਰਾਈਫਲ ਤੇ ਪਿਸਤੌਲ ਦੀਆਂ ਗੋਲੀਆਂ ਦੇ ਖੋਲ ਮਿਲੇ ਹਨ। ਪੁਲੀਸ ਵੱਲੋਂ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ।

# ਫੈਡਰਲ ਬਜਟ ਨਾਲ ਨੌਜਵਾਨ ਪਰਿਵਾਰਾਂ ਨੂੰ ਘਰ ਖ਼ਰੀਦਣ ਵਿੱਚ ਮੱਦਦ ਮਿਲੇਗੀ - ਟਰੂਡੋ



ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਇੱਕ ਪਾਸੇ ਜਦੋਂ ਬੈਂਕ ਆਫ ਕੈਨੇਡਾ ਵੱਲੋਂ ਵਿਆਜ ਦਰਾਂ ਵਿੱਚ ਵਾਧੇ ਦਾ ਐਲਾਨ ਕੀਤਾ ਗਿਆ ਹੈ ਤਾਂ ਉਧਰ ਦੂਜੇ ਪਾਸੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਪਿਛਲੇ ਦਿਨੀਂ ਜੋ ਫੈਡਰਲ ਬਜਟ ਪੇਸ਼ ਕੀਤਾ ਗਿਆ ਹੈ, ਉਸ ਨਾਲ ਲੋਕਾਂ ਨੂੰ ਤੇ ਖਾਸ ਕਰਕੇ ਨੌਜਵਾਨ ਪਰਿਵਾਰਾਂ ਨੂੰ ਘਰ ਖ਼ਰੀਦਣ ਵਿੱਚ ਮੱਦਦ ਮਿਲੇਗੀ। ਇਸ ਦੇ ਨਾਲ ਹੀ ਪ੍ਰਧਾਨ ਮੰਤਰੀ ਨੇ ਆਖਿਆ ਕਿ ਫੈਡਰਲ ਸਰਕਾਰ ਸਥਾਨਕ ਸਰਕਾਰਾਂ ਨਾਲ ਮਿਲ ਕੇ ਇਸ ਟੀਚੇ ਨੂੰ ਹਾਸਲ ਕਰੇਗੀ। ਉਨ੍ਹਾਂ ਆਖਿਆ ਕਿ ਇਸ ਲਈ ਟੈਕਸ ਫ੍ਰੀ ਸੇਵਿੰਗ ਅਕਾਊਂਟ ਵਿੱਚ ਮੱਦਦ ਕੀਤੀ ਜਾਵੇਗੀ ਤਾਂ ਕਿ ਪਹਿਲੀ ਵਾਰ ਘਰ ਖ਼ਰੀਦਣ ਵਾਲਿਆਂ ਦੀ ਮੱਦਦ ਹੋ ਸਕੇ।

# ਬ੍ਰਿਟਿਸ਼ ਕੋਲੰਬੀਆ 'ਚ ਹਰ ਰੋਜ਼ ਨਸ਼ੇ ਦੀ ਓਵਰਡੋਜ਼ ਕਾਰਨ ਹੋ ਰਹੀਆਂ 6 ਮੌਤਾਂ



ਸਰੀ (ਪੰਜਾਬੀ ਅਖ਼ਬਾਰ ਬਿਊਰੋ) ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ ਨਸ਼ੇ ਦੀ ਓਵਰਡੋਜ਼ ਜਾਂ ਜ਼ਹਿਰੀਲੀਆਂ ਦਵਾਈਆਂ ਕਾਰਨ ਮਰਨ ਵਾਲਿਆਂ ਦੀ ਗਿਣਤੀ ਦੇ ਅੰਕੜੇ ਵਿੱਚ ਕਿਸੇ ਤਰ੍ਹਾਂ ਦੀ ਕਮੀ ਨਹੀਂ ਆ ਰਹੀ। ਜਾਰੀ ਕੀਤੇ ਗਏ ਤਾਜ਼ਾ ਅੰਕੜਿਆਂ ਅਨੁਸਾਰ ਫਰਵਰੀ 2022 ਮਹੀਨੇ ਦੇ ਦੌਰਾਨ ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ 174 ਜਣਿਆਂ ਦੀ ਮੌਤ ਨਸ਼ੇ ਦੀ ?ਵਰਡੋਜ਼ ਕਾਰਨ ਹੋਈ ਹੈ। ਸਭ ਤੋਂ ਮੰਦਭਾਗੀ ਗੱਲ ਇਹ ਹੈ ਕਿ ਇਨ੍ਹਾਂ ਮਰਨ ਵਾਲਿਆਂ ਵਿੱਚ 6 ਜਣਿਆਂ ਦੀ ਉਮਰ 19 ਸਾਲ ਤੋਂ ਘੱਟ ਸੀ। ਬ੍ਰਿਟਿਸ਼ ਕੋਲੰਬੀਆ ਵਿੱਚ ਇਹ ਲਗਾਤਾਰ ਸਤਾਰ੍ਹਵਾਂ ਮਹੀਨਾ ਹੈ ਜਿਸ ਵਿੱਚ ਹਰ ਮਹੀਨੇ 150 ਤੋਂ ਵੱਧ ਲੋਕ ਨਸ਼ੇ ਦੀ ?ਵਰਡੋਜ਼ ਕਾਰਨ ਮੌਤ ਦੇ ਮੂੰਹ ਜਾ ਪਏ। ਇਨ੍ਹਾਂ ਮਰਨ ਵਾਲਿਆਂ ਵਿੱਚੋਂ 78 ਫੀਸਦੀ ਦੀ ਉਮਰ 30 ਤੋਂ 59 ਸਾਲ ਵਿਚਾਲੇ ਸੀ। ਸਭ ਤੋਂ ਵੱਧ ਮੌਤਾਂ ਸਰੀ ਵੈਨਕੂਵਰ ਅਤੇ ਵਿਕਟੋਰੀਆ ਵਿੱਚ ਹੋਈਆਂ। ਪਿਛਲੇ ਸਾਲ ਨਸ਼ੇ ਦੀ ਓਵਰਡੋਜ਼ ਕਾਰਨ ਸਭ ਤੋਂ ਵੱਧ 78 ਫ਼ੀਸਦੀ ਮੌਤਾਂ ਵੈਨਕੂਵਰ ਵਿੱਚ ਹੋਈਆਂ ਸਨ। ਸੂਬੇ ਵਿੱਚ ਹਰ ਰੋਜ਼ ਔਸਤਨ 6 ਜਣਿਆਂ ਦੀ ਮੌਤ ਇਨ੍ਹਾਂ ਜ਼ਹਿਰੀਲੀਆਂ ਦਵਾਈਆਂ ਕਾਰਨ ਹੁੰਦੀ ਹੈ। ਸਾਲ 2016 ਦੇ ਜਨਵਰੀ ਮਹੀਨੇ ਤੋਂ ਲੈ ਕੇ ਹੁਣ ਤੱਕ 9410 ਜਣਿਆਂ ਦੀ ਮੌਤ ਨਸ਼ੇ ਵਾਲੀਆਂ ਜ਼ਹਿਰੀਲੀਆਂ ਵਸਤਾਂ ਕਰਕੇ ਹੋ ਚੁੱਕੀ ਹੈ।

# ਕਰੋਨਾ ਦੇ ਤੇਜ਼ੀ ਨਾਲ ਵਧਦੇ ਮਾਮਲਿਆਂ ਕਾਰਨ ਕੈਨੇਡਾ ਦੇ ਸਭ ਬਾਲਗਾਂ ਲਈ ਬੂਸਟਰ ਡੋਜ਼ ਦੀ ਐਡਵਾਇਜ਼ਰੀ ਜਾਰੀ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਭਰ ਵਿਚ ਫਿਰ ਤੋਂ ਵਧ ਰਹੇ ਕੋਰੋਨਾ ਮਾਮਲਿਆਂ ਦੇ ਚਲਦਿਆਂ ਕੈਨੇਡਾ ਦੀ ਨੈਸ਼ਨਲ ਐਡਵਾਈਜ਼ਰੀ ਕਮੇਟੀ ਆਨ ਇਮੂਨਾਇਜੇਸ਼ਨ ਨੇ ਸਾਰੇ ਬਾਲਗਾਂ ਲਈ ਬੂਸਟਰ ਡੋਜ਼ ਦੀ ਜ਼ੋਰਦਾਰ ਸਿਫ਼ਾਰਸ਼ ਕੀਤੀ ਹੈ ਇਸ ਦੇ ਨਾਲ ਹੀ 12 ਤੋਂ 17 ਸਾਲ ਦੇ ਉਨ੍ਹਾਂ ਬੱਚਿਆਂ ਲਈ ਜਿਨ੍ਹਾਂ ਚ ਬੀਮਾਰੀ ਨਾਲ ਲੜਨ ਦੀ ਸਮਰੱਥਾ ਘੱਟ ਹੈ, ਲਈ ਵੀ ਬੂਸਟਰ ਡੋਜ਼ ਦੀ ਸਿਫ਼ਾਰਸ਼ ਕੀਤੀ ਗਈ ਹੈ। ਕੈਨੇਡਾ ਦੀ ਮੁੱਖ ਸਿਹਤ ਅਧਿਕਾਰੀ ਡਾ: ਟਰੀਜ਼ਾ ਟੈਮ ਨੇ ਇਸ ਸਬੰਧੀ ਓਟਵਾ ਵਿਖੇ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਆਖਿਆ ਤੇ ਇਹ ਮਾਇਨੇ ਨਹੀਂ ਰੱਖਦਾ ਕਿ ਤੁਸੀਂ ਕੈਨੇਡਾ ਦੇ ਕਿਸ ਹਿੱਸੇ ਵਿੱਚ ਰਹਿ ਰਹੇ ਹੋ। ਉਨ੍ਹਾਂ ਆਖਿਆ ਕਿ ਮੈਂ ਇਸ ਸਿਫ਼ਾਰਸ਼ ਕਰਦੀ ਹਾਂ ਕਿ ਬੂਸਟਰ ਡੋਜ਼ ਲੈ ਲਈ ਜਾਵੇ। ਉਨ੍ਹਾਂ ਅੱਗੇ ਦੱਸਿਆ ਕਿ ਕੈਨੇਡਾ ਵਿੱਚ ਇਸ ਵਕਤ ਓਮਨੀ ਕ੍ਰੌਨ ਵੇਰੀਐਂਟ ਅਤੇ ਇਸਦੇ ਬੀਏ ਟੂ ਸਭ ਵੇਰੀਐਂਟ ਦੇ ਮਾਮਲੇ ਤੇਜ਼ੀ ਨਾਲ ਵਧੇ ਹਨ। ਇਸ ਲਈ ਇਹ ਹੋਰ ਵੀ ਮਹੱਤਵਪੂਰਨ ਹੋ ਜਾਂਦਾ ਹੈ ਕਿ ਤੁਸੀਂ ਆਪਣੀ ਬੂਸਟਰ ਡੋਜ਼ ਲੈ ਲਵੋ।



# ਪੰਜਾਬੀਆਂ ਦੀ ਘਰ ਬਣਾਉਣ ਵਾਲੀ ਕੰਪਨੀ ਨੂੰ ਘਰ ਦੇ ਨਿਰਮਾਣ ਮੌਕੇ ਬੇਨਿਯਮੀਆਂ ਕਰਨ ਕਾਰਣ ਲੱਖਾਂ ਡਾਲਰ ਜੁਰਮਾਨਾ ਅਤੇ ਜੇਲ੍ਹ ਵੀ ਹੋ ਸਕਦੀ ਹੈ।

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕਨੇਡਾ ਵਿੱਚ ਘਰਾਂ ਦੀ ਉਸਾਰੀ ਮੌਕੇ ਸਬੰਧਿਤ ਸਿਟੀ ਦੀ ਪਰਬੰਧਕੀ ਕਮੇਟੀ ਵੱਲੋਂ ਘਰਾਂ ਉੱਪਰ ਪੂਰੀ ਨਿਗਰਾਨੀ ਰੱਖੀ ਜਾਂਦੀ ਹੈ ਤਾਂ ਕਿ ਉਸਾਰਿਆ ਜਾਣ ਵਾਲ ਘਰ ਪੂਰਨ ਮਾਪਦੰਡਾਂ ਅਨੁਸਾਰ ਸਹੀ ਘਰ ਬਣ ਸਕੇ ਪਰ ਇਹਨੀ ਦਿਨੀ ਧਾਲੀਵਾਲ ਹੋਮਜ਼ ਨਾਂ ਦੀ ਘਰ ਬਣਾਉਣ ਵਾਲੀ ਕੰਪਨੀ ਨੂੰ ਕੈਲਗਰੀ ਨੇ ਸੁਰੱਖਿਆ ਕੋਡ ਐਕਟ ਦੀ ਉਲੰਘਣਾ ਲਈ ਦੋਸ਼ ਲਗਾਇਆ ਹੈ। ਸਿਟੀ ਆਫ ਕੈਲਗਰੀ ਨੇ ਅਲਬਰਟਾ ਦੇ ਸੇਫਟੀ ਕੋਡ ਐਕਟ ਦੀ ਉਲੰਘਣਾ ਕਰਨ ਲਈ ਧਾਲੀਵਾਲ ਹੋਮਜ਼ ਲਿਮਟਿਡ ਦੇ ਡਾਇਰੈਕਟਰ ਅਤੇ ਦੋ ਏਜੰਟਾਂ ਸਮੇਤ ਉਹਨਾਂ ਉੱਪਰ 49 ਦੋਸ਼ ਲਗਾਏ ਹਨ। ਇਹ ਦੋਸ਼ ਕੈਲਗਰੀ ਬਿਲਡਿੰਗ ਸਰਵਿਸਿਜ਼ ਦੁਆਰਾ ਤਿੰਨ ਮਹੀਨਿਆਂ ਦੀ ਜਾਂਚ ਤੋਂ ਬਾਅਦ ਸਾਹਮਣੇ ਆਏ ਹਨ ਜਿਸ ਵਿੱਚ ਦੋ ਸੈਮੀ ਡਿਟੈਚਡ ਘਰਾਂ ਦੇ ਨਿਰਮਾਣ ਵਿੱਚ ਸੇਫਟੀ ਕੋਡ ਐਕਟ ਦੀ ਬੇਨਿਯਮੀਆਂ ਪਾਈਆਂ ਗਈਆਂ ਹਨ। ਬੇਨਿਯਮੀਆਂ ਵਿੱਚ ਘਰਾਂ ਅਤੇ ਗੈਰਾਜ ਦੇ ਨਿਰਮਾਣ ਲਈ ਮਿਊਂਸੀਪਲ ਬਿਲਡਿੰਗ ਪਰਮਿਟ ਤੋਂ ਬਿਨਾਂ ਇਮਾਰਤ, ਜ਼ਰੂਰੀ ਸੁਰੱਖਿਆ ਕੋਡ ਜਾਂਚਾਂ ਤੋਂ ਬਿਨਾਂ ਇਮਾਰਤ, ਅਤੇ ਜਾਣਬੁੱਝ ਕੇ ਪਰਮਿਟਾਂ, ਨਿਰੀਖਣਾਂ, ਸਬੰਧੀ ਗੁੰਮਰਾਹਕੁੰਨ ਜਾਣਕਾਰੀ ਜਮ੍ਹਾਂ ਕਰਾਉਣਾ ਸ਼ਾਮਲ ਹੈ। ਬਿਲਡਿੰਗ ਸੇਫਟੀ ਮੈਨੇਜਰ ਕਲਿਫ ਡੀ ਜੋਂਗਦਾ ਕਹਿਣਾ ਹੈ ਕਿ, "ਬਿਲਡਿੰਗ ਸੁਰੱਖਿਆ ਦੀ ਉਲੰਘਣਾ ਘਰ ਦੇ ਮਾਲਕਾਂ ਅਤੇ ਵੱਡੇ ਪੱਧਰ 'ਤੇ ਕਮਿਊਨਿਟੀ ਲਈ ਇੱਕ ਗੰਭੀਰ ਖਤਰਾ ਹੈ। ਸਿਟੀ ਦਾ ਕਹਿਣਾ ਹੈ ਕਿ ਧਾਲੀਵਾਲ ਹੋਮਜ਼ ਲਿਮਟਿਡ ਨੂੰ ਸੁਰੱਖਿਆ ਕੋਡ ਦੇ ਅਪਰਾਧਾਂ ਦੇ ਸਬੰਧ ਵਿੱਚ ਦੋਸ਼ੀ ਪਾਏ ਜਾਣ 'ਤੇ ਪ੍ਰਤੀ ਚਾਰਜ ਇੱਕ ਲੱਖ ਡਾਲਰ ਤੱਕ ਦਾ ਜੁਰਮਾਨਾ ਅਤੇ/ਜਾਂ ਛੇ ਮਹੀਨੇ ਦੀ ਕੈਦ ਹੋ ਸਕਦੀ ਹੈ। ਕੰਪਨੀ ਨੂੰ ਮਿਊਂਸਪਲ ਗਵਰਨਮੈਂਟ ਐਕਟ ਨਾਲ ਸਬੰਧਤ ਦੋ ਦੋਸ਼ਾਂ ਲਈ $10,000 ਡਾਲਰ ਦੇ ਵੱਧ ਤੋਂ ਵੱਧ ਜੁਰਮਾਨੇ ਅਤੇ/ਜਾਂ ਇੱਕ ਸਾਲ ਦੀ ਜੇਲ੍ਹ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਹੁਣ ਕੈਲਗਰੀ ਵਿੱਚ ਅਲਬਰਟਾ ਦੀ ਸੂਬਾਈ ਅਦਾਲਤ ਇਸ ਕੇਸ ਦੀ ਸੁਣਵਾਈ ਕਰੇਗੀ।

## ਕੈਲਗਰੀ ਸਹਿਰ ਅੰਦਰ ਅਪਰਾਧਿਕ ਗਤੀਵਿਧੀਆਂ ਵਿੱਚ ਵਾਧਾ ਹੋਇਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਿੱਚ ਅਪਰਾਧਕ ਗਤੀਵਿਧੀਆਂ ਕਾਫ਼ੀ ਜ਼ਿਆਦਾ ਵਧ ਗਈਆਂ ਹਨ, ਜਿਸ ਵਿਚ ਦਿਨ ਦਿਹਾੜੇ ਲੁੱਟਾਂ ਖੋਹਾਂ ਗੋਲੀਬਾਰੀ ਨਸ਼ਾ ਤਸਕਰੀ ਅਤੇ ਗੈਂਗਵਾਰ ਹੋਣੀਆਂ ਆਮ ਜਿਹੀ ਗੱਲ ਬਣ ਗਈ ਹੈ। ਜਿਸ ਵਿੱਚ ਮਿੱਥ ਕੇ ਕਤਲ ਕੀਤੇ ਜਾਣਾ ਵੀ ਸ਼ਾਮਲ ਹੈ । ਕੈਲਗਰੀ ਪੁਲੀਸ ਵੱਲੋਂ ਸਿਰ ਤੋੜ ਯਤਨ ਕੀਤੇ ਜਾਂਦੇ ਹਨ ਕਿ ਇਨ੍ਹਾਂ ਅਪਰਾਧੀਆਂ ਨੂੰ ਨੱਥ ਪਾਈ ਜਾ ਸਕੇ । ਇਸੇ ਤਰ੍ਹਾਂ ਨਸ਼ਾ ਤਸਕਰੀ ਸਬੰਧੀ ਚੱਲ ਰਹੀ ਜਾਂਚ ਦੇ ਦੌਰਾਨ ਕੈਲਗਰੀ ਪੁਲੀਸ ਨੇ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਵੱਡੀ ਮਾਤਰਾ ਵਿੱਚ ਹਥਿਆਰ ਬਰਾਮਦ ਕੀਤੇ ਹਨ।

## ਆਹ ਦੋ ਮੰਤਰੀਆਂ ਨੂੰ ਲਾਕ ਡਾਊਨ ਦੌਰਾਨ ਪਾਰਟੀ ਕਰਨੀ ਮਹਿੰਗੀ ਪਈ


ਲੰਡਨ (ਪੰਜਾਬੀ ਅਖ਼ਬਾਰ ਬਿਊਰੋ) ਕੋਰੋਨਾ ਮਹਾਂਮਾਰੀ ਕਾਰਨ ਲੱਗੇ ਲਾਕਡਾਊਨ ਦੇ ਦੌਰਾਨ ਪਾਰਟੀ ਆਯੋਜਿਤ ਕਰਨਾ ਬਰਤਾਨੀਆ ਦੇ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਅਤੇ ਉਨ੍ਹਾਂ ਦੇ ਭਾਰਤੀ ਮੂਲ ਦੇ ਵਿੱਤ ਮੰਤਰੀ ਰਿਸ਼ੀ ਸੂਨਕ ਨੂੰ ਕਾਫੀ ਮਹਿੰਗਾ ਪਿਆ ਹੈ। ਮਿਲੀ ਜਾਣਕਾਰੀ ਅਨੁਸਾਰ ਇਸ ਪਾਰਟੀ ਲਈ ਇਨ੍ਹਾਂ ਦੋਹਾਂ ਲੀਡਰਾਂ ਉੱਪਰ ਜੁਰਮਾਨਾ ਲਗਾਇਆ ਗਿਆ ਹੈ । ਡਾਊਨਿੰਗ ਸਟਰੀਟ ਦੇ ਬੁਲਾਰੇ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਨੂੰ ਸੂਚਨਾ ਮਿਲੀ ਕਿ ਮੈਟਰੋਪੌਲੀਟਿਨ ਪੁਲੀਸ ਉਨ੍ਹਾਂ ਨੂੰ ਜੁਰਮਾਨੇ ਦੇ ਨੋਟਿਸ ਜਾਰੀ ਕਰ ਰਹੀ ਹੈ। ਵਰਨਣਯੋਗ ਹੈ ਕਿ ਜਦੋਂ ਇਨ੍ਹਾਂ ਦੋਵਾਂ ਨੇਤਾਵਾਂ ਤੇ ਕੋਵਿਡ ਲਾਕਡਾਊਨ ਨਿਯਮਾਂ ਦੇ ਉਲੰਘਣ ਦੇ ਆਰੋਪ ਲੱਗੇ ਸਨ ਤਾਂ ਇਸ ਪੂਰੇ ਮਾਮਲੇ ਨੂੰ ਪਾਰਟੀ ਗੇਟ ਸਕੈਂਡਲ ਦਾ ਨਾਮ ਦਿੱਤਾ ਗਿਆ ਸੀ। ਬਾਅਦ ਵਿੱਚ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੇ ਆਖਿਆ ਕਿ ਮੈਂ ਜੁਰਮਾਨਾ ਭਰ ਦਿੱਤਾ ਹੈ ਅਤੇ ਇਸ ਮਾਮਲੇ ਚ ਮੈਂ ਇੱਕ ਵਾਰ ਫੇਰ ਮੁਆਫ਼ੀ ਮੰਗਦਾ ਹਾਂ ।

## ਟਰੂਡੋ ਸਾਹਿਬ ਨੇ ਐਡਮੰਟਨ ਆਕੇ ਬੱਜਟ ਦੀਆਂ ਖਾਸੀਅਤਾਂ ਦੱਸੀਆਂ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਹੈ ਕਿ ਕੈਨੇਡਾ ਕੋਲ ਦੁਨੀਆਂ ਦੇ ਬਿਹਤਰੀਨ ਵਿਗਿਆਨਕ,ਚਿੰਤਕ ਅਤੇ ਇਨੋਵੇਟਰ ਮੌਜੂਦ ਹਨ। ਜਿਨ੍ਹਾਂ ਕੋਲ ਬਿਹਤਰੀਨ ਆਈਡਿਆਜ਼ ਹਨ ਪਰ ਉਨ੍ਹਾਂ ਨੂੰ ਅਮਲੀ ਰੂਪ ਦੇਣ ਵਾਸਤੇ ਵੱਡੀ ਮਦਦ ਦੀ ਲੋੜ ਹੈ,ਜਿਸ ਲਈ ਫੈਡਰਲ ਸਰਕਾਰ ਨੇ ਬੀਤੇ ਦਿਨੀ ਪੇਸ਼ ਕੀਤੇ ਗਏ ਬਜਟ ਵਿਚ ਇਕ ਬਿਲੀਅਨ ਡਾਲਰ ਦੀ ਕੈਨੇਡਾ ਇਨੋਵੇਸ਼ਨ ਐਂਡ ਇਨਵੈਸਟਮੈਂਟ ਏਜੰਸੀ ਦਾ ਐਲਾਨ ਕੀਤਾ ਸੀ । ਐਡਮਿੰਟਨ ਵਿਖੇ ਫੈਡਰਲ ਬਜਟ ਦੀਆਂ ਖਾਸੀਅਤਾਂ ਦਾ ਜ਼ਿਕਰ ਕਰਨ ਮੌਕੇ ਜਸਟਿਨ ਟਰੂਡੋ ਨਾਲ ਕੈਲਗਰੀ ਸਕਾਈਵਿਊ ਤੋਂ ਮੈਂਬਰ ਪਾਰਲੀਮੈਂਟ ਜੌਰਜ ਚਾਹਲ ਅਤੇ ਇਨੋਵੇਟ ਐਡਮਿੰਟਨ ਦੀ ਸੀਈ? ਕੈਥਰੀਨ ਵਾਰੇਨ ਵੀ ਮੌਜੂਦ ਸਨ।

## ਸ਼ਾਹਬਾਜ਼ ਸ਼ਰੀਫ ਬਣੇ ਪਾਕਿਸਤਾਨ ਦੇ 23ਵੇਂ ਪ੍ਰਧਾਨ ਮੰਤਰੀ

### ਹੁਣ ਡਾਲਰ ਦੇ ਮੁਕਾਬਲੇ ਪਾਕਿਸਤਾਨੀ ਰੁਪਏ 'ਚ ਮਜ਼ਬੂਤੀ ਦਾ ਦਾਅਵਾ ਕੀਤਾ ਜਾ ਰਿਹਾ ਹੈ



ਇਸਲਾਮਾਬਾਦ (ਪੰਜਾਬੀ ਅਖ਼ਬਾਰ ਬਿਊਰੋ) ਪਾਕਿਸਤਾਨ ਮੁਸਲਿਮ ਲੀਗ ਨਵਾਜ਼ ਪੀ ਐਮ ਐਲ ਐਨ ਦੇ ਪ੍ਰਧਾਨ ਸ਼ਾਹਬਾਜ਼ ਸ਼ਰੀਫ਼ ਨੂੰ ਪਾਕਿਸਤਾਨੀ ਸੰਸਦ ਦੇ ਮੈਂਬਰਾਂ ਨੇ ਵੋਟਾਂ ਰਾਹੀਂ ਨਵਾਂ ਪ੍ਰਧਾਨ ਮੰਤਰੀ ਚੁਣ ਲਿਆ ਹੈ। ਉਹ ਪਾਕਿਸਤਾਨ ਦੇ ਤੇਈਵੇਂ ਪ੍ਰਧਾਨ ਮੰਤਰੀ ਬਣੇ ਹਨ । 342 ਮੈਂਬਰਾਂ ਵਾਲੇ ਸਦਨ ਵਿਚ ਜਿੱਤਣ ਲਈ ਘੱਟੋ ਘੱਟ 172 ਮੈਂਬਰਾਂ ਦਾ ਸਮਰਥਨ ਚਾਹੀਦਾ ਸੀ ਜਦੋਂ ਕਿ ਸ਼ਾਹਬਾਜ਼ ਸ਼ਰੀਫ਼ ਨੂੰ 174 ਵੋਟਾਂ ਮਿਲੀਆਂ । ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੂੰ ਬੇਭਰੋਸਗੀ ਦੇ ਮਤੇ ਤੇ ਵੋਟਾਂ ਰਾਹੀਂ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ । ਦੱਸਣਯੋਗ ਹੈ ਕਿ 1947 ਵਿੱਚ ਹੋਂਦ ਵਿੱਚ ਆਏ ਪਾਕਿਸਤਾਨ ਦੇ ਕਿਸੇ ਵੀ ਪ੍ਰਧਾਨ ਮੰਤਰੀ ਨੇ ਅਜੇ ਤਕ ਆਪਣਾ ਕਾਰਜਕਾਲ ਪੂਰਾ ਨਹੀਂ ਕੀਤਾ। ਪ੍ਰਧਾਨ ਮੰਤਰੀ ਚੁਣੇ ਜਾਣ ਤੋਂ ਬਾਅਦ ਸ਼ਾਹਬਾਜ਼ ਸ਼ਰੀਫ਼ ਨੇ ਸੰਸਦ ਵਿੱਚ ਸੰਬੋਧਨ ਕਰਦਿਆਂ ਆਖਿਆ ਕਿ ਉਨ੍ਹਾਂ ਦੀ ਚੋਣ ਦੇ ਨਾਲ ਹੀ ਪਾਕਿਸਤਾਨੀ ਰੁਪਿਆ ਡਾਲਰ ਦੇ ਮੁਕਾਬਲੇ ਅੱਠ ਰੁਪਏ ਮਜ਼ਬੂਤ ਹੋਇਆ ਹੈ ।

## ਬੈਂਕ ਆਫ ਕੈਨੇਡਾ ਨੇ ਵਿਆਜ ਦਰਾਂ ਚ ਕੀਤਾ ਵਾਧਾ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਜਿਸ ਤਰ੍ਹਾਂ ਕਿ ਉਮੀਦ ਕੀਤੀ ਜਾ ਰਹੀ ਸੀ ਉਹ ਹੋ ਗਿਆ ਹੈ ਕਿ ਬੈਂਕ ਆਫ ਕੈਨੇਡਾ ਵੱਲੋਂ ਵਿਆਜ ਦਰਾਂ ਵਿੱਚ ਵਾਧਾ ਕਰ ਦਿੱਤਾ ਗਿਆ ਹੈ। ਵਰਨਣਯੋਗ ਹੈ ਕਿ ਕਰੋਨਾ ਮਹਾਂਮਾਰੀ ਦੇ ਦੌਰਾਨ ਬੈਂਕ ਆਫ ਕੈਨੇਡਾ ਵੱਲੋਂ ਵਿਆਜ ਦਰਾਂ ਸਭ ਤੋਂ ਹੇਠਲੇ ਪੱਧਰ ਤੇ ਰੱਖੀਆਂ ਗਈਆਂ ਸਨ ਪਰ ਹੁਣ ਬੈਂਕ ਆਫ ਕੈਨੇਡਾ ਵੱਲੋਂ ਵਿਆਜ ਦਰ ਵਧਾ ਕੇ ਇੱਕ ਫ਼ੀਸਦੀ ਕਰ ਦਿੱਤੀ ਗਈ ਹੈ ਅਤੇ ਇਹ ਵਾਧਾ ਸਾਲ 2020 ਤੋਂ ਬਾਅਦ ਹੁਣ ਤੱਕ ਦਾ ਸਭ ਤੋਂ ਵੱਡਾ ਵਾਧਾ ਹੈ।

## ਮੌਸਮ ਵਿਭਾਗ ਦੀ ਚਿਤਾਵਨੀ ਕਾਰਣ ਗਰੌਸਰੀ ਸਟੋਰਾਂ ਦੀਆਂ ਸੈਲਫਾਂ ਖਾਲੀ ਹੋਈਆਂ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਐਨਵਾਇਰਮੈਂਟ ਕੈਨੇਡਾ ਵੱਲੋਂ ਚਿਤਾਵਨੀ ਜਾਰੀ ਕੀਤੀ ਗਈ ਸੀ ਜਿਸ ਵਿੱਚ ਆਖਿਆ ਗਿਆ ਸੀ ਕਿ ਮੈਨੀਟੋਬਾ ਦੇ ਕਈ ਖੇਤਰਾਂ ਵਿੱਚ ਜ਼ਬਰਦਸਤ ਬਰਫ਼ੀਲੇ ਤੂਫ਼ਾਨ ਆਉਣ ਦੀ ਸੰਭਾਵਨਾ ਹੈ, ਜਿਸ ਵਿੱਚ ਤੀਹ ਤੋਂ ਪੰਜਾਹ ਸੈਂਟੀਮੀਟਰ ਤੱਕ ਬਰਫਬਾਰੀ ਹੋਣ ਦੀ ਵੀ ਉਮੀਦ ਪ੍ਰਗਟ ਕੀਤੀ ਜਾ ਰਹੀ ਸੀ ਜਿਸ ਕਾਰਨ ਮੈਨੀਟੋਬਾ ਸੂਬੇ ਵਿੱਚ ਹਾਲਾਤ ਇਸ ਤਰ੍ਹਾਂ ਬਣ ਗਏ ਸਨ ਕਿ ਲੋਕਾਂ ਨੇ ਗ੍ਰੌਸਰੀ ਸਟੋਰਾਂ ਤੋਂ ਵੱਡੀ ਮਾਤਰਾ ਵਿਚ ਸਾਮਾਨ ਖ਼ਰੀਦ ਲਿਆ ਸੀ ਤੇ ਸ਼ੈਲਫਾਂ ਖਾਲੀ ਹੋ ਗਈਆਂ ਸਨ।

## ਉਂਟਾਰੀਓ ਦੀ ਹਵਾਈ ਕੰਪਨੀ ਦੇ ਜਹਾਜ਼ ਦਾ ਅਮਲਾ ਭਾਰੀ ਮਾਤਰਾ ਚ ਕੋਕੀਨ ਸਮੇਤ ਡੋਮਿਨੀਕਨ ਰਿਪਬਲਿਕ ਵਿੱਚ ਕਾਬੂ

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਓਟਾਰੀਓਦੀ ਇੱਕ ਏਅਰਲਾਈਨ ਕੰਪਨੀ ਦੇ ਇਕ ਜਹਾਜ਼ ਦੇ ਅਮਲੇ ਤੋਂ ਡੋਮਿਨਿਕਨ ਰਿਪਬਲਿਕ ਵਿੱਚ ਗੰਭੀਰਤਾ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ। ਮਾਮਲਾ ਇਸ ਤਰਾਂ ਦਾ ਦੱਸਿਆ ਜਾ ਰਿਹਾ ਹੇ ਕਿ ਅਸਲ ਵਿੱਚ ਇਸ ਜਹਾਜ਼ ਵਿੱਚੋਂ ਵੱਡੀ ਮਾਤਰਾ ਵਿੱਚ ਕੋਕੀਨ ਬਰਾਮਦ ਹੋਈ ਹੈ, ਜਿਸ ਨੂੰ ਜਹਾਜ਼ ਦੇ ਕੰਟਰੋਲ ਪੈਨਲਾਂ ਵਿੱਚ ਲੁਕਾ ਕੇ ਰੱਖਿਆ ਗਿਆ ਸੀ। ਜਿਸਦਾ ਗਹਿਰੇ ਢੰਗ ਨਾਲ ਹੋਈ ਜਾਂਚ ਵਿੱਚ ਪਤਾ ਲੱਗਾ ਅਤੇ ਜਹਾਜ਼ ਦੇ ਕਰੂ ਮੈਂਬਰਾਂ ਨੂੰ ਗ੍ਰਿਫ਼ਤਾਰ ਕਰਕੇ ਗਹਿਰਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ।

## ਯੂਕਰੇਨ ਸੰਕਟ ਦੇ ਮਾਮਲੇ ਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਵਿਚਾਲੇ ਹੋਈ ਦੁਵੱਲੀ ਗੱਲਬਾਤ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਯੂਕਰੇਨ ਯੁੱਧ ਦੇ ਮੁੱਦੇ ਤੇ ਭਾਰਤ ਦੇ ਪ੍ਰਧਾਨਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਵਿਚਾਲੇ ਇੱਕ ਵਰਚੁਅਲ ਮੀਟਿੰਗ ਹੋਈ । ਇਸ ਦੁਵੱਲੀ ਗੱਲਬਾਤ ਵਿੱਚ ਯੂਕਰੇਨ ਸੰਕਟ ਤੋਂ ਇਲਾਵਾ ਦੱਖਣੀ ਏਸ਼ੀਆ ਦੇ ਵਿਕਾਸ ਇੰਡੋ ਪੈਸੇਫਿਕ ਦੇ ਹਾਲਾਤ ਅਤੇ ਦੁਵੱਲੇ ਸਹਿਯੋਗ ਉੱਪਰ ਚਰਚਾ ਅਹਿਮ ਮੁੱਦੇ ਰਹੇ । ਪ੍ਰਧਾਨਮੰਤਰੀ ਮੋਦੀ ਨੇ ਆਖਿਆ ਕਿ ਸਾਡੀ ਸੰਸਦ ਵਿੱਚ ਯੂਕਰੇਨ ਦੇ ਮੁੱਦੇ ਤੇ ਵਿਸਥਾਰ ਵਿੱਚ ਚਰਚਾ ਹੋਈ ਹੈ ਅਤੇ ਹਾਲ ਹੀ ਵਿੱਚ ਯੂਕਰੇਨ ਦੇ ਬੁੱਚਾ ਸ਼ਹਿਰ ਚ ਆਮ ਲੋਕਾਂ ਦੀਆਂ ਹੱਤਿਆਵਾਂ ਦੀ ਖ਼ਬਰ ਚਿੰਤਾ ਜਨਕ ਹੈ । ਅਸੀਂ ਇਸ ਦੀ ਨਿੰਦਾ ਕਰਦੇ ਹਾਂ ਇਸ ਦੇ ਨਾਲ ਹੀ ਪ੍ਰਧਾਨ ਮੰਤਰੀ ਨੇ ਆਖਿਆ ਕਿ ਸਾਨੂੰ ਉਮੀਦ ਹੈ ਕਿ ਗੱਲਬਾਤ ਨਾਲ ਸਮੱਸਿਆ ਦਾ ਹੱਲ ਨਿਕਲੇਗਾ । ਉਨ੍ਹਾਂ ਨਾਲ ਹੀ ਦੱਸਿਆ ਕਿ ਭਾਰਤ ਵੱਲੋਂ ਯੂਕਰੇਨ ਨੂੰ ਦਵਾਈਆਂ ਅਤੇ ਹੋਰ ਸਾਮਾਨ ਮੱਦਦ ਵਜੋਂ ਭੇਜਿਆ ਗਿਆ ਹੈ ।

## ਟੋਰਾਂਟੋ ਪੁਲੀਸ ਨੇ ਫੜੀ ਹੁਣ ਤੱਕ ਦੀ ਡਰੱਗਸ ਦੀ ਸਭ ਤੋਂ ਵੱਡੀ ਖੇਪ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨ ਟੋਰਾਂਟੋ ਪੁਲੀਸ ਨੂੰ ਉਸ ਵਕਤ ਵੱਡੀ ਕਾਮਯਾਬੀ ਮਿਲੀ ਜਦੋਂ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਕੇ 280 ਕਿਲੋ ਡਰੱਗਜ਼ ਬਰਾਮਦ ਕੀਤੀਆਂ ਗਈਆਂ। ਸੂਬੇ ਦੇ ਇਤਿਹਾਸ ਵਿੱਚ ਇੱਕੋ ਵਾਰ ਚ ਇੰਨੀ ਵੱਡੀ ਮਾਤਰਾ ਵਿੱਚ ਡਰੱਗਜ਼ ਫੜੀਆਂ ਗਈਆਂ ਹਨ। ਸਟਾਫ ਸੁਪਰਡੰਟ ਲੌਰੇਨ ਭੋਗ ਨੇ ਆਖਿਆ ਕਿ ਇਸ ਤੋਂ ਪਹਿਲਾਂ ਵੀ ਵੱਡੀ ਮਾਤਰਾ ਵਿੱਚ ਨਸ਼ੇ ਫੜੇ ਜਾ ਚੁੱਕੇ ਹਨ ਪਰ ਉਹ ਕਈ ਮਹੀਨਿਆਂ ਦੇ ਵਕਫੇ ਨਾਲ ਫੜੇ ਜਾਂਦੇ ਰਹੇ ਹਨ ਪਰ ਇੱਕ ਵਿਅਕਤੀ ਤੋਂ ਇੱਕ ਦਿਨ ਵਿੱਚ ਇੰਨੀ ਵੱਡੀ ਮਾਤਰਾ ਵਿੱਚ ਨਸ਼ਾ ਪਹਿਲੀ ਵਾਰ ਫੜਿਆ ਗਿਆ ਹੈ। ਫੜੀਆਂ ਗਈਆਂ



ਡਰੱਗਜ਼ ਦੀ ਕੀਮਤ 28 ਮਿਲੀਅਨ ਡਾਲਰ ਦੱਸੀ ਜਾ ਰਹੀ ਹੈ। ਇਨ੍ਹਾਂ ਡਰੱਗਜ਼ ਨੂੰ ਬਰਾਮਦ ਕਰਨ ਵਿਚ ਇੰਸਪੈਕਟਰ ਮਨਦੀਪ ਮਾਨ ਅਤੇ ਉਨ੍ਹਾਂ ਦੀ ਟੀਮ ਦਾ ਵੱਡਾ ਯੋਗਦਾਨ ਰਿਹਾ ।

## ਇਲੈਕਟ੍ਰੀਕਲ ਵਾਹਨ ਖਰੀਦਣ ਵਾਲਿਆਂ ਨੂੰ 5000 ਡਾਲਰ ਦੀ ਮੱਦਦ ਦਿੱਤੀ ਜਾਵੇਗੀ - ਟਰੂਡੋ

ਵੈਨਕੋਵਰ(ਪੰਜਾਬੀ ਅਖ਼ਬਾਰ ਬਿਊਰੋ) ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਐਲਾਨ ਕੀਤਾ ਕਿ ਇਲੈਕਟ੍ਰੀਕਲ ਵਾਹਨ ਖਰੀਦਣ ਵਾਲੇ ਲੋਕਾਂ ਨੂੰ ਪੰਜ ਹਜ਼ਾਰ ਡਾਲਰ ਦੀ ਮੱਦਦ ਦਿੱਤੀ ਜਾਵੇਗੀ ਜੋ ਕਿ ਇਲੈਕਟ੍ਰੀਕਲ ਵਾਹਨ ਖ਼ਰੀਦਣ ਮੌਕੇ ਰਿਬੇਟ ਦੇ ਰੂਪ ਵਿਚ ਮਿਲੇਗੀ।ਬੀਤੇ ਦਿਨੀ ਵਿਕਟੋਰੀਆ ਦਿ ਰਾਇਲ ਰੋਡਜ਼ ਯੂਨੀਵਰਸਿਟੀ ਦੇ ਪਾਰਕਿੰਗ ਲਾਟ ਵਿਚ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਆਖਿਆ ਕਿ ਜ਼ੀਰੋ ਅਮਿਸ਼ਨ ਵੱਲ ਅੱਗੇ ਵਧਦਿਆਂ ਹੋਇਆਂ ਸਾਲ 2026 ਤਕ ਕੁੱਲ ਵੇਚੀਆਂ ਜਾਣ ਵਾਲੀਆਂ ਕਾਰਾਂ ਚੋਂ 20 ਫ਼ੀਸਦੀ ਇਲੈਕਟ੍ਰੀਕਲ ਕਾਰਾਂ ਵੇਚਣੀਆਂ ਲਾਜ਼ਮੀ ਕੀਤੀਆਂ ਜਾਣਗੀਆਂ। ਜਦੋਂ ਕਿ ਸਾਲ 2030 ਤੱਕ ਇਹ ਟੀਚਾ 60 ਫ਼ੀਸਦੀ ਕੀਤਾ ਜਾਵੇਗਾ ਅਤੇ 2035 ਤੱਕ ਸੌ ਫੀਸਦੀ ਕਾਰਾਂ ਹੀ ਇਲੈਕਟ੍ਰਿਕ ਹੋਣਗੀਆਂ । ਇਸ ਦੇ ਨਾਲ ਹੀ ਪ੍ਰਧਾਨ ਮੰਤਰੀ ਨੇ ਆਖਿਆ ਕਿ ਇਨ੍ਹਾਂ ਇਲੈਕਟ੍ਰੀਕਲ ਵਾਹਨਾਂ ਨੂੰ ਚਾਰਜ ਕਰਨ ਲਈ ਪੂਰੇ ਦੇਸ਼ ਵਿੱਚ ਇੱਕ ਮਜ਼ਬੂਤ ਨੈਟਵਰਕ ਸਥਾਪਤ ਕੀਤਾ ਜਾਵੇਗਾ ।



## ਯੂਕ੍ਰੇਨ ਵਿੱਚ ਜਿਣਸੀ ਹਿੰਸਾ ਦਾ ਸ਼ਿਕਾਰ ਮਹਿਲਾਵਾਂ ਨੂੰ ਇਨਸਾਫ਼ ਦਿਵਾਉਣ ਲਈ ਕੈਨੇਡਾ ਵਚਨਬੱਧ ਹੈ - ਕ੍ਰਿਸਟੀਆ ਫ੍ਰੀਲੈਂਡ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੀ ਉਪ ਪ੍ਰਧਾਨ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਨੇ ਆਖਿਆ ਹੈ ਕਿ ਯੂਕ੍ਰੇਨ ਵਿੱਚ ਜਿਣਸੀ ਹਿੰਸਾ ਦਾ ਸ਼ਿਕਾਰ ਹੋਈਆਂ ਮਹਿਲਾਵਾਂ ਅਤੇ ਬੱਚਿਆਂ ਨੂੰ ਇਨਸਾਫ ਦਿਵਾਉਣ ਲਈ ਕੈਨੇਡਾ ਵਚਨਬੱਧ ਹੈ। ਵਰਨਣਯੋਗ ਹੈ ਕਿ ਯੂਕਰੇਨ ਵਿੱਚ ਰੂਸੀ ਸੈਨਿਕਾਂ ਦੁਆਰਾ ਮਹਿਲਾਵਾਂ ਅਤੇ ਬੱਚਿਆਂ ਨਾਲ ਜਿਣਸੀ ਹਿੰਸਾ ਕੀਤੇ ਜਾਣ ਦੇ ਦੋਸ਼ ਲੱਗੇ ਹਨ। ਫਰੀਲੈਂਡ ਨੇ ਆਖਿਆ ਕਿ ਰੂਸ ਨੇ ਯੂਕਰੇਨ ਦੇ ਨਾਗਰਿਕਾਂ ਉੱਪਰ ਜਿਣਸੀ ਹਿੰਸਾ ਕੀਤੇ ਜਾਣ ਨੂੰ ਯੁੱਧ ਦੇ ਹਥਿਆਰ ਵੱਜੋਂ ਵਰਤਿਆ ਹੈ ਜੋ ਕਿ ਇੱਕ ਜੰਗੀ ਅਪਰਾਧ ਹੈ ਉਨ੍ਹਾਂ ਅੱਗੇ ਆਖਿਆ ਕਿ ਅਸੀਂ ਬੁਚਾ ਅਤੇ ਯੂਕਰੇਨ ਦੇ ਹੋਰਨਾਂ ਹਿੱਸਿਆਂ ਵਿੱਚ ਰੂਸ ਵੱਲੋਂ ਕੀਤੀਆਂ ਕਾਰਵਾਈਆਂ ਨੂੰ ਦੇਖਿਆ ਹੈ ਜੋ ਬੇਹੱਦ ਡਰਾਉਣੀਆਂ ਹਨ ।

Calgary

# ਪ੍ਰਾਪਰਟੀ ਟੈਕਸ ਕੈਲਗਰੀ ਨੂੰ ਰਹਿਣ ਲਈ ਇੱਕ ਵਧੀਆ ਜਗ੍ਹਾ ਬਣਾਉਣ ਵਿੱਚ ਮਦਦ ਕਰਦੇ ਹਨ

ਤੁਹਾਡੇ ਸਿਟੀ ਟੈਕਸ ਡਾਲਰ ਕੈਲਗਰੀ ਨੂੰ ਰਹਿਣ ਲਈ ਇੱਕ ਵਧੀਆ ਥਾਂ ਬਣਾਉਂਦੇ ਹਨ।

ਪ੍ਰਾਪਰਟੀ ਟੈਕਸਾਂ ਦੇ ਮਿਉਂਸਪਲ ਹਿੱਸੇ ਦੀ ਵਰਤੋਂ ਕਰਦੇ ਹੋਏ ਸਿਟੀ ਬਹੁਤ ਸਾਰੀਆਂ ਸੇਵਾਵਾਂ ਅਤੇ ਪ੍ਰੋਗਰਾਮ ਪ੍ਰਦਾਨ ਕਰਦੀ ਹੈ। ਇਨ੍ਹਾਂ ਵਿੱਚ ਪੁਲਿਸ, ਫਾਇਰ, ਸੜਕਾਂ ਅਤੇ ਪਾਰਕ ਸ਼ਾਮਲ ਹਨ। ਪਰ ਉਹ ਸਮਾਜਿਕ ਪ੍ਰੋਗਰਾਮਾਂ ਅਤੇ ਮਨੋਰੰਜਨ ਸਹੂਲਤਾਂ ਵਰਗੀਆਂ ਹੋਰ ਮਹੱਤਵਪੂਰਨ ਚੀਜ਼ਾਂ ਲਈ ਭੁਗਤਾਨ ਕਰਨ ਵਿੱਚ ਵੀ ਮਦਦ ਕਰਦੇ ਹਨ।

ਤੁਹਾਡਾ ਇੰਪੁੱਟ ਅਤੇ ਕਈ ਮੁੱਖ ਫੈਸਲੇ ਤੁਹਾਨੂੰ ਹਰ ਸਾਲ ਪ੍ਰਾਪਤ ਹੋਣ ਵਾਲੇ ਪ੍ਰਾਪਰਟੀ ਟੈਕਸ ਬਿੱਲ ਨੂੰ ਪ੍ਰਭਾਵਿਤ ਕਰਦੇ ਹਨ। ਅਸੀਂ ਇਹ ਯਕੀਨੀ ਬਣਾਉਣ 'ਤੇ ਕੇਂਦ੍ਰਿਤ ਰਹਿੰਦੇ ਹਾਂ ਕਿ ਤੁਹਾਡੇ ਪ੍ਰਾਪਰਟੀ ਟੈਕਸ ਡਾਲਰਾਂ ਦੀ ਸਮਝਦਾਰੀ ਨਾਲ ਵਰਤੋਂ ਕੀਤੀ ਜਾਵੇ, ਲਾਗਤਾਂ ਨੂੰ ਘਟਾਉਣ ਦੇ ਤਰੀਕਿਆਂ ਦੀ ਤਲਾਸ਼ ਕੀਤੀ ਜਾਵੇ ਅਤੇ ਤੁਹਾਨੂੰ ਸੇਵਾਵਾਂ ਪ੍ਰਦਾਨ ਕਰਨ ਦੇ ਤਰੀਕਿਆਂ ਵਿੱਚ ਸੁਧਾਰ ਕੀਤਾ ਜਾਵੇ।

ਇਸ ਬਾਰੇ ਹੋਰ ਜਾਣੋ ਕਿ ਅਸੀਂ ਤੁਹਾਡੇ ਟੈਕਸ ਡਾਲਰਾਂ ਦੀ ਵਰਤੋਂ ਕਰਕੇ ਸਿਟੀ ਸੇਵਾਵਾਂ ਅਤੇ ਪ੍ਰੋਗਰਾਮਾਂ ਰਾਹੀਂ ਮੁੱਲ ਕਿਵੇਂ ਪ੍ਰਦਾਨ ਕਰਦੇ ਹਾਂ, calgary.ca/ourfinances 'ਤੇ ਜਾਓ।




ਕੀ ਤੁਹਾਨੂੰ ਪਤਾ ਸੀ?

Calgary

65% ਕੈਲਗਰੀ ਸਿਟੀ ਸਰਵਿਸ ਲਈ ਜਾਂਦਾ ਹੈ



35% ਅਲਬਰਟਾ ਸਰਕਾਰ ਨੂੰ ਜਾਂਦਾ ਹੈ

ਤੁਹਾਡੇ ਪ੍ਰਾਪਰਟੀ ਟੈਕਸ ਦਾ ਲਗਭਗ 65 ਪ੍ਰਤੀਸ਼ਤ ਇਹਨਾਂ ਸਿਟੀ ਸੇਵਾਵਾਂ ਨੂੰ ਫੰਡ ਦੇਣ ਲਈ ਜਾਂਦਾ ਹੈ, ਜਦੋਂ ਕਿ ਬਾਕੀ 35 ਪ੍ਰਤੀਸ਼ਤ ਅਲਬਰਟਾ ਸਰਕਾਰ ਨੂੰ ਜਾਂਦਾ ਹੈ।

## ਦੋ ਸਾਲ ਬਾਅਦ ਵ੍ਹਾਈਟ ਹਾਊਸ ਵਿਚ ਪਰਤੀ ਈਸਟਰ ਦੀ ਰੌਣਕ - ਰਾਸ਼ਟਰਪਤੀ ਬਾਈਡਨ ਵੱਲੋਂ 30,000 ਬੱਚਿਆਂ ਦਾ ਸਵਾਗਤ ਕੀਤਾ ਗਿਆ

ਯੂ ਐਸ ਏ(ਪੰਜਾਬੀ ਅਖ਼ਬਾਰ ਬਿਊਰੋ) ਕੋਰੋਨਾ ਮਹਾਂਮਾਰੀ ਨੇ ਦੋ ਸਾਲਾਂ ਤੱਕ ਹਰੇਕ ਤਿਉਹਾਰ ਦਾ ਰੰਗ ਫਿੱਕਾ ਪਾ ਦਿੱਤਾ ਸੀ ਪਰ ਜਿਵੇਂ ਜਿਵੇਂ ਵੈਕਸੀਨੇਸ਼ਨ ਦੀ ਦਰ ਵਧਦੀ ਗਈ ਜ਼ਿੰਦਗੀ ਆਮ ਵਰਗੀ ਹੋਣੀ ਸ਼ੁਰੂ ਹੋ ਗਈ ਹੈ। ਇਸ ਦੀ ਤਾਜ਼ਾ ਮਿਸਾਲ ਅਮਰੀਕਾ ਦੇ ਵ੍ਹਾਈਟ ਹਾਊਸ ਵਿੱਚੋਂ ਨਜ਼ਰ ਆਈ, ਜਿੱਥੇ ਰਾਸ਼ਟਰਪਤੀ ਜੋ



ਬਾਈਡਨ ਅਤੇ ਪ੍ਰਥਮ ਮਹਿਲਾ ਜਿਲਲ ਬਾਈਡਨ ਵੱਲੋਂ ਸਾਲਾਨਾ ਈਸਟਰ ਐੱਗ ਰੋਲ ਮੌਕੇ ਲਗਪਗ 30 ਹਜ਼ਾਰ ਬੱਚਿਆਂ ਦਾ ਵ੍ਹਾਈਟ ਹਾਊਸ ਵਿੱਚ ਸਵਾਗਤ ਕੀਤਾ ਗਿਆ। ਵਰਣਨਯੋਗ ਹੈ ਕਿ ਵ੍ਹਾਈਟ ਹਾਊਸ ਵਿੱਚ ਈਸਟਰ ਐੱਗ ਰੋਲ ਦੀ ਪ੍ਰੰਪਰਾ 1878 ਵਿੱਚ ਉਸ ਵਕਤ ਦੇ ਰਾਸ਼ਟਰਪਤੀ ਰਦਰਫੋਰਡ ਬੀ ਹੇਜ਼ ਵੱਲੋਂ ਸ਼ੁਰੂ ਕੀਤੀ ਗਈ ਸੀ।

## ਕੈਨੇਡਾ ਦੇ ਫ਼ੌਜੀ ਪੋਲੈਂਡ ਵਿਚ ਯੂਕਰੇਨੀ ਸ਼ਰਨਾਰਥੀਆਂ ਦੀ ਮੱਦਦ ਕਰਨਗੇ

ਰੀਜਾਈਨਾ (ਪੰਜਾਬੀ ਅਖ਼ਬਾਰ ਬਿਊਰੋ) ਲਗਪਗ ਦੋ ਮਹੀਨੇ ਪਹਿਲਾਂ ਰੂਸ ਵੱਲੋਂ ਯੂਕਰੇਨ ਨਾਲ ਸ਼ੁਰੂ ਕੀਤੇ ਗਏ ਯੁੱਧ ਤੋਂ ਬਾਅਦ ਯੂਕਰੇਨ ਦੇ ਲੱਖਾਂ ਸ਼ਰਨਾਰਥੀ ਦੇਸ਼ ਤੋਂ ਬਾਹਰ ਬੈਠੇ ਹਨ। ਕੈਨੇਡਾ ਵੱਲੋਂ ਲਗਾਤਾਰ ਯੂਕਰੇਨ ਦੀ ਮੱਦਦ ਕੀਤੀ ਜਾ ਰਹੀ ਹੈ ਅਤੇ ਆਪਣੇ ਦਰਵਾਜ਼ੇ ਯੂਕਰੇਨ ਦੇ ਸ਼ਰਨਾਰਥੀਆਂ ਲਈ ਖੋਲ੍ਹੇ ਗਏ ਹਨ। ਇਸੇ ਕੜੀ ਤਹਿਤ ਇੱਕ ਕਦਮ ਹੋਰ ਅੱਗੇ ਵਧਦਿਆਂ ਕੈਨੇਡਾ ਵੱਲੋਂ ਆਪਣੇ 150



ਸੈਨਿਕ ਪੋਲੈਂਡ ਭੇਜੇ ਜਾ ਰਹੇ ਹਨ, ਜਿੱਥੇ ਉਨ੍ਹਾਂ ਵੱਲੋਂ ਯੂਕਰੇਨ ਦੇ ਸ਼ਰਨਾਰਥੀਆਂ ਦੀ ਮੱਦਦ ਕੀਤੀ ਜਾਵੇਗੀ। ਇਹ ਐਲਾਨ ਰੱਖਿਆ ਮੰਤਰੀ ਅਨੀਤਾ ਆਨੰਦ ਵੱਲੋਂ ਟਰੈਂਟਨ ਵਿਖੇ ਸਥਿਤ ਕੈਨੇਡੀਅਨ ਫੋਰਸ ਬੇਸ ਤੋਂ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਪੋਲੈਂਡ ਵਿਖੇ ਭੇਜੇ ਜਾ ਰਹੇ ਸੈਨਿਕਾਂ ਚੋਂ ਜ਼ਿਆਦਾਤਰ ਐਡਮਿੰਟਨ ਅਤੇ ਕਿੰਗਸਟਨ ਤੋਂ ਹੋਣਗੇ। ਵਰਣਨਯੋਗ ਹੈ ਕਿ ਰੂਸ ਵੱਲੋਂ ਯੁੱਧ ਛੇੜੇ ਜਾਣ ਤੋਂ ਬਾਅਦ ਲਗਪਗ ਪੌਣੇ ਪੰਜ ਮਿਲੀਅਨ ਯੂਕਰੇਨੀ ਨਾਗਰਿਕ ਸ਼ਰਨ ਲੈਣ ਲਈ ਗੁਆਂਢੀ ਦੇਸ਼ਾਂ ਵਿੱਚ ਪਹੁੰਚੇ ਹੋਏ ਹਨ।



















